ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਪੂਰਬੀ) : ਸਪੀਕਰ ਸਾਹਿਬ, ਸੱਚਰ ਸਾਹਿਬ ਨੇ ਬੜੇ ਵਿਸਤਾਰ ਦੇ ਵਿਚ ਇਹ ਜਿਹੜੀ ਆਫ਼ਤ ਪੰਜਾਬ ਤੇ ਆ ਗਈ ਹੈ ਕਿਹਾ ਹੈ। ਉਨ੍ਹਾਂ ਨੇ ਦਸਿਆ ਹੈ ਕਿ ਇਹ ਜਿਹੜਾ ਮਸਲਾ ਹੈ ਉਹ ਕਿਸੇ ਇਕ ਪਾਰਟੀ ਦਾ ਨਹੀਂ ਬਲਕਿ ਸਾਰਿਆਂ ਲੋਕਾਂ ਦਾ ਸਾਂਝਾ ਹੈ ਅਤੇ ਸਭ ਨੇ ਮਿਲਕੇ ਇਸਨੂੰ ਹੱਲ ਕਰਨਾ ਹੈ। ਸਪੀਕਰ ਸਾਹਿਬ, ਆਪੋਜ਼ੀਸ਼ਨ ਵਲੋਂ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਹਰ ਵਕਤ ਉਨ੍ਹਾਂ ਦੀ ਮਦਦ ਕਰਨ ਲਈ ਤਿਆਰ ਹਾਂ। ਮੈਂ ਉਮੀਦ ਕਰਦਾ ਹਾਂ ਕਿ ਜਿਹੜੇ ਖਿਆਲਾਤ ਉਨ੍ਹਾਂ ਨੇ ਜਿਥੇ ਇਸ ਹਾਊਸ ਦੇ ਵਿਚ ਰਖੇ ਹਨ ਉਨ੍ਹਾਂ ਖਿਆਲਾਤ ਦੇ ਨਾਲ ਉਨ੍ਹਾਂ ਦੀ ਹਕੂਮਤ ਅਤੇ ਉਸਦੇ ਕਰਮਚਾਰੀ ਭੀ ਸਹਿਮਤ ਹੋਣਗੇ ਅਤੇ ਜੋ co-operation ਉਨ੍ਹਾਂ ਨੇ ਸਾਥੋਂ ਮੰਗੀ ਹੈ ਉਨ੍ਹਾਂ ਦੇ ਕਰਮਚਾਰੀ ਵੀ ਜਿਹੜੇ ਜ਼ਿਲਿਆਂ ਦੇ ਵਿਚ ਹਨ ਸਾਡੇ ਕੋਲੋਂ ਲੈਣਗੇ ਅਤੇ ਮੰਗਣਗੇ।

ਜਿਹੜੇ ਅਦਾਦੋ ਸ਼ੁਮਾਰ ਚੀਫ਼ ਮਿਨਿਸਟਰ ਸਾਹਿਬ ਨੇ ਦਸੇ ਹਨ ਮੈਂ ਸਮਝਦਾ ਹਾਂ ਕਿ ਉਹ ਠੀਕ ਹਨ ਲੋਕਾਂ ਉਤੇ ਜਿਹੜੀ ਇਹ ਆਫ਼ਤ ਆਈ ਹੈ ਅਤੇ ਜਿਹੜੀ ਇਹ ਨਾਗਹਾਨੀ ਮੁਸੀਬਤ ਪੈ ਗਈ ਹੈ ਉਹ ਬੜੀ ਭਾਰੀ ਹੈ। ਮੇਰਾ ਖਿਆਲ ਹੈ ਕਿ ਲੋਕਾਂ ਪਾਸੋਂ ਇਹ ਖੁਦ ਹੱਲ ਨਹੀਂ ਹੋ ਸਕੇਗੀ। ਇਸ ਲਈ ਸਪੀਕਰ ਸਾਹਿਬ, ਮੈਂ ਆਪ ਦੇ ਜ਼ਰੀਏ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜੇਕਰ ਉਹ Land Mortgage Bank ਖੋਲ੍ਹ ਦੇਣ ਜਿਸਦੇ ਰਾਹੀਂ ਜ਼ਿਮੀਂਦਾਰ ਆਪਣੀਆਂ ਜ਼ਮੀਨਾਂ ਨੂੰ ਗਹਿਣੇ ਰਖ ਕੇ ਕਰਜ਼ਾ ਲੈ ਸਕਣ ਤਾਂ ਇਹ ਮੁਸੀਬਤ ਕੁਝ ਟਲ ਸਕਦੀ ਹੈ। ਕਿਸੇ ਨੂੰ ਦੋ ਹਜ਼ਾਰ ਦੀ ਲੋੜ ਹੈ ਕਿਸੇ ਨੂੰ ਤਿੰਨ ਹਜ਼ਾਰ ਚਾਹੀਦਾ ਹੈ ਜੇਕਰ ਇਹ Bank ਜਲਦੀ ਤੋਂ ਜਲਦੀ ਖੋਲ੍ਹੇ ਜਾਣ ਤਾਂ ਲੋਕ ਕਰਜ਼ਾ ਲੈ ਸਕਣਗੇ। ਮੈਂ ਕਹਿੰਦਾ ਹਾਂ ਕਿ ਜਦੋਂ ਤਕ ਇਹ ਸਹੂਲਤ ਲੋਕਾਂ ਨੂੰ ਨਹੀਂ ਦਿਤੀ ਜਾਂਦੀ ਉਸ ਵੇਲੇ ਤਕ ਇਹ ਜੋ ਸਰਕਾਰੀ ਇਮਦਾਦ ਹੈ ਉਹ ਲੋਕਾਂ ਦੇ ਮਸਲਿਆਂ ਨੂੰ ਹੱਲ ਨਹੀਂ ਕਰ ਸਕੇਗੀ। ਫੇਰ ਸਪੀਕਰ ਸਾਹਿਬ, ਕਈ ਜ਼ਿਮੀਂਦਾਰ ਐਸੇ ਹਨ ਜਿਨ੍ਹਾਂ ਦੇ ਪਾਸ ਕੁਝ ਵੀ ਨਹੀਂ। ਨਾ ਤੇ ਉਨ੍ਹਾਂ ਦੇ ਪਾਸ ਕਪੜਾ ਹੈ ਨਾ ਪੈਸਾ ਅਤੇ ਨਾ ਉਨ੍ਹਾਂ ਦੇ ਪਾਸ ਖਾਣ ਲਈ ਕੁਝ ਹੈ ਇਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਉਨ੍ਹਾਂ ਦੀ ਇਮਦਾਦ ਲਈ ਅੱਗੇ ਆਵੇ ਅਤੇ Land Mortgage Bank ਛੇਤੀ ਤੋਂ ਛੇਤੀ ਚਾਲੂ ਕੀਤੇ ਜਾਣ ਤਾਂ ਜੋ ਲੋਕ ਜ਼ਮੀਨ ਗਹਿਣੇ ਰਖ ਕੇ ਕਰਜ਼ਾ ਲੈ ਸਕਣ ਅਤੇ ਇਹ ਜਿਹੜੀ ਨਾਗਹਾਨੀ ਆਫ਼ਤ ਉਨ੍ਹਾਂ ਤੇ ਆਈ ਹੈ ਉਸਨੂੰ ਦੂਰ ਕਰ ਸਕਨ।

ਦੂਸਰੀ ਚੀਜ਼ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰੀ ਇਮਦਾਦ ਦੀ ਜੋ ਵੰਡ ਹੈ ਉਹ ਮੁਨਾਸਬ ਤਰੀਕੇ ਨਾਲ ਹੋਣੀ ਚਾਹੀਦੀ ਹੈ। ਕਿਤੇ ਐਸਾ ਨਾ ਹੋਵੇ ਕਿ ਇਹ ਜੋ ਇਮਦਾਦ ਹੈ ਉਸਨੂੰ anti social elements ਹੀ ਖਾ ਜਾਣ ਅਤੇ ਹਕੂਮਤ ਦਾ ਜਿਹੜਾ ਮਨਸ਼ਾ ਹੈ ਕਿ ਜ਼ਰੂਰਤ-ਮੰਦ ਲੋਕਾਂ ਨੂੰ ਮਦਦ ਪਹੁੰਚੇ ਉਹ ਪੂਰਾ ਨਾ ਹੋਵੇ ਅਤੇ ਉਹ ਇਸਤੋਂ ਬਗ਼ੈਰ ਹੀ ਰਹਿ ਜਾਣ। ਇਸ ਲਈ ਮੇਰੀ ਇਹ ਰਾਇ ਹੈ ਕਿ ਜਿਸ ਪਿੰਡ ਨੂੰ ਇਮਦਾਦ ਦੇਣੀ ਹੋਵੇ ਉਹ ਉਥੇ ਹੀ ਜਾਕੇ ਦਿਤੀ ਜਾਵੇ। ਉਸ ਪਿੰਡ ਦੇ ਵਿਚ ਜਾਕੇ ਉਸਦੀ ਪੰਚਾਇਤ ਨੂੰ ਬੁਲਾਕੇ ਅਤੇ ਸਭ ਲੋਕਾਂ ਨੂੰ ਇਕੱਠਾ ਕਰਕੇ ਉਨ੍ਹਾਂ ਕੋਲੋਂ

[ਸਰਦਾਰ ਸਰੂਪ ਸਿੰਘ]
ਪੁਛਿਆ ਜਾਵੇ ਅਤੇ ਰਾਇ ਲੀਤੀ ਜਾਵੇ ਕਿ ਕਿਹੜਾ ੨ ਆਦਮੀ ਇਮਦਾਦ ਲੈਣ ਦਾ ਹੱਕਦਾਰ ਹੈ ਫੇਰ ਇਹ ਤਕਸੀਮ ਕੀਤੀ ਜਾਵੇ। ਜੇਕਰ ਸਪੀਕਰ ਸਾਹਿਬ, ਇਸ ਤਰ੍ਹਾਂ ਨਾ ਕੀਤਾ ਗਿਆ ਅਤੇ ਇਹ ਇਮਦਾਦ ਦਫ਼ਤਰਾਂ ਵਿਚ ਬੈਠ ਕੇ ਹੀ ਵੰਡੀ ਗਈ ਤਾਂ ਮੇਰਾ ਖਿਆਲ ਹੈ ਕਿ ਇਹ ਜ਼ਾਇਆ ਜਾਵੇਗੀ।

ਇਸਦੇ ਇਲਾਵਾ ਸਪੀਕਰ ਸਾਹਿਬ, ਮੇਰਾ ਸੁਝਾਵ ਹੈ ਕਿ ਜਿਹੜੀਆਂ ਜ਼ਿਲਾ public relations committees ਹਨ ਉਨ੍ਹਾਂ ਦੀ ਹਰ ਹਫ਼ਤਾ meeting ਹੋਣੀ ਚਾਹੀਦੀ ਹੈ ਤਾਕਿ ਜ਼ਿਲੇ ਦੇ M.L.As. ਉਸ ਜ਼ਿਲਾ ਦੇ Deputy Commissioner ਅਤੇ ਦਸਰੇ ਅਫ਼ਸਰਾਂ ਨੂੰ ਲੋਕਾਂ ਦੀਆਂ ਤਕਲੀਫ਼ਾਂ ਦੱਸ ਸਕਣ ਅਤੇ ਰਾਇ ਦੇ ਸਕਣ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦੇ ਨਾਲ ਮਿਲ ਕੇ ਲੋਕਾਂ ਦੀਆਂ ਮੁਸ਼ਕਲਾਤ ਨੂੰ ਹੱਲ ਕਰ ਸਕਣ। ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਹੋਇਆ ਪਰ ਹੁਣ ਇਹ ਚੀਜ਼ ਜ਼ਰੂਰ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਸਤੋਂ ਇਲਾਵਾ ਮੇਰੀ ਇਕ ਹੋਰ ਅਰਜ਼ ਹੈ ਕਿ ਇਹ ਜਿਹੜੇ ਸਰਕਾਰ ਦਰਿਆਵਾਂ ਉਤੇ ਬੰਨ੍ਹ ਲਗਾ ਰਹੀ ਹੈ ਇਸਦੇ ਬਾਰੇ ਵਿਚ Judicial enquiry ਕੀਤੀ ਜਾਵੇ ਕਿ ਇਹ ਬੰਨ੍ਹ ਜੋ ਬਣ ਰਹੇ ਹਨ ਵਾਕਈ ਠੀਕ ਬਣ ਰਹੇ ਹਨ ਜਾਂ ਕਿ ਨਹੀਂ। ਜੇਕਰ ਇਹ ਠੀਕ ਬਣਦੇ ਹਨ ਤਾਂ ਆਇਆ ਇਹ ਮੁਫ਼ੀਦ ਸਾਬਤ ਹੁੰਦੇ ਹਨ? ਸਪੀਕਰ ਸਾਹਿਬ, ਇਹ ਦੇਖਣ 'ਚ ਆਇਆ ਹੈ ਕਿ ਇਹ ਜੋ ਬੰਨ੍ਹ ਹਨ ਇਨ੍ਹਾਂ ਨੇ ਬਾਰਿਸ਼ ਦੇ ਪਾਣੀ ਨੂੰ ਰੋਕ ਕੇ ਜ਼ਮੀਨ ਦੀ ਸਤ੍ਹਾ ਤੇ ਪੰਜ ੨ ਦਸ ੨ ਫੁਟ ਪਾਣੀ ਚੜ੍ਹਾਕੇ ਹੜ੍ਹ ਲਿਆਂਦੇ ਹਨ ਅਤੇ ਐਨੀ ਤਬਾਹੀ ਕੀਤੀ ਹੈ। ਲੋਕਾਂ ਦਾ ਇਹ ਕਹਿਣਾ ਹੈ ਕਿ ਜੇਕਰ ਇਹ ਬਨ੍ਹ ਨਾ ਹੁੰਦੇ ਤਾਂ ਐਨਾ ਨੁਕਸਾਨ ਨਾ ਹੁੰਦਾ। ਸਪੀਕਰ ਸਾਹਿਬ, ਅੰਮ੍ਰਿਤਸਰ ਸ਼ਹਿਰ ਦੀ ਪਿਛਲੀ 300 ਸਾਲ ਦੀ ਹਿਸਟਰੀ ਦੇ ਵਿਚ ਅੱਜ ਤਕ ਕਦੇ ਵੀ ਸ਼ਹਿਰ ਦੇ ਵਿਚ ਨੌਂ ਅਤੇ ਦਸ ੨ ਫੁਟ ਪਾਣੀ ਨਹੀਂ ਆਇਆ, ਸ਼ਹਿਰ ਦੇ ਵਿਚ ਇਹ ਆਮ ਚਰਚਾ ਹੈ ਕਿ ਨਹਿਰ ਟੁਟ ਕੇ ਸ਼ਹਿਰ ਦੇ ਵਿਚ ਵਗਦੀ ਰਹੀ ਹੈ ਅਤੇ ਉਸਦਾ ਪਾਣੀ ਹੀ ਸ਼ਹਿਰ ਦੇ ਵਿਚ ਜਮਾਂ ਹੋਇਆ ਹੈ। ਸਪੀਕਰ ਸਾਹਿਬ, ਇਹ ਜੋ ਇਲਜ਼ਾਮ ਲਗਾਏ ਗਏ ਹਨ ਉਨ੍ਹਾਂ ਦੀ light ਵਿਚ ਮੈਂ ਹਕੂਮਤ ਦੇ ਅੱਗੇ ਬੇਨਤੀ ਕਰਦਾ ਹਾਂ ਕਿ ਇਸ ਚੀਜ਼ ਦੀ Judicial enquiry ਕੀਤੀ ਜਾਵੇ। ਜੇਕਰ ਇਹ ਚੀਜ਼ ਗ਼ਲਤ ਹੈ ਤਾਂ ਇਸਦੀ ਤਰਦੀਦ ਕੀਤੀ ਜਾਵੇ ਅਤੇ ਜੇਕਰ ਇਹ ਠੀਕ ਹਨ ਤਾਂ ਇਹ ਇਕ serious ਚੀਜ਼ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਚੀਜ਼ ਦਾ serious notice ਲਵੇ ਕਿ ਕਿਸ ਨੇ corruption ਕੀਤੀ ਹੈ। ਸਪੀਕਰ ਸਾਹਿਬ, ਸਾਰੇ ਸ਼ਹਿਰ ਦੇ ਵਿਚ ਹਾਹਾਕਾਰ ਮਚਿਆ ਹੋਇਆ ਹੈ, ਬੇਸ਼ੁਮਾਰ ਆਦਮੀ ਮਰ ਗਏ ਹਨ ਅਤੇ ਲੱਖਾਂ ਰੁਪਈਆਂ ਦਾ ਸਾਮਾਨ ਜ਼ਾਇਆ ਹੋ ਗਿਆ ਹੈ। ਇਸ ਲਈ ਸਪੀਕਰ ਸਾਹਿਬ, ਇਨ੍ਹਾਂ ਚੀਜ਼ਾਂ ਦੀ ਤਰਫ਼ ਸਰਕਾਰ ਦਾ ਧਿਆਨ ਦਿਵਾਉਂਦਾ ਹੋਇਆ ਮੈਂ ਬੈਠਦਾ ਹਾਂ ਅਤੇ ਜ਼ਿਆਦਾ ਸਮਾਂ ਨਹੀਂ ਲੈਂਦਾ।

ਸਰਦਾਰ ਮੋਹਨ ਸਿੰਘ (ਤਰਨਤਾਰਨ) : ਸਪੀਕਰ ਸਾਹਿਬ, ਇਸ ਸੰਬੰਧ ਵਿਚ ਸਾਡੇ ਚੀਫ ਮਿਨਿਸਟਰ ਸਾਹਿਬ ਨੇ ਬਹੁਤ ਸਾਰੀਆਂ ਗਲਾਂ ਦਸੀਆਂ ਹਨ ਅਤੇ ਉਹ ਇਸ ਮੁਸ਼ਕਲ ਦੇ ਸਮੇਂ ਦੇ ਵਿਚ ਲਕਾਂ ਨੂੰ ਕਾਫ਼ੀ ਢਾਰਸ ਬੰਧਾਣ ਵਾਲੀਆਂ ਹਨ। ਮੈਂ ਵੀ ਇਸ ਸੰਬੰਧ ਵਿਚ ਕੁਝ ਤਜਵੀਜ਼ਾਂ ਉਨ੍ਹਾਂ ਦੀ ਸੇਵਾ ਦੇ ਵਿਚ ਰਖਣੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿੰਨੀ ਇਮਦਾਦ ਇਹ ਲੋਕਾਂ ਦੀ ਕਰਨੀ ਚਾਹੁੰਦੇ ਹਨ ਉਹ ਉਸ ਤਰ੍ਹਾਂ ਦੀ ਨਾ ਕਰਨ ਜਿਸ ਤਰ੍ਹਾਂ ਪਾਕਿਸਤਾਨ ਤੋਂ ਆਏ ਹੋਏ ਲੋਕਾਂ ਦੀ ਕੀਤੀ ਸੀ। ਉਸ ਇਮਦਾਦ ਨੂੰ ਸਪੀਕਰ ਸਾਹਿਬ, ਵਿਚਲੇ ਆਦਮੀ ਯਾਨੀ intermediaries ਮਿਸਾਲ ਦੇ ਤੌਰ ਤੇ ਰਿਪੋਰਟ ਕਰਨ ਵਾਲੇ, ਰਿਪੋਰਟ ਉਤੇ ਸਿਫ਼ਾਰਿਸ਼ ਕਰਨ ਵਾਲੇ ਅਤੇ ਫੇਰ ਉਸਨੂੰ forward ਕਰਨ ਵਾਲੇ ਹੀ ਕਮੀਸ਼ਨ ਦੀ ਸ਼ਕਲ ਵਿਚ ਖਾ ਗਏ ਸਨ। ਇਸ ਲਈ ਮੈਨੂੰ ਡਰ ਹੈ ਕਿ ਕਿਤੇ ਹੁਣ ਵੀ ਉਸੇ ਤਰ੍ਹਾਂ ਨਾ ਹੋਵੇ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਿਹੜੀ ਇਮਦਾਦ ਹੈ ਉਹ ਸਿੱਧੀ ਜਿਸਦੇ ਪਾਸ ਪਹੁੰਚਣੀ ਚਾਹੀਦੀ ਹੈ ਭੇਜਣ ਦਾ ਪ੍ਰਬੰਧ ਕੀਤਾ ਜਾਵੇ।

ਫੇਰ ਸਪੀਕਰ ਸਾਹਿਬ, ਇਥੇ ਦਸਿਆ ਗਿਆ ਹੈ ਕਿ ਮਾਲੀਆ ਮੁਆਫ਼ ਕਰ ਦਿਤਾ ਜਾਵੇਗਾ, ਇਹ ਬੜੀ ਚੰਗੀ ਚੀਜ਼ ਹੈ। ਪਰ ਮੈਂ ਇਸ ਸਿਲਸਿਲੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਮੁਆਫ਼ੀ ਤੁਸੀਂ ਕਰਨੀ ਹੈ ਉਹ ਤੁਸੀਂ ਹੁਣੇ ਹੀ ਕਰ ਦੇਵੋ। ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਤੁਸੀਂ ਤਾਂ ਖਰਾਬੇ ਦੀਆਂ ਗਿਰਦਾਵਰੀਆਂ ਕਰਾਂਦੇ ਫਿਰੋ ਪਰ ਲੋਕ ਇਮਦਾਦ ਦੀ ਉਡੀਕ ਵਿਚ ਭੁਖੇ ਹੀ ਮਰ ਜਾਣ। ਇਸਦਾ ਕੋਈ ਫ਼ਾਇਦਾ ਨਹੀਂ ਹੋਵੇਗਾ ਕਿਉਂਕਿ ਇਹ ਜਿਹੜੇ ਖਰਾਬੇ ਦੀਆਂ ਲਿਸਟਾਂ ਬਨਾਣ ਵਾਲੇ ਹੋਣਗੇ ਉਹ ਹੀ ਸਾਰੀ ਇਮਦਾਦ ਨੂੰ ਖਾ ਜਾਣਗੇ। ਦੂਸਰੀ ਚੀਜ਼, ਸਪੀਕਰ ਸਾਹਿਬ, ਇਹ ਹੈ ਕਿ ਜਿਸ ਫਸਲ ਦਾ ਮਾਲੀਆ ਮੁਆਫ਼ ਕਰਨਾ ਹੈ ਚਾਹੇ ਸਾਰਾ ਮੁਆਫ਼ ਕਰਨਾ ਹੈ, ਅੱਧਾ ਕਰਨਾ ਹੈ $\frac{3}{4}$ ਕਰਨਾ ਹੈ ਚਾਹੇ ਨਹੀਂ ਕਰਨਾ ਉਹ ਸਾਰਾ ਫ਼ੈਸਲਾ ਤੁਸੀਂ ਇਥੇ ਹੀ ਕਰ ਦਿਉ ਅਤੇ ਪੱਕੀ ਤਰ੍ਹਾਂ ਦੇ ਨਾਲ ਕਰ ਦਿਉ। ਬਾਅਦ ਦੇ ਵਿਚ ਇਹ ਨਾ ਹੋਵੇ ਕਿ ਪਹਿਲਾਂ ਪਟਵਾਰੀ ਰਿਪੋਰਟ ਕਰੇ ਫੇਰ ਉਹ ਜ਼ਿਲਾਦਾਰ ਦੇ ਕੋਲ ਪੜਤਾਲ ਲਈ ਜਾਵੇ। ਜ਼ਿਲਾਦਾਰ ਉਸਨੂੰ S. D. O. ਦੇ ਪਾਸ ਭੇਜੇ ਅਤੇ ਅਖੀਰ ਦੇ ਵਿਚ XEN ਦੇ ਕੋਲ ਮਨਜ਼ੂਰੀ ਲਈ ਜਾਵੇ, ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਲੋਕਾਂ ਨੂੰ ਮੁਆਫ਼ੀ ਨਹੀਂ ਮਿਲ ਸਕੇਗੀ। ਜਿਹੜਾ ਕੁਝ ਤੁਸੀਂ ਕਰਨਾ ਹੈ ਉਹ ਤੁਸੀਂ straightaway ਇਥੇ ਹੀ ਕਰ ਦਿਉ ਤਾਂ ਜੋ ਅਸੀਂ ਜਾਕੇ ਲੋਕਾਂ ਨੂੰ ਦੱਸ ਸਕੀਏ ਕਿ ਅਸੀਂ ਤੁਹਾਡੇ ਲਈ ਕੀ ਕੁਝ ਕੀਤਾ ਹੈ।

ਇਸਤੋਂ ਬਾਅਦ, ਸਪੀਕਰ ਸਾਹਿਬ, ਇਥੇ grants ਦੇਣ ਦੇ ਮੁਤਅੱਲਕ ਕਿਹਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਠੀਕ ਹੈ। ਪਰ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਉਹ landless ਆਦਮੀਆਂ ਨੂੰ ਦਿਤੀ ਜਾਵੇਗੀ ਛੋਟੇ ਜਿਹੜੇ ਮਾਲਿਕ ਹਨ ਜਿਨ੍ਹਾਂ ਦੀ ਹਾਲਤ.............

मुख्य मन्त्री : मैं ने यह नहीं कहा है ।

ਸਰਦਾਰ ਮੋਹਨ ਸਿੰਘ : ਕੀ ਉਨ੍ਹਾਂ ਨੂੰ ਵੀ ਮਿਲੇਗੀ ?

Chief Minister : *Yes.*

ਸਰਦਾਰ ਮੋਹਨ ਸਿੰਘ : ਤਾਂ ਫੇਰ ਇਸਦੀ ਵਜ਼ਾਹਤ ਕਰ ਦਿਉ ਕਿ ਉਨ੍ਹਾਂ ਨੂੰ ਵੀ ਮਿਲੇਗੀ।

ਵਿਕਾਸ ਮੰਤਰੀ : ਕਰਾਂਗੇ।

ਸਰਦਾਰ ਮੋਹਨ ਸਿੰਘ : ਫੇਰ ਸਪੀਕਰ ਸਾਹਿਬ, ਦੋ ਕਰੋੜ ਰੁਪਇਆ ਤਕਾਵੀ ਦੇਣ ਲਈ ਮਨਜ਼ੂਰ ਕੀਤਾ ਗਿਆ ਹੈ। ਉਸਦੇ ਸੰਬੰਧ ਦੇ ਵਿਚ ਮੇਰੀ ਬੇਨਤੀ ਹੈ ਕਿ ਤਕਾਵੀ ਦਾ ਜਿਹੜਾ ਸੂਦ ਹੈ ਉਹ ਬਹੁਤ ਜ਼ਿਆਦਾ ਹੁੰਦਾ ਹੈ।

ਵਿਕਾਸ ਮੰਤਰੀ : ਇਹ ਤਾਂ ਬਾਅਦ ਦੀਆਂ ਗੱਲਾਂ ਹਨ, ਇਸਨੂੰ ਤੁਸੀਂ ਚਲਣ ਦਿਉ।

ਸਰਦਾਰ ਮੋਹਨ ਸਿੰਘ : ਮੈਨੂੰ ਤੁਸੀਂ ਅਰਜ਼ ਕਰ ਲੈਣ ਦਿਉ ਤੁਸੀਂ ਬੇਸ਼ੱਕ ਬਾਅਦ ਦੇ ਵਿਚ ਕਰਦੇ ਰਿਹ। ਹਾਂ, ਤਾਂ ਸਪੀਕਰ ਸਾਹਿਬ, ਮੈਂ ਤਕਾਵੀ ਦੇ ਬਾਰੇ ਵਿਚ ਅਰਜ਼ ਕਰ ਰਿਹਾ ਸੀ ਕਿ ਜੋ ਬੀਜ ਲਈ ਹੁਣ ਦਿਤਾ ਜਾਵੇ ਉਸਦੇ ਉਤੇ ਹਾੜੀ ਦੀ ਫਸਲ ਤਕ ਕੋਈ interest ਨਾ ਲਗਾਇਆ ਜਾਵੇ ਅਤੇ ਜਿਹੜੀ ਦੂਜੀ ਤਕਾਵੀ ਹੈ ਉਸਦੇ ਉਤੇ ਆਉਂਦੀ ਸਾਉਣੀ ਦੀ ਫ਼ਸਲ ਤਕ ਕੋਈ interest ਨਾ ਲਗੇ। ਜੇਕਰ ਇਸ ਤਰਾਂ ਕੀਤਾ ਜਾਵੇ ਤਾਂ ਮੇਰਾ ਖਿਆਲ ਹੈ ਕਿ ਇਹ ਮਾਮਲਾ ਠੀਕ ਹੋ ਸਕਦਾ ਹੈ।

ਇਸ ਸੰਬੰਧ ਵਿਚ ਮੈਂ ਇਕ ਹੋਰ ਤਜਵੀਜ਼ ਪੇਸ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ floods ਆ ਜਾਣ ਦੇ ਕਾਰਨ ਜਿਥੇ ਜਿਥੇ ਟੁਟ ਜਾਂਦੀਆਂ ਹਨ ਉਥੇ ਪੁਲੀਆਂ ਬਣਾ ਦਿਤੀਆਂ ਜਾਣ ਤਾਂ ਜੋ ਆਇੰਦਾ ਇਹ ਸੜਕਾਂ ਟੁਟਨ ਤੋਂ ਬਚ ਜਾਣ ਤ ਸਰਕਾਰ ਨੂੰ ਘੜੀ ਮੁੜੀ ਰੁਪਿਆ ਮੁਰੰਮਤਾਂ ਤੇ ਖਰਚ ਨਾ ਕਰਨਾ ਪਏ। ਇਸਦੇ ਇਲਾਵਾ ਮੈਂ ਸਰਕਾਰ ਦਾ ਧਿਆਨ ਉਨ੍ਹਾਂ ਕਾਰਖਾਨਿਆਂ ਵਲ ਦੁਆਉਣਾ ਚਾਹੁੰਦਾ ਹਾਂ ਜਿਹੜੇ ਹੜ੍ਹ ਆਉਣ ਦੇ ਕਾਰਨ ਤਬਾਹ ਹੋ ਗਏ ਹਨ। ਮਿਸਾਲ ਦੇ ਤੌਰ ਤੇ

[ਸਰਦਾਰ ਮੋਹਨ ਸਿੰਘ]
ਤਰਨਤਾਰਨ ਵਿਚ ਸਾਰੇ ਕਾਰਖਾਨੇ ਬਰਬਾਦ ਹੋ ਗਏ ਹਨ । ਗਵਰਨਮੈਂਟ ਨੂੰ ਇਨ੍ਹਾਂ ਦਿਆਂ ਮਾਲਕਾਂ ਨੂੰ ਮਾਲੀ ਸਹਾਇਤਾ ਦੇਣ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ । ਇਹ ਰੁਪਿਆ Industial Finance Corporation ਵਲੋਂ ਦੇਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਉਹ ਆਪਣੇ ਕਾਰਖਾਨੇ ਚਲਾਣ ਦੇ ਜੋਗ ਹੋ ਜਾਣਗੇ ਤੇ ਜ਼ਿਮੀਂਦਾਰਾਂ ਦੀ ਕਪਾਹ ਵੇਲ ਸਕਣਗੇ । ਗਵਰਨਮੈਂਟ ਵਲੋਂ ਇਸ ਸੰਬੰਧ ਵਿਚ ਕੋਈ ਐਲਾਨ ਨਹੀਂ ਕੀਤਾ ਗਿਆ ਤੇ ਮੈਂ ਸਮਝਦਾ ਹਾਂ ਕਿ ਇਸ ਬਾਰੇ ਵਿਚ ਜ਼ਰੂਰ ਕੋਈ ਨਾ ਕੋਈ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ।

ਪ੍ਰਧਾਨ ਜੀ, ਹੁਣ ਮੈਂ drains ਦੇ ਮੁਤਅੱਲਕ ਜ਼ਿਕਰ ਕਰਦਾ ਹਾਂ । ਪਿਛੇ ਜਿਹੇ ਜਦੋਂ ਸਾਡੀ ਸਰਕਾਰ drains ਦੇ ਸੰਬੰਧ ਵਿਚ ਕੋਈ ਸਕੀਮ ਲਾਗੂ ਕਰਨ ਦੀ ਗੱਲ ਬਾਤ ਕਰਦੀ ਸੀ ਤਾਂ ਸਾਡੇ ਵਿਚੋਂ ਬਹੁਤ ਸਾਰੇ ਮੈਂਬਰ ਇਸ ਗੱਲ ਦੀ ਹਿਮਾਇਤ ਕਰਦੇ ਸਨ । ਹੁਣ ਜਦੋਂ ਪਿੰਡਾਂ ਵਿਚ ਬਾੜ੍ਹ ਆਈ ਹੈ ਤਾਂ ਹਰ ਇਕ ਪਿੰਡ ਦਿਆਂ ਲੋਕਾਂ ਦੀ ਖਾਹਿਸ਼ ਹੈ ਕਿ ਉਥੋਂ ਦੇ ਪਾਣੀ ਨੂੰ ਕਢਣ ਦੀ ਕੋਸ਼ਿਸ਼ ਕੀਤੀ ਜਾਏ । ਇਸ ਲਈ ਮੈਂ ਤਜਵੀਜ਼ ਕਰਦਾ ਹਾਂ ਕਿ ਹਰ ਪਿੰਡ ਦੀ ਪੰਚਾਇਤ ਕੋਲ ਜਿਹੜੇ funds ਹੁੰਦੇ ਹਨ, ਕਿਸੇ ਕੋਲ 500 ਰੁਪਿਆ ਕਿਸੇ ਕੋਲ 600 ਰੁਪਿਆ ਤੇ ਕਿਸੇ ਕੋਲ 1000 ਰੁਪਿਆ—ਜੇ ਉਨ੍ਹਾਂ ਨੂੰ ਇਕੱਠਾ ਕਰਕੇ ਸਰਕਾਰ ਲੋਕਾਂ ਨੂੰ ਹੁਕਮ ਦੇਵੇ ਕਿ ਪਾਣੀ ਨੂੰ main ਨਾਲਿਆਂ ਵਿਚ ਪਹੁੰਚਾਣ ਦਾ ਪ੍ਰਬੰਧ ਕਰੋ ਤਾਂ ਲੋਕ ਖੁਸ਼ੀ ਤੇ ਸਰਗਰਮੀ ਨਾਲ ਇਹ ਕੰਮ ਕਰਨ ਨੂੰ ਤਿਆਰ ਹੋਣਗੇ ।

ਇਸਦੇ ਬਾਅਦ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੜ੍ਹ ਆ ਜਾਣ ਦੇ ਕਾਰਨ ਬਹੁਤ ਸਾਰੇ ਕੱਚੇ ਕੋਠੇ ਬੈਠ ਗਏ ਹਨ । ਬਾਕੀ ਕੁਝ ਇਹੋ ਜਿਹੇ ਵੀ ਕੋਠੇ ਸਨ ਜਿਨ੍ਹਾਂ ਵਿਚ ਸ਼ਰਣਾਰਥੀ ਆਬਾਦ ਸਨ, ਤੇ ਉਹ evacuee property ਹੈ । ਪਿੰਡ ਵਿਚ ਭਾਵੇਂ ਕੋਈ ਗ਼ਰੀਬ ਤੇ ਭਾਵੇਂ ਕੋਈ ਅਮੀਰ ਆਦਮੀ ਹੈ ਉਸਦੀ ਖਾਹਿਸ਼ ਹੈ ਕਿ ਆਪਣਾ ਕੋਠਾ ਕਰਜ਼ਾ ਲੈਕੇ ਪੱਕਾ ਬਣਵਾਇਆ ਜਾਏ । ਇਸ ਲਈ ਮੈਂ ਚੌਧਰੀ ਲਹਿਰੀ ਸਿੰਘ ਸਾਹਿਬ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਇਨ੍ਹਾਂ ਲੋਕਾਂ ਦੀ ਸਹਾਇਤਾ ਲਈ ਤੇ ਉਨ੍ਹਾਂ ਨੂੰ ਨਵੇਂ ਸਿਰੇ ਤੋਂ ਆਬਾਦ ਕਰਨ ਲਈ co-operative societies ਬਣਾ ਕੇ 'no profit, no loss' ਦੇ basis ਤੇ ਭੱਠੇ ਜਾਰੀ ਕੀਤੇ ਜਾਣ । ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਇੱਟਾਂ ਰਿਆਇਤ ਨਾਲ ਮਿਲ ਸਕਣਗੀਆਂ ਤੇ ਉਨ੍ਹਾਂ ਨੂੰ ਬਹੁਤ ਫ਼ਾਇਦਾ ਹੋ ਸਕਦਾ ਹੈ ।

ਇਸ ਸਿਲਸਿਲੇ ਵਿਚ ਮੈਂ ਇਕ ਹੋਰ ਤਜਵੀਜ਼ ਰਖਣਾ ਚਾਹੁੰਦਾ ਹਾਂ । ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰੀ ਮੁਲਾਜ਼ਮਾਂ ਨੇ ਹੜ੍ਹ ਦਿਆਂ ਦਿਨਾਂ ਵਿਚ ਜਨਤਾ ਦੀ ਸੇਵਾ ਕਰਨ ਲਈ ਸਿਰਤੋੜ ਯਤਨ ਕੀਤੇ ਹਨ ਤੇ ਇਸ ਲਈ ਉਨ੍ਹਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਏ ਓਨੀ ਥੋੜ੍ਹੀ ਹੈ । ਇਸ ਸਿਲਸਿਲੇ ਵਿਚ ਜੇ ਗਵਰਨਮੈਂਟ ਉਨ੍ਹਾਂ ਨੂੰ ਅਪੀਲ ਕਰੇ ਕਿ ਉਹ ਆਪਣੀ ਇਕ ਦਿਨ ਦੀ ਤਨਖਾਹ ਇਨ੍ਹਾਂ ਮੁਸੀਬਤ ਦਿਆਂ ਮਾਰਿਆਂ ਦੀ ਮਦਦ ਲਈ contribute ਕਰਨ ਤਾਂ ਮੈਨੂੰ ਵਿਸ਼ਵਾਸ ਹੈ ਕਿ ਉਹ ਇੰਜ ਕਰਨ ਤੋਂ ਜ਼ਰਾ ਵੀ ਸੰਕੋਚ ਨਹੀਂ ਕਰਨ ਲਗੇ ਬਲਕਿ ਖੁਸ਼ੀ ਨਾਲ ਇਨ੍ਹਾਂ ਦੁਖੀਆਂ ਦੀ ਮਦਦ ਲਈ ਅੱਗੇ ਵਧਨਗੇ ।

ਮੁਖ੍ਯ ਮਨ੍ਤ੍ਰੀ : मैंबर साहिबान भी contribute करें ।

ਸਰਦਾਰ ਮੋਹਨ ਸਿੰਘ : ਜੀ ਹਾਂ । ਇਹ ਠੀਕ ਹੈ ਕਿ ਮੈਂਬਰਾਂ ਨੂੰ ਵੀ ਇਸ ਸੰਬੰਧ ਵਿਚ ਫੈਸਲਾ ਕਰਨਾ ਚਾਹੀਦਾ ਹੈ ਤਾਂ ਜੋ ਵਧ ਤੋਂ ਵਧ ਰੁਪਿਆ ਪੀੜਤ ਲੋਕਾਂ ਦੀ ਮਦਦ ਲਈ ਭੇਜਿਆ ਜਾ ਸਕੇ । ਮੈਂ ਗਵਰਨਮੈਂਟ ਦਾ ਧੰਨਵਾਦੀ ਹਾਂ ਕਿ ਉਸਨੇ ਦੁਖੀ ਲੋਕਾਂ ਦੀ ਸਹਾਇਤਾ ਲਈ ਪੂਰਾ ਪੂਰਾ ਜਤਨ ਕੀਤਾ ਹੈ ।

ਸਰਦਾਰ ਚੰਨਣ ਸਿੰਘ ਧੂਤ (ਟਾਂਡਾ) : ਸਪੀਕਰ ਸਾਹਿਬ, ਸਾਡੇ ਚੀਫ਼ ਮਿਨਿਸਟਰ ਸਾਹਿਬ ਨੇ ਪੰਜਾਬ ਦੇ ਮੌਜੂਦਾ ਹਾਲਾਤ ਤੇ ਮੁਖ਼ਤਸਰ ਜਿਹੀ ਰੋਸ਼ਨੀ ਪਾਈ ਹੈ । ਇਨ੍ਹਾਂ ਹਾਲਾਤ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਆਪਸ ਵਿਚ ਭਾਵੇਂ ਕਿੰਨੇ ਵੀ ਪੋਲੀਟੀਕਲ ਇਖਤਲਾਫ਼ਾਤ ਹੋਣ ਪਰ ਪੰਜਾਬ

ਦੀ ਤਰੱਕੀ ਲਈ ਹਰ ਪੰਜਾਬੀ ਕੋਸ਼ਿਸ਼ ਕਰੇਗਾ। ਇਸ ਵੇਲੇ ਜਦੋਂ ਪੰਜਾਬ ਦੇ ਲੋਕ ਹੜ੍ਹ ਆ ਜਾਣ ਦੇ ਕਾਰਨ ਬਰਬਾਦ ਹੋ ਗਏ ਹਨ, ਹਰ ਪੰਜਾਬੀ ਉਨ੍ਹਾਂ ਦੀ ਇਹ ਬੁਰੀ ਦਸ਼ਾ ਵੇਖਕੇ ਦੁਖ ਤੇ ਰੰਜ ਮਹਿਸੂਸ ਕਰਦਾ ਹੈ। ਇਸ ਲਈ ਅੱਜ ਦੇ ਹਾਲਾਤ ਵਿਚ ਭਾਵੇਂ ਸਾਡੇ ਆਪਸ ਵਿਚ ਕਿੰਨੇ ਵੀ ਡੂੰਘੇ ਸਿਆਸੀ ਇਖਤਲਾਫ਼ਾਤ ਹਨ ਪਰ ਅਸੀਂ ਇਨ੍ਹਾਂ ਦੁਖੀ ਲੋਕਾਂ ਦੀ ਮਦਦ ਕਰਨ ਲਈ ਗਵਰਨਮੈਂਟ ਦਾ ਪੂਰਾ ਪੂਰਾ ਸਾਥ ਦਿਆਂਗੇ। ਮੈਂ ਆਪਣੀ ਪਾਰਟੀ ਵਲੋਂ ਗਵਰਨਮੈਂਟ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਨੇ ਪੀੜਤ ਲੋਕਾਂ ਨੂੰ ਸਹਾਇਤਾ ਪਹੁੰਚਾਣ ਲਈ ਕਾਫ਼ੀ ਕੰਮ ਕੀਤਾ ਹੈ ਤੇ ਅੱਗੋਂ ਵੀ relief work ਵਿਚ ਗਵਰਨਮੈਂਟ ਨੂੰ ਆਪਣਾ ਪੂਰਾ ਪੂਰਾ ਸਹਿਯੋਗ ਦਿਆਂਗੇ। ਮੈਂ ਆਪ ਬਾੜ੍ਹ ਵਾਲਿਆਂ ਇਲਾਕਿਆਂ ਵਿਚ ਗਿਆ ਹਾਂ ਤੇ ਓਥੋਂ ਦੀ ਹਾਲਤ ਆਪਣੀ ਅੱਖੀਂ ਵੇਖੀ ਹੈ। ਮੈਂ ਕਹਿ ਸਕਦਾ ਹਾਂ ਕਿ ਪਿੰਡਾਂ ਵਿਚ 90 ਫੀ ਸਦੀ ਮਕਾਨ ਢਹਿ ਗਏ ਹਨ ਤੇ ਫਸਲਾਂ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ। ਝੋਨੇ ਦੀ ਫਸਲ ਬਰਬਾਦ ਹੋ ਗਈ ਹੈ। ਪਠਾਨਕੋਟ ਤੇ ਹੁਸ਼ਿਆਰਪੁਰ ਵਿਚ ਫਸਲਾਂ ਬਰਬਾਦ ਹੋ ਗਈਆਂ ਹਨ। ਜਿੰਨਾ ਗਵਰਨਮੈਂਟ ਨੇ ਅੰਦਾਜ਼ਾ ਲਾਇਆ ਹੈ ਉਸਤੋਂ ਅਸਲ ਵਿਚ ਕਈ ਗੁਣਾਂ ਜ਼ਿਆਦਾ ਨੁਕਸਾਨ ਹੋਇਆ ਹੈ। ਦਸੂਆ ਤੇ ਟਾਂਡਾ ਦੇ ਨਜ਼ਦੀਕ ਸੜਕੋਂ ਪਾਰ ਜਿੰਨੇ ਪਿੰਡ ਹਨ ਉਥੇ ਲੋਕ ਅਗਲੀਆਂ ਫਸਲਾਂ ਨਹੀਂ ਬੀਜ ਸਕਦੇ ਕਿਉਂਕਿ ਜ਼ਮੀਨ ਵਿਚ ਸੈਲਾਬਾ ਹੈ। ਇਹ ਹੀ ਹਾਲ ਉਨ੍ਹਾਂ ਇਲਾਕਿਆਂ ਦਾ ਹੈ ਜਿਹੜੇ ਦਰਿਆ ਦੇ ਨੇੜੇ ਨੇੜੇ ਹਨ। ਮੈਂ ਵੇਖਿਆ ਹੈ ਕਿ ਸਰਕਾਰੀ ਅਫਸਰਾਂ ਨੇ ਪੀੜਤ ਲੋਕਾਂ ਦੀ ਮਦਦ ਲਈ ਕਾਫ਼ੀ ਕਮ ਕੀਤਾ ਹੈ। ਟਾਂਡੇ ਦੇ ਥਾਣੇਦਾਰ ਨੇ ਆਪਣੀ ਜਾਨ ਤੇ ਖੇਲ ਕੇ ਲੋਕਾਂ ਦੀ ਮਦਦ ਕੀਤੀ ਹੈ। ਤੇ ਬਾਵਜੂਦ ਐਨੀ ਮੁਸ਼ਕਲ ਦੇ ਲੋਕਾਂ ਨੂੰ ਆਪ ਰੋਟੀਆਂ ਪਹੁੰਚਾਈਆਂ ਹਨ। ਮੈਂ ਕਹਿ ਸਕਦਾ ਹਾਂ ਕਿ ਹਰ ਆਦਮੀ ਨੇ ਭਾਵੇਂ ਉਹ ਸਰਕਾਰੀ ਜਾਂ ਗ਼ੈਰ-ਸਰਕਾਰੀ ਹੈ ਇਸ ਔਕੜ ਵਿਚ ਲੋਕਾਂ ਦੀ ਮਦਦ ਕੀਤੀ ਹੈ। ਇਸਦੇ ਬਾਵਜੂਦ ਮੈਂ ਦਸਣਾ ਚਾਹੁੰਦਾ ਹਾਂ ਕਿ relief work ਵਿਚ ਕਈ ਖ਼ਾਮੀਆਂ ਹਨ। ਇਹ ਠੀਕ ਹੈ ਕਿ Health Officers ਤੇ Civil Surgeons ਪਿੰਡਾਂ ਵਿਚ ਗਏ ਹਨ ਪਰ ਕਈ ਖੂਹਾਂ ਵਿਚ ਹਾਲੇ ਤਕ ਦਵਾਈ ਨਹੀਂ ਪਾਈ ਗਈ ਤੇ ਨਾ ਹੀ ਲੋਕਾਂ ਨੂੰ ਟੀਕੇ ਲਾਏ ਗਏ ਹਨ। ਕਈ ਇਹੋ ਜਿਹੀਆਂ ਮਿਸਾਲਾਂ ਹਨ ਜਿਥੇ ਮਕਾਨ ਡਿਗਣ ਕਾਰਨ ਜ਼ਖਮੀ ਲੋਕਾਂ ਦੀ ਮਰਹਮ ਪੱਟੀ ਨਹੀਂ ਕੀਤੀ ਗਈ।

ਇਸਦੇ ਇਲਾਵਾ, ਸਪੀਕਰ ਸਾਹਿਬ, ਡੰਗਰ ਮਰ ਜਾਣ ਨਾਲ ਪਿੰਡਾਂ ਵਿਚ ਬੂ ਫੈਲ ਗਈ ਹੈ। ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਮੋਏ ਹੋਏ ਡੰਗਰਾਂ ਨੂੰ ਚੁਕਣਾ ਹਰੀਜਨਾਂ ਦੀ duty ਹੈ। ਜੇ ਇਨ੍ਹਾਂ ਮੋਏ ਹੋਏ ਡੰਗਰਾਂ ਨੂੰ ਨਾ ਚੁਕਿਆ ਗਿਆ ਤਾਂ ਬੀਮਾਰੀ ਫੈਲ ਜਾਣ ਦਾ ਅੰਦੇਸ਼ਾ ਹੈ।

ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਪਸ਼ੂਆਂ ਨੂੰ ਬੰਨੇ ਲਾਉਣ ਲਈ ਮੁਨਾਸਬ ਪ੍ਰਬੰਧ ਕਰੇ। ਅਤੇ ਗਵਰਨਮੈਂਟ ਨੂੰ ਇਸ ਸੰਬੰਧ ਵਿਚ ਵਧੇਰੇ ਖਰਚ ਕਰਨਾ ਪਏ ਤਾਂ ਵੀ ਕਰੇ।

ਸਪੀਕਰ ਸਾਹਿਬ, ਹੜ੍ਹਾਂ ਨਾਲ ਪਿੰਡਾਂ ਦੇ ਕੋਈ 90 ਫੀ ਸਦੀ ਮਕਾਨ ਗਿਰ ਗਏ ਹਨ ਅਤੇ ਜੋ ਬਾਰਸ਼ ਕੱਲ ਹੋਈ ਹੈ ਉਸ ਨਾਲ ਜੋ ਕੋਈ ਢਾਰਾ ਰਹਿੰਦਾ ਵੀ ਸੀ ਉਹ ਵੀ ਸਾਫ ਹੋ ਗਿਆ ਹੈ। ਹੁਣ ਤਾਂ ਪਿੰਡਾਂ ਵਾਲਿਆਂ ਪਾਸ ਕੋਈ ਥਾਂ ਨਹੀਂ ਜਿਥੇ ਖੜੇ ਹੋ ਸਕਣ ਅਤੇ ਰਾਤ ਕੱਟ ਸਕਨ। ਉੱਪਰੋਂ ਸਰਦੀ ਆ ਰਹੀ ਹੈ ਇਸ ਲਈ ਮੈਂ ਚਾਹੁੰਦਾ ਹਾਂ ਕਿ ਜਿਥੇ ਗਵਰਨਮੈਂਟ ਇਤਨਾ ਖਰਚ ਕਰ ਰਹੀ ਹੈ ਉਥੇ ਕੁਝ ਹੋਰ ਖਰਚ ਕਰਕੇ ਟੈਂਟ ਤੇ ਤੰਬੂ ਸਪਲਾਈ ਕਰੇ ਤਾਂ ਜੋ ਲੋਕ ਆਪਣੇ ਆਪ ਨੂੰ ਬਚਾ ਸਕਣ। ਲੋਕ ਬੀਮਾਰ ਹੋ ਰਹੇ ਹਨ। ਇਸ ਬੀਮਾਰੀ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਦੇ ਸਿਰਾਂ ਤੇ ਛੱਤਾਂ ਦੀ ਜਾਂ ਕਿਸੇ ਵੀ ਉਹਲੇ ਦੀ ਲੋੜ ਹੈ। ਜੇਕਰ ਤੰਬੂ ਤੇ ਟੈਂਟ ਨਾ ਸਪਲਾਈ ਕੀਤੇ ਜਾ ਸਕਣ ਤਾਂ ਸਿਰਕੀਆਂ ਆਦਿ ਹੀ ਸਪਲਾਈ ਕੀਤੀਆਂ ਜਾਣ ਤਾਂ ਜੋ ਉਹ ਰਾਤ ਕੱਟ ਸਕਣ। ਤੰਬੂ ਅਤੇ ਟੈਂਟ ਮਿਲਟਰੀ ਪਾਸੋਂ ਵੀ ਲਏ ਜਾਣ ਤਾਂ ਜੋ ਲੋਕਾਂ ਨੂੰ ਬਚਾਇਆ ਜਾ ਸਕੇ। ਉੱਪਰੋਂ ਸਰਦੀ ਪੈ ਰਹੀ ਹੈ, ਤ੍ਰੇਲ ਪੈ ਰਹੀ ਹੈ ਤੇ ਹੇਠੋਂ ਜ਼ਮੀਨ ਵੀ ਗਿੱਲੀ ਹੈ। ਇਸ ਲਈ ਹੇਠਾਂ ਲਈ ਸਿਰਕੀਆਂ ਤੇ ਉੱਪਰ ਲਈ ਤੰਬੂ ਤੇ ਟੈਂਟਾਂ ਦਾ ਜ਼ਰੂਰ ਪ੍ਰਬੰਧ ਕੀਤਾ ਜਾਵੇ।

ਫਿਰ, ਸਪੀਕਰ ਸਾਹਿਬ, ਜਿਥੋਂ ਤਕ ਹਰੀਜਨਾਂ ਦਾ ਸਬੰਧ ਹੈ ਹੜ੍ਹਾਂ ਨਾਲ ਹੋਈ ਬਰਬਾਦੀ

[ਸਰਦਾਰ ਚੰਨਣ ਸਿੰਘ ਧੂਤ]

ਕਾਰਨ ਉਨ੍ਹਾਂ ਦਾ ਕੋਈ ਘਰ ਨਹੀਂ ਬਚਿਆ। ਇਉਂ ਮਲੂਮ ਹੁੰਦਾ ਹੈ ਕਿ ਇਥੇ ਕਿਤੇ ਹਰੀਜਨਾਂ ਦੇ ਘਰ ਹੀ ਨਹੀਂ ਸਨ ਇਸ ਲਈ ਇਨ੍ਹਾਂ ਹਰੀਜਨਾਂ ਲਈ ਵੀ ਟੈਂਟਾਂ ਦੀ ਲੋੜ ਹੈ ਅਤੇ ਇਹ ਸਪਲਾਈ ਕੀਤੇ ਜਾਣੇ ਚਾਹੀਦੇ ਹਨ।

ਜਿਥੋਂ ਤਕ ਡੰਗਰਾਂ ਦਾ ਸਬੰਧ ਹੈ ਮੈਂ ਵੇਖਿਆ ਹੈ ਕਿ ਡੰਗਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਮੈਂ ਤਾਂ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ ਪਾਸ ਬੇਨਤੀ ਕੀਤੀ ਸੀ ਕਿ ਕਿਤਨੇ ਵੀ ਜੰਗਲ ਦਫ਼ਾ 38 ਜਾਂ 4-5 ਦੇ ਅਧੀਨ ਰਾਖਵੇਂ ਰਖੇ ਹੋਏ ਹਨ ਉਥੇ ਸਾਰੇ ਪਸ਼ੂਆਂ ਨੂੰ ਭੇਜ ਦਿਤਾ ਜਾਵੇ। ਮੇਰੀ ਅਰਜ਼ ਮੰਨ ਕੇ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ ਅਤੇ ਅਸੀਂ ਆਪਣੇ ਇਲਾਕੇ ਦੇ ਪਸ਼ੂ ਧਨ ਨੂੰ ਬਚਾਣ ਵਿਚ ਕਾਮਯਾਬ ਹੋ ਗਏ ਹਾਂ। ਇਸ ਲਈ ਮੈਂ ਚਾਹੁੰਦਾ ਹਾਂ ਕਿ ਬਾਕੀ ਜ਼ਿਲਿਆਂ ਵਿਚ ਵੀ ਵਿਕਾਸ ਮੰਤਰੀ ਜੀ ਨੂੰ ਚਾਹੀਦਾ ਹੈ ਕਿ ਹਦਾਇਤਾਂ ਜਾਰੀ ਕਰਨ ਕਿ ਉਨ੍ਹਾਂ ਇਲਾਕਿਆਂ ਵਿਚੋਂ ਜਿਥੇ ਕਿ ਦਰਿਆ ਜਾਂ ਨਹਿਰ ਨਾਲ ਲਗਦੀ ਹੈ, ਸਾਰੇ ਪਸ਼ੂਆਂ ਨੂੰ ਕੱਢ ਲਿਆ ਜਾਵੇ ਅਤੇ ਜੰਗਲਾਤ ਵਿਚ ਭੇਜ ਦਿਤਾ ਜਾਵੇ। ਕਿਉਂ ਜੋ ਹਾਲਤ ਐਨੀ ਖਰਾਬ ਹੋ ਗਈ ਹੈ ਕਿ ਜ਼ਿਮੀਂਦਾਰ ਲੋਕ ਇਨ੍ਹਾਂ ਪਸ਼ੂਆਂ ਨੂੰ ਚਾਰਾ ਨਹੀਂ ਦੇ ਸਕਦੇ। ਚਾਰਾ ਦੇਣ ਵੀ ਕਿਥੋਂ? ਚਾਰਾ ਤਾਂ ਹਰ ਥਾਂ ਤਬਾਹ ਹੋ ਗਿਆ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਦਫ਼ਾ 38 ਜਾਂ 4-5 ਦੇ ਜੰਗਲਾਤ ਵਿਚ ਡੰਗਰਾਂ ਨੂੰ ਭੇਜਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਜਿਥੇ ਅੱਗੇ ਪੰਜਾਬ ਦਾ ਕਰੋੜਾਂ ਰੁਪੈ ਦਾ ਨੁਕਸਾਨ ਹੋ ਗਿਆ ਹੈ ਉਥੇ ਪਸ਼ੂ ਧਨ ਨੂੰ ਜਿਥੋਂ ਤਕ ਹੋ ਸਕੇ ਬਚਾ ਲਿਆ ਜਾਵੇ।

ਇਸਤੋਂ ਇਲਾਵਾ ਸਪੀਕਰ ਸਾਹਿਬ, ਰਾਸ਼ਨ ਦੇ ਤਰੀਕੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਸ਼ਨ ਵੰਡਣ ਦਾ ਤਰੀਕਾ ਠੀਕ ਨਹੀਂ। ਕਈਆਂ ਨੂੰ ਰਾਸ਼ਨ ਇਸ ਲਈ ਨਹੀਂ ਦਿਤਾ ਜਾਂਦਾ ਕਿ ਉਨ੍ਹਾਂ ਪਾਸ ਦਾਣੇ ਹਨ ਅਤੇ ਉਨ੍ਹਾਂ ਛੁਪਾ ਲਏ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਲਤ ਇਹ ਨਹੀਂ। ਮੈਂ ਆਪ ਵੇਖ ਕੇ ਆਇਆ ਹਾਂ ਕਿ ਪਿੰਡਾਂ ਵਿਚ ਲੋਕਾਂ ਪਾਸ ਕੋਈ ਦਾਣੇ ਨਹੀਂ ਅਤੇ ਜੋ ਹਨ ਉਹ ਮਿੱਟੀ ਵਿਚ ਮਿਲ ਗਏ ਹਨ। ਹੋ ਸਕਦਾ ਹੈ ਦੋ ਚਾਰ ਘਰਾਂ ਵਿਚ ਦਾਣੇ ਹੋਣ ਪਰ ਬਾਕੀ ਜੋ ਵੀ ਕਿਸੇ ਪਾਸੇ ਦਾਣੇ ਸਨ ਸਭ ਨਸ਼ਟ ਹੋ ਗਏ ਹਨ। ਇਸ ਲਈ ਰਾਸ਼ਨ ਦੀ ਵੰਡ ਨੂੰ ਠੀਕ ਕਰਨ ਦੀ ਬਹੁਤ ਲੋੜ ਹੈ।

ਇਸਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਬਰਬਾਦੀ ਹੜ੍ਹਾਂ ਕਾਰਨ ਪੰਜਾਬ ਵਿਚ ਹੋਈ ਹੈ ਇਸਦੇ ਕਾਰਨਾਂ ਨੂੰ ਵੇਖਣ ਦੀ ਲੋੜ ਹੈ ਅਤੇ ਇਹ ਵੀ ਵੇਖਣਾ ਚਾਹੀਦਾ ਹੈ ਕਿ ਕਿਨ੍ਹਾਂ ਵਾਕਿਆਤ ਕਰਕੇ ਹੜ੍ਹਾਂ ਨਾਲ ਇਸ ਤਰ੍ਹਾਂ ਦੀ ਤਬਾਹੀ ਹੋਈ।

ਇਸ ਸਬੰਧ ਵਿਚ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਬਿਆਸ ਦੇ ਕੰਢੇ ਧੁੱਸੀ ਬੰਨ੍ਹੀ ਹੈ। ਇਹ 13-14 ਥਾਵਾਂ ਤੋਂ ਟੁਟੀ ਹੈ। ਇਥੇ ਮਿੱਟੀ ਬੜੀ ਕਮਜ਼ੋਰ ਹੈ ਤੇ ਚੂਹਿਆਂ ਦੀਆਂ ਖੁੱਡਾਂ ਹਨ ਜਿਨ੍ਹਾਂ ਕਰਕੇ ਜ਼ਮੀਨ ਵਿਚ ਚੁਭਾ ਆ ਜਾਂਦਾ ਹੈ ਤੇ ਧੁੱਸੀ ਟੁਟ ਗਈ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਧੁੱਸੀਆਂ ਦੀਆਂ ਸੜਕਾਂ ਸੀਮਿੰਟ ਦੀਆਂ ਬਣਾਈਆਂ ਜਾਣ। ਤੇ ਜੇਕਰ ਇਹ ਸੰਭਵ ਨਾ ਹੋਵੇ ਕਿ ਸਾਰੀਆਂ ਧੁੱਸਾਂ ਸੀਮਿੰਟ ਦੀਆਂ ਬਣ ਸਕਣ ਤਾਂ ਘਟੋ ਘਟ ਜਿਥੇ ਜਿਥੇ ਠੋਕਰਾਂ ਹਨ ਉਨ੍ਹਾਂ ਨੂੰ ਪਕਿਆਂ ਕਰਨਾ ਜ਼ਰੂਰੀ ਹੈ। ਠੋਕਰਾਂ ਪਕੀਆਂ ਨਾ ਹੋਣ ਦੇ ਕਾਰਨ ਅੰਮ੍ਰਿਤਸਰ ਦੀ ਧੁੱਸ ਟੁਟੀ ਹੈ। ਮੈਂ ਸਮਝਦਾ ਹਾਂ ਕਿ ਧੁੱਸਾਂ ਦੇ ਪਕਿਆਂ ਨਾ ਹੋਣ ਕਰਕੇ ਤਬਾਹੀ ਅਤੇ ਬਰਬਾਦੀ ਹੋਈ ਹੈ ਇਸ ਲਈ ਧੁੱਸਾਂ ਨੂੰ ਪਕਿਆਂ ਕਰਨਾ ਜ਼ਰੂਰੀ ਹੈ।

ਇਕ ਗੱਲ ਹੋਰ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨਹਿਰਾਂ ਦੇ ਰਾਹ, ਸੜਕਾਂ ਅਤੇ ਰੇਲਵੇ ਲਾਈਨਾਂ ਕਈ ਥਾਵਾਂ ਤੇ ਨਾਲ ਨਾਲ ਹਨ। ਇਨ੍ਹਾਂ ਸੜਕਾਂ, ਨਹਿਰਾਂ ਅਤੇ ਰੇਲਵੇ ਲਾਈਨਾਂ ਦੇ ਨਾਲ ਨਾਲ ਹੋਣ ਦੇ ਕਾਰਨ ਵੀ ਤਬਾਹੀ ਹੋਈ ਹੈ। ਕਿਉਂ ਜੋ ਰੇਲਵੇ ਵਾਲੇ ਲਾਈਨਾਂ ਆਪਣੇ ਢੰਗ ਨਾਲ ਬਣਾਂਦੇ ਹਨ। ਨਹਿਰਾਂ ਵਾਲੇ ਆਪਣੇ ਹੀ ਹਿਸਾਬ ਨਾਲ ਤੇ ਸੜਕਾਂ ਵਾਲੇ ਆਪਣੇ ਹੀ ਹਿਸਾਬ ਨਾਲ। ਮੈਂ ਸਮਝਦਾ ਹਾਂ ਕਿ ਇਨ੍ਹਾਂ ਰਾਹਾਂ ਦੇ ਨਾਲ ਨਾਲ ਹੋਣ ਕਾਰਨ ਪਿੰਡ ਬਰਬਾਦ ਹੋ ਗਏ ਹਨ

ਕਈ ਥਾਵਾਂ ਤੇ ਰੇਲ ਨਹਿਰ ਅਤੇ ਸੜਕ ਵਿਚ ਥਾਂ ਹੀ ਬਹੁਤ ਥੋੜੀ ਰਹਿ ਗਈ ਹੈ ਇਸ ਲਈ ਇਸ ਪੱਖ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਆਖਰ ਵਿਚ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਨਹਿਰਾਂ ਵਿਚ ਸਾਇਫਨ ਘਟ ਹਨ ਅਤੇ ਪੁਲ ਵੀ ਨਾਕਾਫ਼ੀ ਹਨ। ਹੁਸ਼ਿਆਰਪੁਰ ਦੇ ਇਲਾਕੇ ਵਿਚ ਲੈਵਲ ਉੱਚਾ ਹੈ ਇਸ ਲਈ ਪਾਣੀ ਘਟ ਆਇਆ ਹੈ ਪਰ ਇਸਦੇ ਆਸ ਪਾਸ 4-6 ਮੀਲ ਵਿਚ ਜੋ ਵਾਕਿਆਤ ਹੋਏ ਹਨ ਉਨ੍ਹਾਂ ਨੂੰ ਸਾਹਮਣੇ ਰਖਦੇ ਹੋਏ ਇਹ ਜ਼ਰੂਰੀ ਹੈ ਕਿ ਸਾਇਫਨ ਅਜਿਹੇ ਢੰਗ ਨਾਲ ਬਣਾਏ ਜਾਣ ਤਾਂ ਜੋ ਤਬਾਹੀ ਤੋਂ ਪਿੰਡਾਂ ਨੂੰ ਬਚਾਇਆ ਜਾ ਸਕੇ। ਆਸ ਹੈ ਸਰਕਾਰ ਮੇਰੀਆਂ ਇਨ੍ਹਾਂ ਤਜਵੀਜ਼ਾਂ ਵਲ ਧਿਆਨ ਦੇਵੇਗੀ।

श्री राम किशन (जालन्धर शहर, उत्तर पश्चिमी) : स्पीकर साहिब, partition के बाद यह सब से बड़ी मुसीबत पंजाब के लोगों पर आई है। इस मुसीबत पर काबू पाने के लिए हमारे चीफ मिनिस्टर साहिब ने जितने steps relief के लिए उठाए हैं उनका एलान किया है इसके मातहत 10 करोड़ 78 लाख रुपये लोगों को कर्जे, इमदाद और relief देने के लिए मन्जूर किए गए हैं। इस से flood stricken area में जहां लोग मुसीबत में हैं मुश्किल में हैं, मदद पहुंचाई जाएगी। तो यह सारा काम करने के लिए जैसा कि चीफ मिनिस्टर साहिब ने फरमाया है जरूरी है कि सब officials और non-officials मिलकर काम करें और धक्का लगाएं इस के बिना यह काम चलने वाला नहीं। स्पीकर साहिब, मैं इस सम्बन्ध में सात आठ तजावीज पेश करना चाहता हूँ और उम्मीद करता हूं कि सरकार इनकी तरफ तवज्जह देगी।

इस सम्बन्ध में सब से पहली चीज relief है। इस के बारे में मेरी यह अर्ज है कि relief की machinery को official तरीके से और Secretariat level पर काम करने से सब सिलसिला नहीं चलेगा। इस लिए सिर्फ हिदायात जारी करने से काम न चल सकेगा बल्कि सख्त हदायात जारी करने और गवर्नमेंट की हिदायात पर सख्ती से अमल करने की जरूरत है। इन हिदायात पर अमल करने के लिए और इनको humanitarian level पर implement करने के लिए Government machinery को हिदायतें जारी कर दी जाएं कि वह पूरे तौर से लोगों से sympathise करें ताकि लोगों को relief जल्दी पहुंचाया जा सके।

दूसरी मेरी गुजारिश यह है कि जो steps गवर्नमेंट ने relief के बारे में लिए हैं इनको ज्यादा से ज्यादा publicity दी जाय। आपका जो Public Relations Department है आपकी जो Public Relation Committee है वह हर जगह पर पूरी तरह से इन measures के बारे में प्रचार करे ताकि पंजाब के हर भाई और बहन को पता लग जाए कि सरकार ने relief के लिए क्या क्या कदम उठाए हैं और लोगों को कैसे और किस शक्ल में relief दिया जा रहा है।

तीसरी बात स्पीकर साहिब यह है कि जिन लोगों के घर तबाह हुए हैं गांवों में और शहरों में उन्हें कई एक स्कूलों और कालिजों में shelter दी जा रही है। अब ऐसे लोगों के अपने घर या shelter बनने में अभी वक्त लगेगा इस लिए मेरी अर्ज है कि इन लोगों को shelter और protection देने के लिए स्कूलों और कालिजों को कुछ समय के लिए बन्द कर दिया जाए और इस बात को सामने रखते हुए कि लड़कों की पढ़ाई नहीं हो रही इमतहानों को कुछ अरसा के लिए मुलतवी कर दिया जाए।

[श्री राम किशन]

चौथी बात Land Revenue और irrigation के सम्बन्ध में है। इसके सम्बन्ध में एलान किया गया है कि गवर्नमेंट इसे remit कर रही है लेकिन शहरों में जो property तबाह हुई है उसके पेशे नज़र Property Tax और House Tax भी पूरी तरह से मुआफ कर देना चाहिए। मेरे अपने इलाके में 32 हजार के करीब मकानात तबाह हुए हैं और 70 हजार के करीब मकान रिहायश के काबल नहीं रहे।

फिर जैसा कि चीफ मिनिस्टर साहिब ने फरमाया है उन में से काफी तादाद evacuee property के मकानों की है उन पर भी Tax लिए जा रहे हैं। इस सम्बन्ध में मेरी गुज़ारिश है कि एक Regional Settlement Commissioner खास तौर पर मुकर्रर किया जाए और उस को हिदायत की जाए कि वह ऐसे मकानों की allotment और ऐसी land की allotment permanently कर दे जिन की कि पहले quasi-allotment हुई है। Regional Settlement Commissioner को instructions होनी चाहिए कि वह यह सारा काम एक महीने के अन्दर अन्दर खत्म कर के लोगों को ऐसी property का मालिक बना देवे। ताकि वह लोगों की अपनी मलकियत बन जाए। इस सम्बन्ध में जो कर्ज़ या relief लोगों को दिए जाने हैं वह भी बहुत जल्दी दिए जाएं ताकि लोग मकानों की मुरम्मत करवा सकें और फिर से rehabilitate हो सकें। मैं चीफ मिनिस्टर साहिब से प्रार्थना करूंगा कि सारे पंजाब का survey करवाया जाए कि कितने पशु मरे हैं और कितने मनुष्यों की deaths हुई है। जिन families में deaths हुई हैं उनको special relief मिलना चाहिए cash, कपड़े और खुराक की शकल में। जो families अस्पतालों में पड़ी हैं वह काफी तकलीफ में हैं सरकार को उनकी तरफ विशेष ध्यान देना चाहिये। स्पीकर साहिब, हाऊस में शिकायतें की गई है कई जगह पुल टूट गए हैं और canals में breaches हुई हैं और लोग बहुत दुख में हैं। गांवों का असर शहरों पर भी पड़ता है इस लिये मैं प्रार्थना करूंगा कि सरकार को इस तरफ फौरी तवज्जुह देनी चाहिये और जिस जिस जगह पर पुल या syphon वगैरा बनने चाहियें वह फौरन बनाए जाएं और जो मुरम्मत तलब हैं उन की ततकाल मुरम्मत की जाए। जहां पर छोटे syphon बने हुए थे वहां पर बड़े बनाए जाएं। अगली बात मैं यह कहना चाहता हूं कि मैं ने कई शहरों के अन्दर देखा है कि flood की वजह से काफी मिकदार में debris और कूड़ा किरकिट जमा पड़ा हुआ है जिस से कि बीमारी फैलने का खतरा है। Municipal Act के मातहत ऐसे कामों के लिए खास खास समय के लिए नोटिस देने पड़ते हैं। Evacuee property के सम्बन्ध में भी नोटिस देने पड़ते हैं। एक खास Ordinance के जरिए Regional Settlement Commissioner को और President, Municipal Committee को special powers दी जानी चाहियें ताकि वह मलबा और गन्दगी को remove करवा सकें। कई जगहें ऐसी भी हैं कि गली की चौड़ाई चार चार और पांच पांच फुट है और बड़ी बीच में मकान गिर गए हैं। अब अगर उन को नए सिरे से बनाना हो तो Municipal Act के मातहत 15,15 और 20,20 फुट का फासला छोड़ना पड़ेगा नतीजा यह होगा कि साथ वाले दूसरे मकान भी गिराने पड़ेंगे। इस लिये मैं दरखास्त करूंगा कि इस सम्बन्ध में rules को waive किया जाए ताकि लोग अपने मकान नए सिरे से बना सकें।

स्पीकर साहिब, जहां तक Low Income Housing schemes के मातहत कर्जे और grants देने का सम्बन्ध है मैं अर्ज करूंगा कि इस में procedure को simplify करने की बहुत सख्त जरूरत है। बाज हालतों में नकशों की जरूरत होती है Executive Engineer की witness देने की आवश्यकता होती है चुनांचे लोगों को अर्जी दिये तीन तीन और चार, चार महीने लग जाते हैं। मेरी गुजारिश है कि rules को simplify किया जाए ताकि लोग इस से पूरा पूरा फायदा उठा सकें। कई शहरों में स्कूलों और अस्पतालों की buildings वगैरा जो कि Municipal Committee, District Boards और प्राईवेट संस्थाओं ने बना रखी थीं गिर गई हैं चूंकि उन को नए सिरे से बनाने की आवश्यकता है इस लिये उन को grants दी जानी चाहिए।

स्पीकर साहिब, Red Cross Society के पास कई तरह की दवाइयां और कपड़े आदि पड़े हुए हैं वह चीजें Government of India के through ले लेनी चाहिएं ताकि वह बाढ़ पीड़ित लोगों को दी जा सकें। शहरों और गांवों में work centre भारी तादाद में खोले जाने चाहियें। मकान वगैरा बनाने के लिये material की just distribution के हतार्थ भी अच्छी machinery की सख्त जरूरत है। सारा काम humanitarian way से होना चाहिए।

आप की वसातत से, स्पीकर साहिब, मैं चीफ मिनिस्टर साहिब से प्रार्थना करूंगा कि एक Flood Stricken People Rehablitation Board बनाया जाए। उस में non-official element ज्यादा होना चाहिये। उस element को confidence में ले कर सारा काम किया जाना चाहिये। शहरों में evacuee property की factories जिन की मालीयत 50,000 से ज्यादा है उन की allotment permanent basis पर होनी चाहिये। शहरों में low level areas में buildings कई जगह पर सारी की सारी गिर गई हैं सरकार को चाहिये कि District Authorities को instruct करे कि उन मकानों को जल्दी से जल्दी reconstruct करने में मदद देवे। और उन मकानों को ऐसी जगह पर बनाया जाना चाहिये जहां पर फिर पानी न आ सके। जिन लोगों के मकान मुरम्मत तलब हैं उन को फोरी grant दी जाए। सरदार उज्जल सिंह जी खुद जा कर जालंधर में मौका देख आए हैं मुझे आशा है कि वह शीघ्र से शीघ्र step लेंगें।

ਸਰਦਾਰ ਅੱਛਰ ਸਿੰਘ ਛੀਨਾ (ਅਜਨਾਲਾ) : ਪ੍ਰਧਾਨ ਜੀ ! ਚੀਫ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਜਿਹੜੀ ਆਫ਼ਤ ਐਸ ਵੇਲੇ ਪੰਜਾਬ ਉੱਪਰ ਆ ਕੇ ਪਈ ਹੈ ਉਨ੍ਹਾਂ ਨੇ ਆਪਣੀ ਅੱਖੀਂ ਵੇਖੀ ਹੈ ਅਤੇ ਖਬਰਾਂ ਵੀ ਪੜ੍ਹੀਆਂ ਹਨ। ਜਦ ਤੋਂ ਹਾਊਸ ਬੰਦ ਹੋਇਆ ਹੈ ਅਸਾਂ ਵੀ ਅੰਬਾਲੇ ਅਤੇ ਅੰਮ੍ਰਿਤਸਰ ਦੇ ਇਲਾਕਿਆਂ ਵਿਚ ਜਾਕੇ ਵੇਖਿਆ ਹੈ ਕਿ ਹਰ ਇਕ ਜਗ੍ਹ ਹਾਲਤ ਬਹੁਤ ਖਰਾਬ ਹੈ, ਕਿਹਾ ਜਾ ਸਕਦਾ ਹੈ ਕਿ degree ਦਾ ਫਰਕ ਹੈ। ਮੈਂ ਚੀਫ ਮਨਿਸਟਰ ਸਾਹਿਬ ਨਾਲ ਇਤਫਾਕ ਰਖਦਾ ਹਾਂ ਕਿ ਲੋਕ ਬੜੀ ਬਹਾਦਰੀ ਨਾਲ ਮੁਕਾਬਲਾ ਕਰ ਰਹੇ ਹਨ, ਅਤੇ ਕੋਈ ਆਦਮੀ ਜਾਂ ਪਾਰਟੀ ਇਸ spirit ਨਾਲ ਨਹੀਂ ਕੰਮ ਕਰ ਰਹੀ ਕਿ ਉਨ੍ਹਾਂ ਦਾ ਕੀ ਅਕੀਦਾ ਹੈ ਬਲਕਿ ਇਸ spirit ਨਾਲ ਕੰਮ ਕਰ ਰਹੀ ਹੈ ਕਿ ਕਿਸੇ ਪ੍ਰਕਾਰ ਇਹ ਮੁਸੀਬਤ ਦੂਰ ਹੋਵੇ। ਮੈਂ ਲੋਕਾਂ ਦੀ co-operation ਅਤੇ ਕੁਰਬਾਨੀ ਦੀ ਇਕ ਮਿਸਾਲ ਦਿੰਦਾ ਹਾਂ। ਮੇਰੀ constituency ਵਿਚ ਇਕ ਪਿੰਡ "ਭਲਾ" ਨਾਮ ਦਾ ਹੈ ਉਹ ਚੌਂਹ ਪਾਸਿਉਂ ਪਾਣੀ ਵਿਚ ਘਿਰਿਆ ਹੋਇਆ ਹੈ। ਉਨ੍ਹਾਂ ਵਾਸਤੇ ਰੋਟੀਆਂ ਲੈਕੇ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਵਿਚ ਰੋਟੀਆਂ ਨਾ ਦਿਉ, ਸਾਡੇ ਨਾਲੋਂ ਸੱਕੀ ਪਿੰਡ ਵਾਲਿਆਂ

[ਸਰਦਾਰ ਅੱਛਰ ਸਿੰਘ ਛੀਨਾ]

ਉੱਪਰ ਜ਼ਿਆਦਾ ਮੁਸੀਬਤ ਪਈ ਹੋਈ ਹੈ ਤੁਸੀਂ ਰੋਟੀਆਂ ਉਨ੍ਹਾਂ ਨੂੰ ਦਿਉ। ਸਰਕਾਰੀ ਅਫਸਰ ਵੀ ਬਹੁਤ ਅੱਛਾ ਕੰਮ ਕਰ ਰਹੇ ਹਨ ਜਿਵੇਂ ਮੇਰੇ ਦੋਸਤ ਸਰਦਾਰ ਚੰਨਣ ਸਿੰਘ ਨੇ ਦਸਿਆ ਹੈ ਕਿ ਸੱਕੀ ਦੇ ਥਾਣੇਦਾਰ ਦੇ ਬਾਰੇ ਵਿਚ ਲੋਕਾਂ ਨੇ ਕਿਹਾ ਸੀ ਕਿ ਉਹ ਬਹੁਤ ਅੱਛਾ ਕੰਮ ਕਰ ਰਿਹਾ ਹੈ ਸਾਨੂੰ ਖੁਸ਼ੀ ਹੈ ਕਿ ਸਰਕਾਰੀ ਅਫਸਰ ਮਿਹਨਤ ਕਰ ਰਹੇ ਹਨ ਅਤੇ ਲੋਕਾਂ ਨੂੰ ਆਟਾ, ਦਾਲ ਅਤੇ ਰੋਟੀਆਂ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੇਕਿਨ ਜਿਹੜਾ momentum Governor ਦੀ ਤਰਫੋਂ ਜਾਣਾ ਸੀ ਉਹ ਬੜੀ ਦੇਰ ਨਾਲ ਉਠਾਇਆ ਗਿਆ ਹੈ। ਮਲੂਮ ਹੁੰਦਾ ਹੈ ਕਿ ਜਿਵੇਂ ਕਲ ਪਰਸੋਂ ਹੀ ਸ਼ੁਰੂ ਹੋਇਆ ਹੁੰਦਾ ਹੈ। ਮੈਂ ਉਸ ਇਲਾਕੇ ਦੀ ਬਾਬਤ ਦਸਦਾ ਹਾਂ ਜਿਹੜਾ ਕਿ ਰਾਵੀ ਅਤੇ ਸੱਕੀ ਦੇ ਵਿਚਕਾਰ ਹੈ ਅਤੇ ਜਦੋਂ ਹੋਰਨਾਂ ਜਗ੍ਹਾਂ ਉੱਪਰ ਖੁਸ਼ਕੀ ਹੁੰਦੀ ਹੈ ਤਾਂ ਉਹ ਇਲਾਕਾ ਸ਼ਿਮਲੇ ਅਤੇ ਡਲਹੌਜ਼ੀ ਦੀਆਂ ਪਹਾੜੀਆਂ ਦੀ ਵਰਖਾ ਨਾਲ ਹੀ ਰੁੜ੍ਹ ਜਾਂਦਾ ਹੈ। ਸਾਡੇ Financial Commissioner ਸਾਹਿਬ ਅਤੇ ਵਜ਼ੀਰ ਖਜ਼ਾਨਾ ਵੀ ਓਥੇ ਜਾਂਦੇ ਰਹੇ ਹਨ। ਉਨ੍ਹਾਂ ਨੇ ਉਸ ਜਗ੍ਹਾ ਧੁੱਸੀ ਬੱਧੀ ਹੈ ਅਤੇ ਇਸ ਤਰ੍ਹਾਂ ਉਸ ਇਲਾਕੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਲੋਕ ਕਹਿੰਦੇ ਸਨ ਕਿ ਸਾਡੀਆਂ ਫਸਲਾਂ ਅੱਛੀਆਂ ਹਨ ਅਸੀਂ ਜਿਹੜੀਆਂ ਤਕਾਵੀਆਂ ਲੈਂਦੇ ਰਹੇ ਹਾਂ ਉਹ ਇਸ ਦਫਾ ਲਾਹ ਦੇਵਾਂਗੇ ਲੇਕਿਨ ਮੁਸੀਬਤ ਆ ਪਈ, ਐਸਾ ਪਾਣੀ ਆ ਕੇ ਪਿਆ ਹੈ ਪ੍ਰਧਾਨ ਜੀ, ਕਿ ਕੀ ਦਸੀਏ ਪਿੰਡਾਂ ਦਾ ਨਾਂ ਨਿਸ਼ਾਨ ਵੀ ਨਹੀਂ ਰਿਹਾ। ਸਾਰਿਆਂ ਪਿੰਡਾਂ ਵਿਚੋਂ ਚੰਗਾ ਪਿੰਡ ਮੋਹਲਕ ਪਿੰਡ ਸੀ ਪਰ ਹੁਣ ਮਲੂਮ ਹੁੰਦਾ ਹੈ ਕਿ ਜਿਵੇਂ ਓਥੇ ਹੈ ਹੀ ਨਹੀਂ ਸੀ। ਇਹ ਠੀਕ ਹੈ ਕਿ ਲੋਕ ਕੋਸ਼ਿਸ਼ ਕਰ ਰਹੇ ਹਨ ਕਿ ਘਰ ਬਣਾ ਲਈਏ। Centre ਵਿਚ ਜਿਹੜੇ ਮਕਾਨ ਬਣੇ ਹੋਏ ਹਨ ਉਨ੍ਹਾਂ ਤੇ ਕੰਮ ਹੋ ਰਿਹਾ ਹੈ। ਲੋਕਾਂ ਵਿਚ ਉਤਸ਼ਾਹ ਹੈ ਅਤੇ ਸਰਕਾਰ ਦੀ ਵੀ ਮੱਦਦ ਹੈ। ਜੇਕਰ ਸਭ ਲੋਕ ਰਲ ਕੇ ਕੰਮ ਕਰਨ ਤਾਂ ਮੁਸੀਬਤ ਦੂਰ ਹੋ ਸਕਦੀ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਜਿੰਨਾ ਵੀ ਰੁਪਿਆ ਹੋ ਸਕੇ ਇਨ੍ਹਾਂ ਲੋਕਾਂ ਨੂੰ ਗਰਾਂਟਾਂ ਦੀ ਸ਼ਕਲ ਵਿਚ ਦਿੱਤਾ ਜਾਵੇ ਖਾਸ ਕਰ ਉਨ੍ਹਾਂ ਲੋਕਾਂ ਨੂੰ ਜਿਹੜੇ ਅੱਗੇ ਵੀ ਹਰ ਵਾਰੀ ਇਸ ਦੁਰਘਟਨਾ ਦੇ ਸ਼ਿਕਾਰ ਹੁੰਦੇ ਰਹੇ ਹਨ। ਹੋਰਨਾਂ ਨੂੰ ਵੀ ਜ਼ਰੂਰ ਮਦਦ ਦਿਤੀ ਜਾਵੇ ਪਰ ਇਨ੍ਹਾਂ ਇਲਾਕਿਆਂ ਦਾ ਖਿਆਲ ਖਾਸ ਤੌਰ ਤੇ ਰਖਿਆ ਜਾਵੇ ਜਿਨ੍ਹਾਂ ਦੇ ਮਕਾਨ ਨਹੀਂ ਰਹੇ, ਜਾਨਵਰ ਨਹੀਂ ਰਹੇ, ਬਲਦ ਨਹੀਂ ਰਹੇ, ਭੈਂਸਾਂ ਨਹੀਂ ਰਹੀਆਂ ਅਤੇ ਦਰਖਤਾਂ ਤੇ ਲਟਕ 2 ਕੇ ਜਿਨ੍ਹਾਂ ਨੇ ਆਪਣੀਆਂ ਜਾਨਾਂ ਬਚਾਈਆਂ ਹਨ। ਮੈਂ ਇਹ ਪੜ੍ਹਿਆ ਹੈ ਕਿ ਫ਼ਾਈਨੈਂਸ ਮਿਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਜਿਹੜੀਆਂ ਆਬਾਦੀਆਂ ਉੱਜੜ ਗਈਆਂ ਹਨ, ਉਨ੍ਹਾਂ ਨੂੰ ਇਸ ਵੇਲੇ relief ਤੋਂ exclude ਕੀਤਾ ਜਾਵੇਗਾ। ਮੈਂ ਪੁਛਦਾ ਹਾਂ ਕਿ ਕੀ ਆਪ ਦਾ ਇਹ ਖਿਆਲ ਤਾਂ ਨਹੀਂ ਕਿ ਉਥੇ model villages ਬਨਾਉਣੇ ਹਨ ? ਜੇ ਇਹੋ ਗੱਲ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਵੇਲਾ m del village scheme ਦਾ ਨਹੀਂ, ਸਗੋਂ ਇਸ ਵੇਲੇ ਤਾਂ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦਾ ਘਰ-ਬਾਰ ਉੱਜੜ ਗਿਆ ਹੈ ਫ਼ੌਰੀ ਮਦਦ ਪਹੁੰਚਾਣੀ ਚਾਹੀਦੀ ਹੈ। ਸਾਨੂੰ ਇਨ੍ਹਾਂ ਦੇ model villages ਦਾ ਪਹਿਲਾਂ ਹੀ ਬੜਾ ਤਜਰਬਾ ਹੈ। ਇਨ੍ਹਾਂ ਦੀਆਂ model villages ਦੀਆਂ ਕੋਈ ਵੀ ਸਕੀਮਾਂ ਅਜੇ ਤਕ ਸਿਰੇ ਨਹੀਂ ਚੜ੍ਹੀਆਂ। ਜੇ ਕਈ ਬਣਿਆਂ ਵੀ ਤਾਂ ਇਕ ਅਧ ਹੀ ਬਣਿਆ ਹੋਵੇਗਾ ਬਾਕੀ ਸਾਰੇ ਉਦਾਂ ਦੇ ਉਦਾਂ ਹੀ ਪਏ ਹੋਏ ਹਨ। ਇਸ ਲਈ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਧਰੇ ਇਹ ਨਾ ਹੋਵੇ ਕਿ D. C ਜਾਂ ਦੂਜੇ ਅਫਸਰ ਇਹ ਕਹਿਣ ਕਿ ਜਿਨ੍ਹਾਂ ਪਿੰਡਾਂ ਦਾ ਬਿਲਕੁਲ ਮਲੀਆਮੇਟ ਹੋ ਗਿਆ ਹੈ ਉਨ੍ਹਾਂ ਨੂੰ exclude ਕੀਤਾ ਜਾਵੇਗਾ; ਅਤੇ ਇਨ੍ਹਾਂ ਤੇ model villages ਬਣਨਗੇ। ਮੈਂ ਇਹ ਗੁਜ਼ਾਰਿਸ਼ ਕਰਾਂਗਾ ਕਿ ਉਨ੍ਹਾਂ ਨੂੰ ਵੀ ਫ਼ੌਰੀ ਮਦਦ ਦਿਤੀ ਜਾਵੇ ਤੇ ਇਸ ਮਾਮਲੇ ਵਿਚ ਕਿਸੇ ਨਾਲ ਕਿਸੇ ਤਰ੍ਹਾਂ ਦੀ discrimination ਨਾ ਕੀਤੀ ਜਾਵੇ।

ਵਿਕਾਸ ਮੰਤਰੀ : Discrimination ਨਹੀਂ ਹੋਵੇਗੀ।

ਸਰਦਾਰ ਅੱਛਰ ਸਿੰਘ ਛੀਨਾ : ਨਾਲ ਹੀ ਮੈਂ ਕਮਿਸ਼ਨਰ ਸਾਹਿਬ ਦਾ ਵੀ ਧਿਆਨ ਇਸ

ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਤੀਕਰ ਇਹ ਇਲਾਕੇ ਇਸ ਗੱਲ ਤੋਂ ਬਚਦੇ ਰਹਿਣ ਦੀ ਕੋਸ਼ਿਸ਼ ਕਰਦੇ ਰਹੇ ਹਨ ਕਿ ਕਿਧਰੇ ਦਰਿਆ ਨਾ ਆ ਜਾਵੇ..............

अध्यक्ष महोदय : अफ़सरों को address न करें। वह हाऊस में नहीं बैठे हैं। वह हाऊस का पार्ट नहीं। आप हाऊस को address करें। (Please do not address the officers. They are not sitting in the House. They do not form part of the House. You should address the House.)

ਸਰਦਾਰ ਅੱਛਰ ਸਿੰਘ ਛੀਨਾ : ਮੈਂ ਡਿਵੈਲਪਮੈਂਟ ਮਿਨਿਸਟਰ ਸਾਹਿਬ ਨੂੰ address ਕਰਦਾ ਹਾਂ। ਜੋ ਵੀ ਇਹ ਕੋਸ਼ਿਸ਼ ਕਰਦੇ ਰਹੇ ਕਿ ਦਰਿਆ ਉਥੇ ਨਾ ਵਧੇ। ਪਰ ਹੁਣ ਦਰਿਆ ਰਾਵੀ ਦੋ ਹਿੱਸਿਆਂ ਵਿਚ ਹੋ ਗਿਆ ਹੈ। ਬੁੱਢਾ ਨਾਲਾ part of Ravi ਬਣ ਗਿਆ ਹੈ................ (interruptions) ਖੈਰ ਮੈਂ ਅਜਨਾਲੇ ਲਈ ਫ਼ਿਰ ਇਹ ਕਹਾਂਗਾ ਕਿ ਇਸ ਇਲਾਕੇ ਨੂੰ ਛੇਤੀ ਤੋਂ ਛੇਤੀ ਜਿੰਨੀ ਜ਼ਿਆਦਾ ਹੋ ਸਕੇ ਮਦਦ ਪਹੁੰਚਾਈ ਜਾਏ। ਅੱਗੇ ਇਹ ਇਲਾਕਾ ਬਿਲਕੁਲ ignored ਹੀ ਰਿਹਾ ਹੈ। Consolidation ਵੀ ਨਹੀਂ ਹੋਈ, ਕੋਈ extension ਬਲਾਕ ਨਹੀਂ ਮਿਲਿਆ, ਕੋਈ Community Project ਇਥੇ ਨਹੀਂ ਖੁਲ੍ਹਿਆ। ਇਸ ਲਈ ਹੁਣ ਇਸ ਵਲ ਜ਼ਰੂਰ ਖਿਆਲ ਕੀਤਾ ਜਾਵੇ।

श्री गोरख नाथ (नरोट जैमल सिंह) : प्रधान जी, इस से पहले भी मेरे ज़िला के सज्जनों ने काफ़ी कुछ कहा है। और इस का हाल बताया है। हमारे ज़िला के उन इलाकों के नुकसान का तो अन्दाज़ा ही नहीं लगाया जा सकता जहां हड़ से तबाही हुई लेकिन बटाला जैसे शहर में सात-सात आठ-आठ और नौ-नौ फ़ुट पानी खड़ा हो गया। बारिश इतनी हुई कि सड़कों मकानों और दुकानों में बड़ी तेज़ी से पानी गया और इस तेज बहाव से गया कि जो बहुत पुरानी और मज़बूत buildings थीं वे भी बह गई। जितना नुकसान हुआ उस का कोई अन्दाज़ा अभी तक लग ही नहीं सका। जो भी अन्दाज़ा लगाया गया है वह यूं ही लगाया गया है। दर हकीकत बात यह है कि न हम में से और न ही अफ़सरों में से कोई अभी तक वहां उन इलाकों में जा पाया है। कल ही कुछ लोग बेड़ियों में पहुंचे हैं जहां नदी नाले cross ही नहीं करने देते ऐसे इलाकों और गांवों का क्या अन्दाज़ा लगाया जा सकता है। बहां बेड़ियां नहीं पहुँच सकती थीं, आमदोरफ़ात का कोई ज़रिया नहीं था। जब हवाई जहाज़ों के ज़रिए उन बेचारे मुसीबत के मारे लोगों को खुराक पहुंची तब कहीं उन्हें पता चला कि हमारी गवर्नमेंट हमारी पुश्त पर है। फिर भी हकीकत यह है कि लोगों में हौसला है बावजूद इस बात के कि उन के कोठे बह गए हैं, गांव तबाह हो गए हैं! मैं एक गांव में गया। आप सुन कर हैरान होंगे और अफसोस करेंगे कि कोई 80 पशु मरे पड़े थे। किसी का धड़, किसी के सींग, किसी का मुंह ही नज़र आ रहा था और बाकी के सभी हिस्से ज़मीन में-पानी में-दबे पड़े थे। इस तरह पशुओं का बहुत ही ज्याद नुकसान हुआ है। यह ठीक है कि आदमियों का नुकसान कम होगा। क्योंकि वे लोग ऊंची जगहों पर, छतों पर, या दरख्तों पर चढ़ गए होंगे, लेकिन फिर भी सौ के लग भग आदमी सारे ज़िला में मर गए होंगे। और भी बहुत से लोग होंगे जिन की कोई खबर नहीं पहुँची होगी।

[श्री गोरख नाथ]

गांव का मसला और तरह का है । बटाला शहर का मसला और तरह का है । इस शहर के अन्दर जहां गेलियां, टाली की लकड़ी और दूसरी लकड़ी बह गई है वहां मण्डी में अनाज का भी काफी नुकसान हुआ है । जो थोड़ा बहुत बच भी गया है, वह खाने के काबिल नहीं रहा । वहां का मसला इस तरह से हल हो सकता है अगर हमारी सरकार वहां पर जो refugees हैं उन के claims को priority category में ले आए और जल्द से जल्द मुआवजे का इन्तज़ाम करें । जो बाकी के लोग हैं उन्हें थोड़े सूद पर कर्ज़ दे कर उन्हें अपना कारोबार फिर से शुरु करने में मदद दी जाए । इस के अलावा दरिया के टूट जाने से बटाला शहर दो हिस्सों में बट चुका है । जल्दी से जल्दी पुल बनाने का भी इन्तज़ाम किया जाए ।

जहां तक गावों का ताल्लुक है अफसरों ने यह policy lay down की हुई है कि घरों की मुरम्मत करने के लिए और उन्हें फिर से बनाने के लिए 50 रुपए, 3 एकड़ नहरी या 6 एकड़ बारानी ज़मीन दी जाएगी । मैं समझता हूं कि यह बहुत थोड़ी मदद है । मैं मानता हूं कि वज़ीर और अफसर हवा में तो उड़ नहीं सकते लेकिन फिर भी इस नागहानी मुसीबत के वक्त उन लोगों के साथ हमदर्दी तो की जा सकती है और कुछ न कुछ मदद कर के उन का हौसला बढ़ाया जा सकता है । जहां rehabilitation के दौरान में बड़ी बड़ी सहूलियां देकर लोगों की मदद की थी मैं अर्ज़ करूंगा कि non-proprietors को कम से कम सौ रुपया ज़रूर देना चाहिए ताकि वे फिर से बस सकें । 50 रुपए से उन का कुछ नहीं बनेगा ।

Minister for Development : No discrimination will be made. All will be helped.

श्री गोरख नाथ : मैं समझता हूं कि उन्हें सब से बड़ी relief तो इसी में मिल जाएगी अगर उन्हें पटवारियों के हवाले न किया जाए । हम देखते हैं, आप देखते हैं कि जालन्धर Division तो बिल्कुल साफ हो गया है कोई जिमींदार ऐसा नहीं जिसका नुकसान न हुआ हो ।

श्री बनारसी दास गुप्ता (थानेसर): स्पीकर साहिब ! बारिश जो होती है वह बारानी रहमत होती है लेकिन इस बार बारिश हमारे पंजाब में बारानी ज़हमत साबित हुई है । इन बारिशों से हमारे पंजाब के लोगों की जो हालत हुई है और जो हालात हम ने देखे हैं वह बयान नहीं किए जा सकते । इन बारिशों की वजह से और जो इस सूबा के दरियाओं में सैलाब आए उन की वजह से लोगों के पास न रहने के लिए मकान रहे हैं, न खाने को अनाज, और न पहनने को कपड़ा । इस लिए सब से पहली ज़रूरत उन लोगों की यह है कि उन के लिए खुराक का इन्तज़ाम किया जाए । अगली ज़रूरत इस बात की है कि उन लोगों के लिए साया का इन्तज़ाम जल्दी किया जाए । जितने मकान उन लोगों के थे जो यमुना के किनारे बेट के इलाके में बसे हुए थे वह तकरीबन सब के सब गिर गए हैं जो कच्चे मकान थे वह तो बिल्कुल बह गए हैं और जो पक्के थे उन को भी नुकसान पहुंचा है । इस लिए मैं वज़ीर साहिब से दरखास्त करता हूं कि उन लोगों के लिए साया का जल्दी से जल्दी इन्तज़ाम किया जाए और जिन refugees की ज़मीनें यमुना नदी में आ गई हैं उन को उन की ज़मीनों के बदले में और ज़मीनें allot की जाएं अगर्चे मेरे एक साथी ने कह दिया है कि उन को किसी इमदाद की ज़रूरत नहीं मगर मैं अर्ज़

करता हूं कि अगर हम उन की ज़रूरतों की तरफ़ ध्यान दें तो इस में उन को काफी relief हो सकता है ।

एक तो उन को साया के लिए टीन की चदरों की ज़रूरत है । और मेरा ख्याल है कि अगर यह उन लोगों को दी जाए तो उन को काफ़ी फ़ायदा पहुँच सकता है । फिर उन को जो गवर्नमेंट की तरफ़ से loans मिलने वाले हैं वह उन्हें जल्दी से जल्दी मिलने चाहिएं । अगर यह उन को जल्दी दिये जाएं तो वह मकान जल्दी बना लेंगे उनको मकान बनाने के लिए cement की सख्त ज़रूरत है । अगर्चे कुछ cement उन के लिए मन्ज़ूर हुआ है लेकिन वह थोड़ा है । जितना जल्दी उन के लिए और cement मन्ज़ूर किया जाएगा उतनी ही जल्दी वह अपने मकानों को ठीक करा सकेंगे जो गिरने वाले हैं ।

फिर, स्पीकर साहिब, जो आटा उन लोगों को दिया जा रहा है या और राशन दिया जा रहा है वह चन्द दिनों तक तो उन को फायदा पहुंचा सकता है लेकिन वह लम्बे अरसे के लिए फ़ायदा नहीं दे सकता । इस लिए उन को गवर्नमेंट ने जो कुछ देना है वह फौरन दिया जाए ताकि वह अपनी जरूरीयाते ज़िन्दगी ले सकें क्योंकि गावों में उन के घर गिर गए हैं उन के पास खाने को कुछ नहीं रहा, पहनने को कपड़े नहीं रहे, और न ही उन के पास बर्तन तक रहे हैं ।

श्री बाबू दयाल (सोहना) : अध्यक्ष महोदय ! जब हम पंजाब की जालन्धर Division के हालात को देखते हैं तो वह बहुत ही खतरनाक मालूम देते हैं लेकिन जब मैं अपने ज़िला गुड़गावां की हालत को देखता हूँ । जिस ज़िला को बहुत पिछड़ा हुआ रखा गया है, वहां भी हालात बहुत खराब हैं ! ज़िला गुड़गावां जैसा पंजाब का कोई ज़िला भी पिछड़ा हुआ नहीं ।

अध्यक्ष महोदय: यदि आप मौजूदा floods के बारे में कुछ नहीं कहना तो आप बैठ जाएं । (If you have nothing to say about the recent floods then please resume your seat.

श्री बाबू दयाल : स्पीकर साहिब मैं अर्ज़ कर रहा था कि मेरे ज़िला गुड़गावां का जितना इलाका दरियाए यमुना के किनारे के पास है और जो खादड़ का इलाका कहलाता है उस इलाके के सारे गांव सैलाब के पानी की लपेट में आ गए हैं और वहां लोगों का बहुत नुकसान हुआ है । मैं ने अखबारों में पढ़ा है कि वहां इस सैलाब से फसलों का बहुत नुकसान हुआ है । मैं ने क्योंकि यहां आना था इस लिए वहां तो जा नहीं सका लेकिन अखबारों की खबर से यही पता चलता है कि वहां करीब पचास गांव तो बह गए । लोग जो जीवित हैं वे वृक्षों पर बैठे हैं । डिप्टी कमिश्नर जिसने हवाई जहाज़ से इन ग्रामों का भ्रमण किया, बताया कि फसलों को तो समस्त ज़िले में जितना नुकसान पहुंचा है उतना पंजाब में और कहीं नहीं हुआ । मिनिस्टर साहिबान जो वहां दौरे पर जाते रहे हैं उन को मालूम है कि इस साल मेरे ज़िला के सारे ही भागों में खरीफ़ की फ़सल कितनी अच्छी थी । स्पीकर साहिब, वैसे भी मेरे ज़िला में जितनी ज्यादा फसल खरीफ़ होती है उतनी जालन्धर Division के किसी ज़िला में नहीं होती । लोगों के ख्याल के मुताबिक वहां की फसल तकरीबन 80 फीसदी तबाह हो गई है लेकिन मेरा ख्याल है कि यह 75 फीसदी से कम तबाह नहीं हुई । और इसी तरह से और बहुत नुकसान हुआ है । इसलिए मैं गवर्नमेंट से appeal करता हूं कि वहां के किसानों को बैलों के लिए तकावी जल्दी दी

[श्री बाबू दयाल]
जाए क्योंकि सैलाब की वजह से उन के पास बैल भी नहीं रहे हैं । और खरीफ फसल नष्ट होने से भूमि अधिक में हाड़ी बोई जावेगी। इस लिए बीज की तकावी भी सब किसानों को दी जावे । बिलासपुर, पकड़ी रविवार, ग्रामों में हरिजनों के मकान नष्ट हो गए हैं । उन को सहायता मकान बनाने में दी जावे ।

ਸਰਦਾਰ ਦਰਬਾਰਾ ਸਿੰਘ (ਨੂਰ ਮਹਿਲ) : ਸਪੀਕਰ ਸਾਹਿਬ ! ਪੰਜਾਬ ਵਿਚ ਇਸ ਵਾਰ ਜਿਸ ਤਰ੍ਹਾਂ ਦੇ ਹੜ੍ਹ ਆਏ ਹਨ ਇਹੋ ਜਿਹੇ ਹੜ੍ਹਾਂ ਦਾ ਤਜਰਬਾ ਇਸ ਤੋਂ ਪਹਿਲੇ ਇਸ ਸੂਬੇ ਨੂੰ ਨਹੀਂ ਸੀ। ਇਸ ਲਈ ਜਿਹੜਾ ਨੁਕਸਾਨ ਇਸ ਸੂਬੇ ਵਿਚ ਲੋਕਾਂ ਦਾ ਇਨ੍ਹਾਂ ਹੜ੍ਹਾਂ ਕਰਕੇ ਹੋਇਆ ਹੈ ਉਹ ਅਨਗਿਣਤ ਹੈ ਅਤੇ ਇਸ ਨੁਕਸਾਨ ਦਾ ਹਾਲਾਂ ਤਾਈਂ ਕੋਈ ਠੀਕ ਹਿਸਾਬ ਨਹੀਂ ਲਗਾਇਆ ਜਾ ਸਕਿਆ। ਏਹੀ ਵਜ੍ਹਾ ਹੈ ਕਿ ਹਾਲਾਂ ਤਾਈਂ ਇਸ ਨੁਕਸਾਨ ਦੇ ਜਿਹੜੇ ਅੰਦਾਜ਼ੇ ਲਗਾਏ ਹਨ ਉਨ੍ਹਾਂ ਸਾਰਿਆਂ ਵਿਚ ਬੜੀ ਕਾਫੀ ਵਿਥ ਹੈ। ਇਸ ਲਈ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਨੁਕਸਾਨ ਬਹੁਤ ਹੋਇਆ ਹੈ ਅਤੇ ਹਾਲਾਂ ਤਾਈਂ ਬਹੁਤ ਸਾਰੇ ਇਹੋ ਜਿਹੇ ਇਲਾਕੇ ਵੀ ਹਨ ਜਿਥੇ ਖੁਰਾਕ ਜਾਂ ਹੋਰ ਕੋਈ ਚੀਜ਼ ਪਹੁੰਚਾਣੀ ਮੁਮਕਨ ਨਹੀਂ ਹੋ ਸਕੀ। ਭਾਵੇਂ ਗਵਰਨਮੈਂਟ ਨੇ ਅਤੇ ਲੋਕਾਂ ਨੇ ਦਿਲ ਨਾਲ ਉਨ੍ਹਾਂ ਨੂੰ ਮਦਦ ਪਹੁੰਚਾਣ ਦੀ ਕੋਸ਼ਸ਼ ਕੀਤੀ ਹੈ। ਇਹ ਤਕਲੀਫ ਪੰਜਾਬ ਦੇ ਹਰ ਹਿੱਸੇ ਨੂੰ ਹੋਈ ਹੈ ਅਤੇ ਇਨ੍ਹਾਂ ਬਾਰਸ਼ਾਂ ਕਰਕੇ ਪੰਜਾਬ ਦਾ ਹਰ ਹਿੱਸਾ ਸੈਲਾਬਜ਼ਦਾ ਹੋ ਗਿਆ ਹੈ। ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਸੈਲਾਬਜ਼ਦਾ ਲੋਕਾਂ ਦੀ ਪੂਰੀ ਪੂਰੀ ਇਮਦਾਦ ਕਰੇ ਅਤੇ ਇਨ੍ਹਾਂ ਵਲ ਪੂਰਾ ਪੂਰਾ ਧਿਆਨ ਦੇਵੇ।

ਇਸ ਸਹਾਇਤਾ ਦੇ ਕੰਮ ਲਈ ਗਵਰਨਮੈਂਟ ਨੇ ਜਿਹੜਾ staff ਰਖਿਆ ਹੋਇਆ ਹੈ ਮੈਂ ਸਮਝਦਾ ਹਾਂ ਕਿ ਇਹ ਬਹੁਤ ਥੋੜਾ ਹੈ। ਚਾਹੇ ਮਹਿਕਮਾ consolidation ਦਾ staff ਹੈ ਚਾਹੇ ਇਹ ਹੋਰ ਕਿਸੇ ਮਹਿਕਮੇ ਦਾ staff ਹੈ ਸਾਰੇ staff ਨੂੰ ਇਸ ਵੇਲੇ ਸਿਰਫ ਇਸੇ ਕੰਮ ਤੇ ਲਗਾ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਸਾਡੇ ਸੂਬੇ ਵਿਚ ਬੇਟ ਦੇ ਇਲਾਕੇ ਵਿਚ ਦਰਿਆਵਾਂ ਦੇ ਕੰਢਿਆਂ ਉਤੇ ਜਿੰਨੇ ਪਿੰਡ ਵਸੇ ਹੋਏ ਹਨ ਉਹ ਸਾਰੇ ਦੇ ਸਾਰੇ ਬਿਲਕੁਲ ਬਰਬਾਦ ਹੋ ਗਏ ਹਨ। ਇਸ ਵਿਚ ਵਡੀ ਬਦਕਿਸਮਤੀ ਇਹ ਹੈ ਕਿ ਜ਼ਿਆਦਾਤਰ ਸ਼ਰਨਾਰਥੀਆਂ ਨੂੰ ਜਿਹੜੇ 1947 ਦੇ ਸਾਲ ਦੇ ਬਾਅਦ ਇਧਰ ਆਏ ਸਨ ਉਨ੍ਹਾਂ ਨੂੰ ਬੇਟ ਦੇ ਇਲਾਕਿਆਂ ਵਿਚ ਹੀ ਜ਼ਮੀਨ allot ਕੀਤੀ ਗਈ ਸੀ। ਉਨ੍ਹਾਂ ਵਿਚੋਂ ਜਿੰਨੇ ਵੀ A class ਜ਼ਮੀਨ ਦੇ ਮਾਲਕ ਸਨ ਉਨ੍ਹਾਂ ਨੂੰ ਬੇਟ ਦੇ ਇਲਾਕਿਆਂ ਵਿਚ ਜ਼ਮੀਨ allot ਕੀਤੀ ਗਈ ਸੀ। ਉਨ੍ਹਾਂ ਦੀ ਇਨ੍ਹਾਂ ਹੜ੍ਹਾਂ ਕਰਕੇ ਮੁਕੰਮਲ ਤੌਰ ਤੇ ਤਬਾਹੀ ਹੋ ਗਈ ਹੈ ਅਤੇ ਸਭ ਤੋਂ ਜ਼ਿਆਦਾ ਹਰੀਜਨਾਂ ਦੀ ਤਬਾਹੀ ਹੋਈ ਹੈ। ਇਸ ਲਈ ਉਨ੍ਹਾਂ ਦੀ ਸਭ ਤੋਂ ਜ਼ਿਆਦਾ ਇਮਦਾਦ ਕੀਤੀ ਜਾਣੀ ਚਾਹੀਦੀ ਹੈ ਕਿਉਂ ਜੋ ਉਨ੍ਹਾਂ ਲੋਕਾਂ ਦੇ ਪਾਸ ਜੋ ਕੁਝ ਵੀ ਸੀ ਉਹ ਸਭ ਖਤਮ ਹੋ ਗਿਆ ਹੈ। ਇਹ ਠੀਕ ਹੈ ਕਿ ਕਿੰਨੇ ਹੀ ਆਦਮੀਆਂ ਦੀਆਂ ਮੌਤਾਂ ਹੋ ਗਈਆਂ ਹਨ ਲੇਕਿਨ ਜਿੰਨੀਆਂ ਕਈ ਲੋਕਾਂ ਨੇ ਦਸੀਆਂ ਹਨ ਉਤਨੀਆਂ ਨਹੀਂ ਹੋਈਆਂ ਪਰ ਫੇਰ ਵੀ ਖਾਸੀਆਂ ਮੌਤਾਂ ਹੋਈਆਂ ਹਨ। ਮੇਰੇ ਇਲਾਕੇ ਵਿਚ ਮਵੇਸ਼ੀਆਂ ਦੇ ਖੁਰ ਪਾਣੀ ਵਿਚ ਰਹਿਣ ਨਾਲ ਗਲ ਗਏ ਹਨ। ਇਸ ਲਈ ਮੈਂ ਸਰਕਾਰ ਅੱਗੇ ਬੇਨਤੀ ਕਰਦਾ ਹਾਂ ਕਿ ਉਹ ਜਿਥੇ ਉਨ੍ਹਾਂ ਲਈ ਖੁਰਾਕ ਦਾ ਇੰਤਜ਼ਾਮ ਕਰੇ ਉਥੇ ਉਨ੍ਹਾਂ ਦੀ ਦੇਖ ਭਾਲ ਦਾ ਇੰਤਜ਼ਾਮ ਵੀ ਕਰੇ ਕਿਉਂ ਜੋ ਇੰਨੇ serious flood ਆਉਣ ਨਾਲ ਇਕ ਤਾਂ ਉਨ੍ਹਾਂ ਲਈ ਚਾਰਾ ਬਿਲਕੁਲ ਨਹੀਂ ਰਿਹਾ ਦੂਜਾ ਉਨ੍ਹਾਂ ਦੇ ਖੁਰ ਗਲ ਗਏ ਹਨ। ਫੇਰ ਸਪੀਕਰ ਸਾਹਿਬ, ਹੁਣ ਜਿਹੜੀ ਬਾਰਸ਼ ਪੈ ਰਹੀ ਹੈ ਇਸ ਦੇ ਪੈਣ ਨਾਲ ਉਨ੍ਹਾਂ ਲੋਕਾਂ ਦੇ ਬਾਕੀ ਮਾਂਦਾ ਮਕਾਨ ਵੀ ਢਹਿ ਗਏ ਨੇ। ਇਸ ਮੀਂਹ ਦੇ ਪੈਣ ਨਾਲ ਉਥੇ ਹੁਣ ਬੀਮਾਰੀ ਪੈ ਜਾਣ ਦਾ ਵੀ ਡਰ ਹੈ। ਸਰਕਾਰ ਵਲੋਂ ਜਿਹੜੀ Medical aid ਉਨ੍ਹਾਂ ਲੋਕਾਂ ਨੂੰ ਦਿਤੀ ਜਾ ਰਹੀ ਹੈ ਉਹ ਬੜੀ ਚੰਗੀ ਹੈ ਪਰ ਇਹ ਹੋਰ ਵੀ ਤੇਜ਼ੀ ਨਾਲ ਦਿਤੀ ਜਾਣੀ ਚਾਹੀਦੀ ਹੈ ਕਿਉਂ ਜੋ ਬੀਮਾਰੀ ਫੈਲਣ ਦਾ ਬੜਾ ਡਰ

ਪੈਦਾ ਹੋ ਗਿਆ ਹੈ ।

ਸਪੀਕਰ ਸਾਹਿਬ ! ਇਸ ਸਿਲਸਿਲੇ ਵਿਚ ਭਾਵੇਂ ਸਾਡੀ ਗਵਰਨਮੈਂਟ ਬੜੀ ਮਦਦ ਦੇ ਰਹੀ ਹੈ ਪਰ ਮੈਂ ਕੁਝ ਤਜਵੀਜ਼ਾਂ ਇਸ ਮਨਤਵ ਲਈ ਇਸ ਅੱਗੇ ਹੋਰ ਰਖਣੀਆਂ ਚਾਹੁੰਦਾ ਹਾਂ । ਮੇਰੀ ਪਹਿਲੀ ਤਜਵੀਜ਼ ਇਹ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਬੇਟ ਵਿਚ ਸਨ ਅਤੇ ਹੁਣ ਉਹ ਦਰਿਆ ਥਲੇ ਆ ਗਈਆਂ ਹਨ ਉਨ੍ਹਾਂ ਦੇ ਮੁਆਵਜ਼ੇ ਵਿਚ ਉਨ੍ਹਾਂ ਨੂੰ ਹੋਰ ਜ਼ਮੀਨਾਂ allot ਕੀਤੀਆਂ ਜਾਣ । ਜਿਹੜੀਆਂ Evacuee lands ਹੁਣ ਖਾਲੀ ਪਈਆਂ ਹਨ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਵਿਚੋਂ allot ਕੀਤੀਆਂ ਜਾਣ ।

ਦੂਜੀ ਮੇਰੀ ਤਜਵੀਜ਼ ਇਹ ਹੈ ਕਿ ਲੋਕੀਂ ਤਕਾਵੀਆਂ ਦੇ ਕਰਜ਼ੇ ਲੈਣ ਤੋਂ ਬੜਾ ਘਬਰਾਉਂਦੇ ਹਨ । ਇਸ ਲਈ ਉਨ੍ਹਾਂ ਨੂੰ ਜਿਹੜੀ ਵੀ ਮਦਦ ਸਰਕਾਰ ਵਲੋਂ ਦਿਤੀ ਜਾਣੀ ਹੈ ਉਹ ਤਕਾਵੀਆਂ ਦੀ ਸ਼ਕਲ ਵਿਚ ਨਾ ਹੋਏ ਬਲਕਿ grants ਦੀ ਸ਼ਕਲ ਵਿਚ ਹੋਏ । ਲੋਕਾਂ ਨੂੰ Rehabilitation Department ਵਲੋਂ ਦਿਤੇ ਗਏ ਤਕਾਵੀਆਂ ਦੇ ਕਰਜ਼ਿਆਂ ਦਾ ਬੜਾ ਭੈੜਾ ਤਜਰਬਾ ਹੈ । ਸਾਨੂੰ ਉਸ ਤਜਰਬੇ ਦਾ ਫਾਇਦਾ ਉਠਾਕੇ ਇਹ ਇਮਦਾਦ grants ਦੀ ਸ਼ਕਲ ਵਿਚ ਜਲਦੀ ਦੇਣੀ ਚਾਹੀਦੀ ਹੈ ਤਾਂ ਜੋ ਉਹ ਲੋਕੀਂ ਆਪਣਾ ਕੰਮ ਕਾਜ ਸ਼ੁਰੂ ਕਰ ਸਕਣ । ਲੋਕ ਤਕਾਵੀਆਂ ਲੈਣ ਤੋਂ ਘਬਰਾਉਂਦੇ ਹਨ । ਜੇਕਰ ਉਨ੍ਹਾਂ ਨੂੰ ਤਕਾਵੀ ਕਰਜ਼ੇ ਜ਼ਰੂਰ ਹੀ ਦਿਤੇ ਜਾਣੇ ਹਨ ਤਾਂ ਇਹ ਉਨ੍ਹਾਂ ਨੂੰ ਲੰਮੀ terms ਲਈ ਦਿਤੇ ਜਾਣ ਅਤੇ ਉਹ ਵੀ ਬਗ਼ੈਰ ਸੂਦ ਦੇ ਹੋਣ । ਇਸਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਕੋਲੋਂ ਮਾਲੀਆ, ਆਬਿਆਨਾ ਅਤੇ Professional tax ਵਗ਼ੈਰਾ ਦੀ ਉਗਰਾਹੀ ਲੰਮੇ ਅਰਸੇ ਲਈ ਮੁਲਤਵੀ ਕਰ ਦਿਤੀ ਜਾਏ ।

ਮੈਂ ਅਰਜ਼ ਕਰਦਾ ਹਾਂ ਕਿ ਮੁਜ਼ਾਰਿਆਂ ਦੇ ਮਾਲਿਕ ਜਾਂ ਠੇਕੇਦਾਰ ਹਨ, ਭਾਵੇਂ ਫਸਲ ਤਬਾਹ ਹੋ ਗਈ ਹੈ, ਉਹ ਫਸਲ ਦੀ ਉਗਰਾਹੀ ਲਈ ਮੁਜ਼ਾਰਿਆਂ ਪਾਸ ਜਾਣਗੇ । ਇਹ ਠੀਕ ਹੈ ਕਿ ਗਵਰਨਮੈਂਟ ਉਨ੍ਹਾਂ ਨੂੰ ਨਹੀਂ ਰੋਕ ਸਕੇਗੀ ਮਗਰ ਮੁਜ਼ਾਰਿਆਂ ਦੀ ਦੇਖ ਭਾਲ ਹੋਣੀ ਚਾਹੀਦੀ ਹੈ । ਫਿਰ ਮੈਂ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਗਵਰਨਮੈਂਟ ਨੇ ਆਪਣੇ ਢੰਗ ਨਾਲ ਕੋਸ਼ਿਸ਼ ਕੀਤੀ ਹੈ ਉਥੇ ਮੈਂਬਰ ਸਾਹਿਬਾਨ ਵੀ ਆਪਣੇ 2 ਹਲਕਿਆਂ ਵਿਚ ਜਾਕੇ ਕੰਮ ਕਰਨ, ਮੁਸੀਬਤਜ਼ਦਾ ਲੋਕਾਂ ਦੀ ਮਦਦ ਲਈ ਘਰ 2 ਜਾ ਕੇ ਕਪੜੇ ਵਗ਼ੈਰਾ ਇਕੱਠੇ ਕਰਨ ਤਾਂ ਜੋ ਇਨ੍ਹਾਂ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਹੋ ਸਕੇ । ਵਕਤ ਥੋੜਾ ਹੈ ਇਸ ਲਈ ਇਹ ਹੀ ਤਜਵੀਜ਼ਾਂ ਪੇਸ਼ ਕਰਕੇ ਬੈਠਦਾ ਹਾਂ ।

ਸਰਦਾਰ ਮੁਖਤਿਆਰ ਸਿੰਘ (ਮੋਗਾ ਧਰਮਕੋਟ) : ਸਪੀਕਰ ਸਾਹਿਬ ! ਮੈਂ ਸਮਝਦਾ ਹਾਂ ਕਿ ਨੁਕਸਾਨ ਸਾਰੇ ਪੰਜਾਬ ਵਿਚ ਹੋਇਆ ਹੈ ਲੇਕਿਨ ਜੋ ਨੁਕਸਾਨ ਜ਼ਿਲਾ ਫਿਰੋਜ਼ਪੁਰ ਦੀ ਤਸੀਲ ਜ਼ੀਰਾ ਜਾਂ ਮੋਗਾ ਵਿਚ ਹੋਇਆ ਹੈ, ਉਹ ਸਾਰੇ ਪੰਜਾਬ ਦੇ ਨੁਕਸਾਨ ਦੇ total ਦੇ ਬਰਾਬਰ ਹੈ ਕਿਉਂਕਿ ਕਿਤੇ ਫਸਲ ਬਚ ਗਈ ਹੈ, ਕਿਤੇ ਕਪੜੇ ਬਚ ਗਏ ਤੇ ਕਿਤੇ ਪਸ਼ੂ ਬਚ ਗਏ ਮਗਰ ਬੇਟ ਦੇ ਇਲਾਕੇ ਵਿਚ ਕੁਝ ਨਹੀਂ ਬਚਿਆ ਅਤੇ ਇਹ ਜੋ Chief Minister ਸਾਹਿਬ ਨੇ ਦਵਾਈਆਂ ਬਾਰੇ ਦਸਿਆ ਹੈ, ਮੈਂ ਕਹਿੰਦਾ ਹਾਂ ਲੋਕਾਂ ਨੂੰ ਦਵਾਈਆਂ ਮਿਲਣੀਆਂ ਤਾਂ ਦਰਕਿਨਾਰ ਲੋਕਾਂ ਨੂੰ ਰੋਟੀਆਂ ਨਹੀਂ ਮਿਲਦੀਆਂ ਉਹ ਭੁਖੇ ਹਨ । ਗਲ 2 ਪਾਣੀ ਹੈ ਉਥੇ ਹਾਲੇ ਤਕ ਕੋਈ ਪਹੁੰਚ ਨਹੀਂ ਸਕਿਆ । ਇਸ ਲਈ ਮੈਂ Development Minister ਸਾਹਿਬ ਅੱਗੇ ਬੇਨਤੀ ਕਰਾਂਗਾ ਕਿ ਇਸ ਗੱਲ ਦਾ ਖਿਆਲ ਰਖਣ ਕਿ ਉਨ੍ਹਾਂ ਦੀਆਂ ਤਿੰਨ ਫਸਲਾਂ ਤਬਾਹ ਹੋ ਗਈਆਂ ਹਨ । ਇਕ ਉਹ ਜਿਹੜੀ ਘਰ ਪਈ ਸੀ ਦੂਸਰੀ ਉਹ ਬੀਜ ਨਹੀਂ ਸਕੇ ਤੇ ਤੀਸਰੀ ਜਿਹੜੀ ਖੇਤ ਵਿਚ ਸੀ । ਇਹ ਹਾਲਤ ਹੈ ਤਸੀਲ ਜ਼ੀਰਾ ਅਤੇ ਤਸੀਲ ਮੋਗਾ ਦੀ । ਇਸ ਲਈ ਇਥੋਂ ਹੀ ਇਕ circular ਜਾਰੀ ਕਰਨਾ ਚਾਹੀਦਾ ਹੈ ਕਿ ਮਾਮਲਾ ਲੈਣਾ ਬੰਦ ਕੀਤਾ ਜਾਵੇ ਨਹੀਂ ਤਾਂ ਕਿਤੇ ਲੋਕਾਂ ਨੂੰ ਅਫਸਰਾਂ ਮਗਰ ਖਵਾਰ ਨਾ ਹੋਣਾ ਪਵੇ, ਰਿਪੋਰਟਾਂ ਨਾ ਕਰਨੀਆਂ ਪੈਣ । ਮੈਂ ਸਮਝਦਾ ਹਾਂ ਕਿ Development Minister ਸਾਹਿਬ ਇਸ ਬਾਰੇ ਖਿਆਲ ਕਰਨਗੇ । ਹਾਲਤ ਇਨ੍ਹਾਂ ਨੇ ਹਵਾਈ ਜਹਾਜ਼ ਰਾਹੀਂ ਵੇਖੀ ਵੀ ਹੈ

[ਸਰਦਾਰ ਮੁਖਤਿਆਰ ਸਿੰਘ]
ਅਫਸਰਾਂ ਨੇ ਵੀ ਵੇਖੀ ਹੈ, ਇਸ ਲਈ ਇਥੋਂ ਹੀ circular ਜਾਰੀ ਕਰਨ ਕਿ ਫਸਲਾਂ ਦੇ ਮਾਮਲੇ ਦੀ ਉਗਰਾਹੀ ਬੰਦ ਕਰਨ। ਇਸਦੇ ਬਾਅਦ ਖੁਦ ਜਾਕੇ ਵੇਖਣ। ਜੇਕਰ ਦਵਾਈਆਂ tents ਅਤੇ ਪਸ਼ੂਆਂ ਦੇ ਚਾਰੇ ਦਾ ਇੰਤਜ਼ਾਮ ਹੋਣਾ ਹੋਵੇ ਤਾਂ ਜਲਦੀ ਤੋਂ ਜਲਦੀ ਹੋਵੇ ਨਹੀਂ ਤਾਂ ਇਸ ਇਲਾਕੇ ਦੇ ਬੰਦੇ ਤਕ ਮਰ ਜਾਣਗੇ ਪਸ਼ੂ ਤਾਂ ਕੋਈ ਨਹੀਂ ਬਚੇਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ Development Minister ਸਾਹਿਬ ਇਸ ਪਾਸੇ ਧਿਆਨ ਦੇਣ ਕਿਉਂਕਿ ਇਹ ਤਸੀਲਾਂ ਸਭ ਪਾਸਿਉਂ ਪਾਣੀ ਨਾਲ ਘਿਰੀਆਂ ਹੋਈਆਂ ਹਨ, ਪਿੰਡਾਂ ਵਿਚ ਕੋਈ ਪੇਂਡੂ ਨਹੀਂ। ਇਸ ਲਈ ਜਲਦੀ ਤੋ ਜਲਦੀ ਅਨਾਜ, ਚਾਰੇ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਜੋ ਆਦਮੀ ਪਿੰਡਾਂ ਵਿਚੋਂ ਕੁਝ ਨਹੀਂ ਕੱਢ ਸਕੇ ਉਨ੍ਹਾਂ ਨੂੰ ਗਰਾਂਟ ਦਿਤੀ ਜਾਵੇ। ਸਾਰੇ ਸਾਧਨ ਵਰਤੇ ਜਾਣ ਅਤੇ ਲੋਕ, ਫੌਜ ਜਾਂ ਹੋਰ ਕੋਈ ਭੀ ਜੋ ਸਹਾਇਤਾ ਕਰੇਗਾ ਉਸ ਨਾਲ ਮਿਲਵਰਤਨ ਕਰਨਗੇ।

ਸਰਦਾਰ ਵਰਿਆਮ ਸਿੰਘ (ਅੰਮ੍ਰਿਤਸਰ) : ਸਪੀਕਰ ਸਾਹਿਬ, ਜੱਟ ਕਿਸਾਨ ਦੀ ਜੋ ਦੌਲਤ ਹੁੰਦੀ ਹੈ ਉਹ ਬਾਹਰ ਖੇਤਾਂ ਵਿਚ ਅਸਮਾਨ ਦੇ ਥੱਲੇ ਹੁੰਦੀ ਹੈ। ਜੇਕਰ ਕੋਈ ਕੁਦਰਤੀ ਕਹਿਰ ਆਵੇ ਤਾਂ ਉਸਦਾ ਬਰਬਾਦ ਹੋ ਜਾਣਾ ਜ਼ਰੂਰੀ ਹੁੰਦਾ ਹੈ, ਉਸਦਾ ਬਚਾ ਨਹੀਂ ਹੋ ਸਕਦਾ। ਸਾਡੇ ਇਸ ਸੂਬੇ ਵਿਚ ਵੱਡਾ ਕਾਰੋਬਾਰ ਖੇਤੀ ਹੈ ਅਤੇ ਖੇਤੀ ਤਬਾਹ ਹੋ ਜਾਣ ਨਾਲ ਸਿਰਫ ਪੇਂਡੂ ਹੀ ਨਹੀਂ, ਕਿਸਾਨ ਹੀ ਨਹੀਂ, ਖੇਤੀ ਹਰ ਮਜ਼ਦੂਰ ਅਤੇ ਕਾਰਖਾਨੇ ਚਲਾਉਣ ਵਾਲੇ ਵੀ ਤਬਾਹ ਹੋ ਜਾਂਦੇ ਹਨ। ਇਸ ਖੌਫਨਾਕ ਸੈਲਾਬ ਨਾਲ ਪੰਜਾਬ ਦੀ ਸਾਰੀ ਆਬਾਦੀ ਗਰੀਬ ਹੋ ਗਈ ਹੈ। ਇਸ ਸਿਲਸਿਲੇ ਵਿਚ ਆਪ ਨੂੰ ਪਤਾ ਹੈ ਕਿ ਬਹੁਤ ਸਾਰੇ ਮਕਾਨ ਢੱਠ ਗਏ ਹਨ। ਪਿੰਡਾਂ ਵਿਚ ਸਭ ਤੋਂ ਜ਼ਿਆਦਾ ਅਸਰ ਉਨ੍ਹਾਂ ਮਕਾਨਾਂ ਤੇ ਹੋਇਆ ਹੈ ਜੋ ਪਿੰਡੋਂ ਬਾਹਰ ਹਨ, ਨੀਵੇਂ ਥਾਂ ਤੇ ਹਨ, ਗਰੀਬ ਹਰੀਜਨ ਆਬਾਦੀ ਦੇ ਮਕਾਨ ਹਨ, ਉਹ 100 ਫੀ ਸਦੀ ਡਿਗ ਚੁਕੇ ਹਨ। ਇਸ ਸਿਲਸਿਲੇ ਵਿਚ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣ ਜਦ ਹਰੀਜਨਾਂ ਦੇ ਮਕਾਨ ਬਨਾਉਣ ਦਾ ਇੰਤਜ਼ਾਮ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਪਿੰਡਾਂ ਵਿਚ ਉੱਚੀ ਥਾਂ ਲਭ ਕੇ ਦਿਤੀ ਜਾਵੇ। ਜੇਕਰ ਹੁਣ ਤੁਸੀਂ 75 ਜਾਂ 100 ਰੁਪਏ ਦੇ ਕੇ ਉਨ੍ਹਾਂ ਦੀ ਉਸੇ ਥਾਂ ਮਕਾਨ ਬਨਾਣ ਲਈ ਮਦਦ ਕੀਤੀ ਵੀ ਤਾਂ ਕੀ ਕਿਹਾ ਜਾ ਸਕਦਾ ਹੈ ਕਿ ਅਗਲੇ ਸਾਲ ਕੁਦਰਤ ਨੂੰ ਕੀ ਮਨਜ਼ੂਰ ਹੈ। ਇਸ ਲਈ ਉਨ੍ਹਾਂ ਨੂੰ ਉੱਚਾ ਥਾਂ ਦਿਤਾ ਜਾਵੇ। ਸਪੀਕਰ ਸਾਹਿਬ, ਅੱਜ ਜੇ ਉਨ੍ਹਾਂ ਮਜ਼ਦੂਰਾਂ ਹਰੀਜਨਾਂ ਆਦਿ ਨੂੰ 50 ਜਾਂ 100 ਰੁਪਿਆ ਮਕਾਨ ਬਨਾਣ ਲਈ ਦਿਤਾ ਜਾਵੇ ਤਾਂ ਇਸ ਛੋਟੀ ਰਕਮ ਨਾਲ ਉਹ ਮਕਾਨ ਨਹੀਂ ਬਣਾ ਸਕਣਗੇ, ਉਸਦੀ ਦੋ ਮਣ ਕਣਕ ਲੈਕੇ ਖਾ ਜਾਣਗੇ। ਇਸ ਲਈ ਮੈਂ ਤਜਵੀਜ਼ ਕਰਨੀ ਚਾਹੁੰਦਾ ਹਾਂ ਕਿ ਸਰਦੀ ਤੋਂ ਪਹਿਲਾਂ ਉਨ੍ਹਾਂ ਨੂੰ military ਪਾਸੋਂ ਲੈਕੇ ਯਾ ਕੋਈ ਹੋਰ ਇੰਤਜ਼ਾਮ ਕਰਕੇ ਤੰਬੂ ਦਿਤੇ ਜਾਣ, ਸਰਕਾਰ ਕੰਮ ਦੇਵੇ ਅਤੇ ਉਹ ਮਿਹਨਤ ਮਜ਼ਦੂਰੀ ਕਰਕੇ ਗਰਮੀਆਂ ਦੇ ਖੁਲ੍ਹੇ ਦਿਨਾਂ ਵਿਚ ਕੋਠੇ ਖੜੇ ਕਰ ਲੈਣਗੇ। ਮੈਂ ਸਮਝਦਾ ਹਾਂ ਅਤੇ ਹਰ ਕੋਈ ਇਹ ਸਮਝਦਾ ਹੈ ਕਿ ਕਚੇ ਕੋਠੇ ਦਾ ਕੋਈ ਫਾਇਦਾ ਨਹੀਂ। ਇਹ ਕਿਹਾ ਗਿਆ ਹੈ ਕਿ ਗਵਰਨਮੈਂਟ ਛੇ ਕਰੋੜ ਰੁਪਿਆ ਮਦਦ ਵਲੋਂ ਖਰਚ ਕਰ ਰਹੀ ਹੈ। ਮੈਂ ਕਹਿੰਦਾ ਹਾਂ ਕਿ ਭੱਠੇ ਵਾਲਿਆਂ ਨੂੰ ਸਰਕਾਰ ਕੋਲਾ ਮੁਫਤ supply ਕਰੇ ਅਤੇ ਉਹ ਇੱਟਾਂ ਦੀ ਕੀਮਤ ਅੱਧੀ ਰਖਣ, ਲੋਕਾਂ ਨੂੰ ਇੱਟਾਂ ਸਸਤੀਆਂ ਮਿਲਣ ਅਤੇ ਉਹ ਪੱਕੇ ਮਕਾਨ ਬਨਾਉਣ। ਇਸ ਤੋਂ ਇਲਾਵਾ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਜਿਸ ਪਿੰਡ ਵੀ ਗਿਆ ਹਾਂ, ਅਤੇ ਲੋਕਾਂ ਤੋਂ ਪੁਛਿਆ ਕਿ ਇਹ ਤਾਂ ਠੀਕ ਹੈ ਕਿ ਐਨੀ ਮੁਸੀਬਤ ਤਾਂ ਪਰਮਾਤਮਾ ਵਲੋਂ ਆਉਂਦੀ ਹੈ, ਕੋਈ ਕੁਝ ਨਹੀਂ ਕਰ ਸਕਦਾ ਪਰ ਤੁਸੀਂ ਦਸੋ ਕਿ ਤੁਹਾਡਾ ਕੀ ਖਿਆਲ ਹੈ। ਉਨ੍ਹਾਂ ਦੀ ਇਕ ਹੀ ਆਵਾਜ਼ ਸੀ ਕਿ ਇਹ ਮੁਸੀਬਤ ਦੂਸਰੀ ਵਾਰ ਨਾ ਆਵੇ। ਜਿਥੋਂ ਤਕ ਬੇਟ ਦੇ ਇਲਾਕੇ ਦਾ ਸਬੰਧ ਹੈ, ਹੋ ਸਕਦਾ ਹੈ ਕਿ ਗਵਰਨਮੈਂਟ ਇਸ ਦੇ ਬਚਾ ਦੇ ਕੰਮ ਵਿਚ ਜਲਦੀ ਸਫਲ ਨਾ ਹੋਵੇ। ਮਕਾਨ ਜੋ ਗਿਰੇ ਹਨ, ਫਸਲਾਂ ਜੋ ਤਬਾਹ ਹੋਈਆਂ ਹਨ ਉਹ ਇਹ ਨਿਰੀ ਬਾਰਿਸ਼ ਨਾਲ ਨਹੀਂ ਹੋਈਆਂ, ਇਹ ਨੁਕਸਾਨ ਜ਼ਿਆਦਾ ਉਥੇ ਹੋਇਆ ਜਿਥੇ ਰੋੜ੍ਹ

ਪਿਆ । Drainage ਦਾ ਪ੍ਰਬੰਧ ਨਾ ਹੋਣ ਕਰਕੇ ਇਹ ਨੁਕਸਾਨ ਹੋਇਆ । ਬਟਾਲੇ ਦੇ ਨੁਕਸਾਨ ਦਾ ਜ਼ਿਕਰ ਆਇਆ। ਹਸਰੀ ਜਿਸਦਾ ਦੂਜਾ ਨਾਮ ਕਾਹੂਰ ਨਾਲਾ ਵੀ ਹੈ, ਨੇ ਬੜਾ ਨੁਕਸਾਨ ਕੀਤਾ। ਇਸ ਨਾਲੇ ਦੀ ਖੁਦਾਈ ਨਾ ਹੋਣ ਕਰਕੇ ਗੁਰਦਾਸਪੁਰ ਤੋਂ ਪਾਕਿਸਤਾਨ ਤਕ ਜਿੰਨੇ ਖੇਤ ਇਸਦੇ ਕੰਢੇ ਹਨ ਉਨ੍ਹਾਂ ਵਿਚ ਦੂਰ ਤਕ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ, ਸਾਰੀਆਂ ਫਸਲਾਂ ਤਬਾਹ ਕਰ ਦਿਤੀਆਂ ਹਨ । ਇਸ ਤਬਾਹੀ ਦੇ ਕਾਰਨ ਨੂੰ ਹਟਾ ਦਿਤਾ ਜਾਵੇ । ਸਕੀਮ ਬਣੀ ਸੀ ਕਿ 14 ਲੱਖ ਗਵਰਨਮੈਂਟ ਦੇਵੇ ਅਤੇ 14 ਲੱਖ ਲੋਕ ਦੇਣ ਤਾਂ ਇਸ ਨਾਲੇ ਦੀ ਖੁਦਾਈ ਕੀਤੀ ਜਾਵੇ । ਲੇਕਿਨ ਕੁਝ ਸਰਕਾਰ ਵਿਰੋਧੀਆਂ ਨੇ ਇਸ ਸਕੀਮ ਦੇ ਖਿਲਾਫ਼ ਜ਼ੋਰ ਨਾਲ ਅਜਿਹਾ propaganda ਕੀਤਾ ਕਿ ਲੋਕ ਉਨ੍ਹਾਂ ਦੇ ਬਹਿਕਾਵੇ ਵਿਚ ਆ ਗਏ, ਅਸੀਂ ਕਾਂਗਰਸ ਵਾਲੇ ਵੀ ਚੁਪ ਹੋ ਗਏ ਕਿ ਪਬਲਕ ਨੂੰ ਨਰਾਜ਼ ਨਾ ਕੀਤਾ ਜਾਵੇ ਪਰ ਹੁਣ ਲੋਕ ਤਿਆਰ ਹਨ। ਸਰਕਾਰ ਲੋਕਾਂ ਨੂੰ drainage ਵਗੈਰਾ ਲਈ ਸਹਾਇਤਾ ਦੇਵੇ ਤਾਂ ਲੋਕ ਮਸ਼ਕੂਰ ਹੋਣਗੇ ।

ਸਪੀਕਰ ਸਾਹਿਬ ! ਇਕ ਗੱਲ ਦਾ ਮੈਂ ਜ਼ਿਕਰ ਹੋਰ ਕਰਾਂਗਾ ਅਤੇ ਉਹ ਜ਼ਰੂਰੀ ਹੈ। ਸਰਦਾਰ ਸਰੂਪ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ ਅੱਜ ਤਕ ਕਦੇ ਹੜ੍ਹ ਦਾ ਪਾਣੀ ਨਹੀਂ ਆਇਆ ਸੀ ਇਸ ਵਾਰ ਉਥੇ 5, 5 ਫੁਟ ਪਾਣੀ ਗਿਆ ਹੈ, ਇਹ ਕਿਉਂ ਹੋਇਆ ਇਹ ਨਹਿਰ ਟੁਟਣ ਕਰਕੇ ਹੋਇਆ ਹੈ, ਸਾਡੇ ਪਿੰਡ ਸੁਲਤਾਨਵਿੰਡ ਵਿਚ ਦੀ ਨਹਿਰ ਟੁਟੀ ਤਾਂ ਸਾਡੇ ਪਿੰਡ ਦੇ ਡੇਢ੍ਹ ਦੋ ਸੌ ਆਦਮੀ ਉਸਨੂੰ ਬਨਾਣ ਗਏ। ਉਥੇ ਨਹਿਰ ਦਾ S. D. O. ਸਿਰਫ਼ ਚਾਰ ਆਦਮੀਆਂ ਨਾਲ ਸ਼ਹਿਰ ਵਲ ਟੁਟ ਰਹੀ ਨਹਿਰ ਨੂੰ ਬਨਾਣ ਦਾ ਯਤਨ ਕਰ ਰਿਹਾ ਸੀ, ਸੁਲਤਾਨਵਿੰਡ ਪਿੰਡ ਵਾਲੇ ਕੁਝ ਬੋਰੀਆਂ ਲੈ ਗਏ ਅਤੇ ਦਰਖਤ ਕਟ ਕਟ ਕੇ ਮੂੰਹੇ ਵਿਚ ਰਖਣ ਲਗੇ ਤਾਂ ਉਸ ਅਫਸਰ ਨੇ ਧਮਕੀ ਦਿਤੀ "ਮੈਂ 2,000 ਰੁਪਿਆ ਤਾਵਾਨ ਪਾ ਦਿਆਂਗਾ, ਤੁਹਾਨੂੰ ਕੀ ਪਤਾ ਨਹਿਰ ਨੂੰ ਕਿਸ ਤਰ੍ਹਾਂ ਬੰਨ੍ਹੀ ਦਾ ਹੈ" ਸਪੀਕਰ ਸਾਹਿਬ, ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਇਕ ਪਾਸੇ ਲੋਕਾਂ ਨੇ ਆਪਣੀ ਹਿੰਮਤ ਨਾਲ ਨਹਿਰ ਨੂੰ ਬੰਨ੍ਹ ਕੇ ਪੰਜ ਹਜ਼ਾਰ ਦੀ ਵੱਸੋਂ ਦੇ ਆਪਣੇ ਕਸਬੇ ਨੂੰ ਬਚਾ ਲਿਆ ਪਰ ਦੂਜੇ ਪਾਸੇ ਜਿਧਰ ਉਹ S. D. O ਇੰਤਜ਼ਾਮ ਕਰ ਰਿਹਾ ਸੀ ਨਹਿਰ ਰੁੜ੍ਹ ਗਈ ਤੇ ਪਾਣੀ ਸ਼ਹਿਰ ਦੇ ਘਰਾਂ, ਗੁਦਾਮਾਂ ਤੇ ਕਾਰਖਾਨਿਆਂ ਵਿਚ ਦਾਖਲ ਹੋ ਗਿਆ। ਸ਼ਹਿਰ ਦੇ ਆਲੇ ਦੁਆਲੇ 900 ਏਕੜ ਜ਼ਮੀਨ ਵਿਚ ਜਿਹੜੀ ਆਲੂਆਂ ਦੀ ਕੀਮਤੀ ਫਸਲ, ਵਧੀਆ ਬੀਜ ਤੇ ਖਾਦ ਪਾ ਕੇ ਲਗਾਈ ਗਈ ਸੀ ਸਾਰੀ ਦੀ ਸਾਰੀ ਤਬਾਹ ਹੋ ਗਈ। ਆਲੂ ਸਾਡੀ ਖੁਰਾਕ ਦਾ ਇਕ ਜ਼ਰੂਰੀ ਹਿੱਸਾ ਹੈ। potato growers ਦਾ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ grants ਨਾਲ ਕੁਝ ਨਹੀਂ ਬਣ ਸਕਦਾ, ਉਨ੍ਹਾਂ ਨੂੰ ਖੁਲ੍ਹੇ ਕਰਜ਼ੇ ਦਿਤੇ ਜਾਣ ਤਾਂ ਜੋ ਉਹ ਉਨ੍ਹਾਂ ਖੇਤਾਂ ਵਿਚ ਦੁਬਾਰਾ ਆਲੂ ਲਗਾਣ ਦੀ ਹਿੰਮਤ ਕਰਨ।

ਤਕਾਵੀ ਲਈ ਜਿਹੜਾ ਦੋ ਕਰੋੜ ਰੁਪਿਆ ਰਖਿਆ ਗਿਆ ਹੈ, ਕਰਜ਼ੇ ਦੀ ਹੱਦ ਵਧਾ ਕੇ ਅਤੇ Co-operative Societies ਦੀ membership ਵਧਾ ਕੇ ਉਨ੍ਹਾਂ ਰਾਹੀਂ ਦੇਣ ਦੀ ਕੋਸ਼ਸ਼ ਕੀਤੀ ਜਾਵੇ।

ਜਿਥੋਂ ਤਕ ਬਿਜਲੀ ਦੇ charges ਦਾ ਸੰਬੰਧ ਹੈ, ਮੈਨੂੰ ਸਮਝ ਨਹੀਂ ਆਈ ਕਿ ਮੁਆਫੀ ਕਦੋਂ ਤੋਂ ਦਿਤੀ ਜਾਣੀ ਹੈ। ਪਿਛਲੇ ਸਾਰੇ charges ਤਾਂ ਕਿਸਾਨ ਦੇ ਚੁਕੇ ਹਨ ਕਿਉਂ ਜੋ ਬਿਜਲੀ ਦਾ ਬਿਲ ਹਰ ਮਹੀਨੇ ਅਦਾ ਕੀਤਾ ਜਾਂਦਾ ਹੈ। ਸਰਕਾਰ ਵਲੋਂ ਇਸ ਗੱਲ ਨੂੰ clear ਕੀਤਾ ਜਾਵੇ ।

5 ਅਕਤੂਬਰ ਦੇ ਬਾਅਦ ਹੜ੍ਹ ਦੇ ਪਾਣੀ ਤੋਂ ਬਚਣ ਲਈ ਮਜਬੂਰ ਹੋਕੇ ਲਕਾਂ ਨੇ ਕਈ ਜਗ੍ਹਾ ਤੋਂ ਨਹਿਰਾਂ ਕਟੀਆਂ ਸਨ। ਇਹ ਗੱਲ Deputy Commissioner ਸਾਹਿਬ ਦੇ ਇਲਮ ਵਿਚ ਹੈ। ਹੁਣ ਮਹਿਕਮਾ ਨਹਿਰ ਵਲੋਂ ਪੁਲਸ ਪਾਸ ਪਰਚੇ ਤੇ ਰਿਪੋਰਟਾਂ ਕਰਵਾਈਆਂ ਜਾ ਰਹੀਆਂ ਹਨ ਅਤੇ ਤਫ਼ਤੀਸ਼ਾਂ ਸ਼ੁਰੂ ਹੋ ਗਈਆਂ ਹਨ । ਇਹ ਚੀਜ਼ਾਂ ਮਹਿਕਮਾ ਨਹਿਰ ਆਪਣੀ ਇਸ ਗਲਤੀ ਨੂੰ ਛੁਪਾਣ ਲਈ ਕਰ ਰਿਹਾ ਹੈ ਕਿ ਨਹਿਰ ਤਿੰਨ, ਚਾਰ ਤਾਰੀਖ ਨੂੰ ਚਲਦੀ ਰਹੀ ਭਾਵੇਂ ਇੰਨੀ ਸਖਤ ਬਾਰਸ਼ ਵੀ ਹੋ ਰਹੀ ਸੀ। ਫੇਰ, ਜਿਸ ਦਿਨ ਪਠਾਨਕੋਟ ਜਾਣ ਵਾਲੀਆਂ ਟਰੇਨਾਂ ਬੰਦ ਹੋ ਗਈਆਂ

[ਸਰਦਾਰ ਵਰਿਆਮ ਸਿੰਘ]
ਸਨ, ਬੱਸਾਂ ਚਲਾਣ ਵਾਲਿਆਂ ਦੇ ਇਸ ਕਰਕੇ ਚਲਾਨ ਕੀਤੇ ਗਏ ਕਿ ਉਹ ਆਪਣੇ time ਤੋਂ ਪਹਿਲਾਂ ਚਲ ਰਹੇ ਸਨ ਹਾਲਾਂ ਕਿ ਉਹ ਲੋਕਾਂ ਨੂੰ ਜਲਦੀ ਕਢਣ ਲਈ ਇਸ ਤਰ੍ਹਾਂ ਕਰ ਰਹੇ ਸਨ ਤੇ ਉਨ੍ਹਾਂ ਦਾ ਤੇ ਸਰਕਾਰ ਨੂੰ ਧੰਨਵਾਦ ਕਰਨਾ ਚਾਹੀਦਾ ਸੀ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਹ ਇਨ੍ਹਾਂ ਦਿਨਾਂ ਵਿਚ ਤੋੜੀਆਂ ਗਈਆਂ ਨਹਿਰਾਂ ਬਾਰੇ ਅਤੇ ਬੱਸਾਂ ਬਾਰੇ ਪਰਚੇ ਅਤੇ ਚਲਾਣ ਵਾਪਸ ਲਏ।

ਸਪੀਕਰ ਸਾਹਿਬ, ਜਿਸ ਵੇਲੇ ਅੰਮ੍ਰਿਤਸਰ ਬਾਕੀ ਪੰਜਾਬ ਤੋਂ ਕਟ ਗਿਆ ਸੀ, ਤਾਂ ਹਰ ਸ਼ਖਸ ਦੀ ਜ਼ਬਾਨ ਤੇ D. C. ਤੇ S. S. P. ਦੀ ਪ੍ਰਸੰਸਾ ਸੀ, ਉਸ ਦਲੇਰੀ ਲਈ ਜਿਹੜੀ ਉਨ੍ਹਾਂ ਨੇ ਹਾਲਾਤ ਦਾ ਮੁਕਾਬਲਾ ਕਰਨ ਵਿਚ ਦਿਖਾਈ। ਸ਼ਹਿਰ ਦੀਆਂ ਬਾਹਰਲੀਆਂ ਬਸਤੀਆਂ ਹੁਸੈਨਪੁਰਾ ਤੇ ਸ਼ਰੀਫਪੁਰਾ ਆਦਿ ਵਿਚ ਜਦੋਂ ਪਾਣੀ ਭਰ ਗਿਆ ਤੇ ਲੁਟ ਮਾਰ ਹੋਣ ਲਗੀ, ਤਾਂ ਉਸਦੀ ਰੋਕ ਥਾਮ ਕਰਨ ਲਈ ਉਹ ਅਫਸਰ ਖੁਦ ਪਾਣੀ ਵਿਚ ਟੁਰ ਕੇ ਗਏ। ਮੁਸੀਬਤ ਦੇ ਇਨ੍ਹਾਂ ਦਿਨਾਂ ਵਿਚ ਜ਼ਿਲੇ ਅੰਮ੍ਰਿਤਸਰ ਵਿਚ ਚੀਜ਼ਾਂ ਦੀ ਮਹਿੰਗਾਈ ਨੂੰ ਰਕ ਕੇ ਗਰੀਬ ਲੋਕਾਂ ਲਈ ਹਮਦਰਦੀ ਦਾ ਜਿਹੜਾ ਸਬੂਤ ਉਨ੍ਹਾਂ ਨੇ ਦਿਤਾ ਹੈ, ਉਹ ਕਾਬਲੇ ਤਾਰੀਫ ਹੈ।

ਅਖੀਰ ਵਿਚ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ। ਨਵੇਂ ਬਣੇ ਹੋਏ ਪੁਲਾਂ ਤੇ ਜਿਹੜਾ ਸਮਾਨ ਲਗਾਇਆ ਗਿਆ ਸੀ ਉਸਦੇ ਬਾਰੇ inquiry ਹੋਣੀ ਚਾਹੀਦੀ ਹੈ। ਇਹ ਪੁਲ ਹੜ੍ਹਾਂ ਵਿਚ ਕਿਉਂ ਕਾਇਮ ਨਹੀਂ ਰਹਿ ਸਕੇ? ਜਾਪਾਨੀ ਚੀਜ਼ਾਂ ਦੀ ਨਾਪਾਏਦਾਰੀ ਕਰਕੇ ਲੋਗ ਨਾਕਸ ਚੀਜ਼ ਨੂੰ ਜਾਪਾਨੀ quality ਕਹਿੰਦੇ ਸਨ, ਫੇਰ war quality ਬਦਨਾਮ ਹੋਈ, ਹੁਣ ਪਹਿਲੀ ਪੰਜ ਸਾਲਾ plan ਦੇ ਦੌਰਾਨ ਵਿਚ ਬਣੀਆਂ ਹੋਈਆਂ ਚੀਜ਼ਾਂ ਦੀ ਦੁਰਦਿਸ਼ਾ ਦੇਖਕੇ, ਡਰ ਹੈ ਕਿ ਕਿਤੇ ਇਹ 'plan quality' ਵੀ ਬਦਨਾਮ ਨਾ ਹੋ ਜਾਵੇ ਲੋਕ ਹੈਰਾਨ ਹਨ।

ਸ਼ੇਰ ਸ਼ਾਹ ਸੂਰੀ ਦੇ ਵਕਤ ਦੀਆਂ ਪੁਲੀਆਂ ਤਾਂ ਹਾਲੇ ਵੀ ਨਹੀਂ ਟੁਟੀਆਂ ਪਰ ਕਲ੍ਹ ਬਣੀਆਂ ਪੁਲੀਆਂ ਟੁਟ ਚਾਈਆਂ ਹਨ। ਆਖਰ ਗੱਲ ਕੀ ਹੈ? ਇਹ ਬਿਨਾਂ cement ਤੋਂ ਬਣਾਈਆਂ ਗਈਆਂ ਸਨ, ਜਾਂ ਸਾਰਾ public ਦਾ ਰੁਪਿਆ ਠੇਕੇਦਾਰ ਤੇ Engineers ਖਾ ਗਏ ਹਨ। ਸਰਕਾਰ ਇਸ ਪਾਸੇ ਛੇਤੀ ਧਿਆਨ ਦੇਵੇ।

ਸਰਦਾਰ ਅਮਰ ਸਿੰਘ (ਹੁਸ਼ਿਆਰਪੁਰ): ਪ੍ਰਧਾਨ ਜੀ! ਮੈਂ ਗਵਰਨਮੈਂਟ ਨੂੰ ਪੰਜਾਬ ਦੇ ਲੋਕਾਂ ਦੀ ਮਦਦ ਲਈ ਤਕਰੀਬਨ 22 ਕਰੜ ਰੁਪਿਆ ਮਨਜ਼ੂਰ ਕਰਨ ਤੇ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਆਪਣੇ ਜ਼ਿਲੇ ਵਿਚ ਹੋਏ ਨੁਕਸਾਨ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਸਾਡੇ ਜ਼ਿਲੇ ਵਿਚ ਸਭ ਤੋਂ ਵੱਧ ਨੁਕਸਾਨ ਧੁੱਸੀ ਬੰਧ ਦੇ ਟੁਟ ਜਾਣ ਕਰਕੇ ਦਸੂਆ ਤਹਿਸੀਲ ਵਿਚ ਹੋਇਆ ਹੈ। ਹਾਲਾਤ ਇਤਨੇ ਦਰਦਨਾਕ ਹਨ ਕਿ ਬਿਆਨ ਨਹੀਂ ਕੀਤੇ ਜਾ ਸਕਦੇ। ਅਠਤਾਲੀ 2 ਘੰਟੇ ਲੋਕ ਦਰਖਤਾਂ ਉੱਪਰ ਚੜ੍ਹ ਕੇ ਬੈਠੇ ਰਹੇ। Traffic ਬੰਦ ਹੋ ਗਈ ਸੀ ਪਰ Deputy Commissioner ਸਾਹਿਬ ਤੇ Superintendent Police ਆਪਣੀਆਂ ਜਾਨਾਂ ਤੇ ਖੇਲ ਕੇ ਉਥੇ ਪਹੁੰਚੇ ਅਤੇ military ਤੋਂ ਕਿਸ਼ਤੀਆਂ ਮੰਗਾਕੇ ਭੁਖੇ ਲੋਕਾਂ ਨੂੰ ਅਨਾਜ ਮੁਹੱਯਾ ਕੀਤਾ। ਤਹਿਸੀਲ ਊਨਾ ਦਾ ਨੂਰਪੁਰ ਦਾ ਥਾਣਾ ਸਤਲੁਜ ਦੇ ਪਾਣੀ ਨੇ ਤਬਾਹ ਕਰ ਦਿਤਾ ਅਤੇ ਊਨੇ ਅਤੇ ਅੰਬ ਦਾ ਥਾਣਾ ਸੁਆਂ ਨਦੀ ਨੇ ਥਾਣਾ ਬਲਾ ਚੌਰ ਸੈਂਕੜੇ ਪਿੰਡ ਬੇਟ ਦੇ ਇਲਾਕੇ ਵਿਚ ਸਤਲੁਜ ਦੇ ਪਾਣੀ ਨਾਲ ਤਬਾਹ ਹੋ ਗਏ ਹਨ ਤੇ ਉਨ੍ਹਾਂ ਦਾ ਨਾਮੋ-ਨਿਸ਼ਾਨ ਬਾਕੀ ਨਹੀਂ ਰਿਹਾ।

(At this stage Mr. Deputy Speaker occupied the Chair.)

ਤਹਿਸੀਲ ਹੁਸ਼ਿਆਰਪੁਰ ਦੇ ਸੱਠ ਸੱਤਰ ਪਿੰਡਾਂ ਨੂੰ ਮੈਂ ਜਾ ਕੇ ਦੇਖਿਆ ਹੈ। ਤਹਿਸੀਲ ਹੁਸ਼ਿਆਰਪੁਰ ਵਿਚ 30,000 ਘਰ ਬਰਬਾਦ ਹੋ ਗਏ ਹਨ। ਜੇ ਉਨ੍ਹਾਂ ਬੇਘਰ ਲੋਕਾਂ ਨੂੰ 50 ਰੁਪਏ ਫੀ ਕੁੰਬਾ ਦੇ ਹਿਸਾਬ grant ਦਿਤੀ ਜਾਵੇ ਤਾਂ ਉਨ੍ਹਾਂ ਨੂੰ ਪੰਦਰਾਂ ਲੱਖ ਰੁਪਿਆ ਚਾਹੀਦਾ ਹੈ।

ਤਹਿਸੀਲ ਹੁਸ਼ਿਆਰਪੁਰ ਤੋਂ ਇਲਾਵਾ ਬਾਕੀ ਸਾਡੇ ਜ਼ਿਲੇ ਦਾ ਸਾਰਾ ਇਲਾਕਾ ਪਹਾੜੀ ਨਾਲਿਆਂ ਨਾਲ ਘਿਰਿਆ ਹੋਇਆ ਹੈ ਤੇ ਇਸ ਕਰਕੇ ਬਰਬਾਦ ਹੋ ਗਿਆ ਹੈ। ਨਸਰਾਲਾ ਚੋ ਦਾ ਬੰਧ ਇਸ ਤਰ੍ਹਾਂ ਕਟਿਆ ਗਿਆ ਕਿ ਖਿਲਵਾਨਾ, ਮੁੰਡੇਰਾ, ਢੋਡੋ ਮਜ਼ਾਰਾ ਪਿੰਡਾਂ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ, ਲੋਕ ਬੇਘਰ ਹੋ ਗਏ। ਆਦਮਪੁਰ ਦਾ ਹਵਾਈ ਅੱਡਾ ਪਾਣੀ ਨਾਲ ਘਿਰ ਗਿਆ ਹਵਾਈ forces ਨੇ ਜਹਾਜ਼ਾਂ ਰਾਹੀਂ ਹਵਾਈ ਅੱਡੇ ਤੇ ਖੁਰਾਕ ਸੁਟ ਕੇ ਉਨ੍ਹਾਂ ਲੋਕਾਂ ਦੀ ਰਾਖੀ ਕੀਤੀ।

ਨਹਿਰ ਬਿਸਤ ਦੋਆਬ ਦਾ ਜਿਹੜੀ ਰੋਪੜ ਤੋਂ ਨਿਕਲਦੀ ਹੈ ਫਿਰ survey ਕੀਤਾ ਜਾਵੇ। ਨਹਿਰ ਬਨਾਉਣ ਵੇਲੇ ਇਹ ਨਹੀਂ ਦੇਖਿਆ ਗਿਆ ਕਿ ਚੋਆਂ ਦੇ ਪਾਣੀ ਦਾ ਨਿਕਾਸ ਕਿਸ ਤਰ੍ਹਾਂ ਹੋਵੇਗਾ। ਨਹਿਰ ਬਣ ਜਾਣ ਨਾਲ ਪਾਣੀ ਦੇ ਰਸਤੇ ਵਿਚ ਰੁਕਾਵਟ ਪੈਦਾ ਹੋਣ ਕਰਕੇ ਆਦਮਪੁਰ ਦੇ ਨਜ਼ਦੀਕ ਬਹੁਤ ਸਾਰੇ ਪਿੰਡ ਖੁਰਦਪੁਰ, ਡਮੁੰਡਾ, ਕਦੋਲਾ ਤੇ ਤਹਿਸੀਲ ਗੜ੍ਹ ਸ਼ੰਕਰ ਵਿਚ ਪਨਾਮ ਛੱਜੇ ਵਗ਼ੈਰਾ ਪਿੰਡ ਤਬਾਹ ਹੋ ਗਏ ਹਨ। ਉਸ ਪਾਣੀ ਦੇ ਕਢਣ ਦਾ ਜਿਹੜਾ ਰਸਤਾ ਨਹਿਰ ਵਾਲੀ ਥਾਂ ਨੂੰ ਅਬੂਰ ਕਰਕੇ ਦੂਜੇ ਇਲਾਕੇ ਵਿਚ ਜਾਂਦਾ ਸੀ ਇਤਨਾ ਛੋਟਾ ਸੀ ਕਿ ਪਾਣੀ ਦਾ ਨਕਾਸ ਨਹੀਂ ਹੋ ਸਕਿਆ ਜਿਸ ਕਰਕੇ ਪਾਣੀ ਰੁਕ ਜਾਣ ਕਰਕੇ ਪਿੰਡ ਬਰਬਾਦ ਹੋ ਗਏ।

ਇਸੇ ਤਰ੍ਹਾਂ ਜੇ ਉਨ੍ਹਾਂ ਥਾਵਾਂ ਤੇ ਜਿਥੇ ਪਾਣੀ ਦੀ ਗੁਜ਼ਰ ਹੈ ਸਾਈਫਨ ਬੜੇ ਬਣਾ ਦਿਤੇ ਜਾਣ। ਜਿਥੇ ਸੜਕਾਂ ਟੁਟ ਗਈਆਂ ਹਨ, ਜੇ ਸਾਈਫਨ ਪੁਲੀਆਂ ਬਣਾ ਦਿਤੀਆਂ ਜਾਣ, ਤਾਂ ਅੱਗੋਂ ਸੜਕਾਂ ਨਹਿਰ ਤੇ ਰੇਲਵੇ ਲਾਈਨਾਂ ਬਰਬਾਦ ਨਹੀਂ ਹੋਣਗੀਆਂ।

ਹੁਸ਼ਿਆਰਪੁਰ ਦੀ ਛੋਨੇ ਤੇ ਕਪਾਸ ਦੀ ਫਸਲ 80 ਫੀ ਸਦੀ ਅਤੇ ਮੱਕੀ ਦੀ 50 ਫੀ ਸਦੀ ਬਰਬਾਦ ਹੋ ਗਈ ਹੈ। ਉਨ੍ਹਾਂ ਕਿਸਾਨਾਂ ਵਿਚ ਤਕਾਵੀ ਦੀ ਤਕਸੀਮ ਸਹੀ ਤਰੀਕੇ ਤੇ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਨੂੰ ਇਹ ਕਹਿਣ ਦਾ ਮੌਕਾ ਨਾ ਮਿਲੇ ਕਿ ਦੇਰ ਹੋ ਗਈ ਹੈ ਜਾਂ ਕਿਸੇ ਦਾ ਲਿਹਾਜ਼ ਹੋਇਆ ਹੈ। ਲੋਕਾਂ ਦੀ ਖਾਹਿਸ਼ ਹੈ ਕਿ ਇਕ ਸਾਲ ਲਈ ਤਕਾਵੀ ਉੱਪਰ ਸੂਦ ਨਾ ਲਿਆ ਜਾਵੇ ਤਾਂ ਜੋ ਲੋਕ ਇਸ ਸਹੂਲਤ ਦਾ ਫਾਇਦਾ ਉਠਾ ਸਕਣ। ਗਰਾਂਟਾਂ ਲਈ ਜਿਹੜਾ ਦਸ ਕਰੋੜ ਰੁਪਿਆ ਮਨਜ਼ੂਰ ਕੀਤਾ ਗਿਆ ਹੈ, ਚੰਗੇ ਤਰੀਕੇ ਨਾਲ ਦਿਤੇ ਜਾਣ ਬਾਰੇ ਅਫਸਰਾਂ ਨੂੰ ਛੇਤੀ ਨਾਲ ਹਿਦਾਇਤਾਂ ਦਿੱਤੀਆਂ ਜਾਣ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਹੁਸ਼ਿਆਰਪੁਰ ਵਿਚ ਚੋਆਂ ਦਾ ਮਸਲਾ ਬਹੁਤ ਪੁਰਾਣਾ ਮਸਲਾ ਹੈ ਅਤੇ ਇਸ ਨਾਲ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। Irrigation Minister ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਲਾਕੇ ਦਾ ਸਰਵੇ (survey) ਕਰਾਨ ਅਤੇ ਵੇਖਣ ਕਿ ਕਿਸ ਤਰ੍ਹਾਂ ਚੋ ਜ਼ਮੀਨਾਂ ਨੂੰ ਖਰਾਬ ਕਰਦੇ ਹਨ। ਹੁਸ਼ਿਆਰਪੁਰ ਜ਼ਿਲੇ ਵਿਚ ਕਿਸ ਤਰੀਕੇ ਨਾਲ ਬੰਨ੍ਹ ਲਗਾਏ ਜਾਣ ਇਹ ਸੋਚਣਾ ਚਾਹੀਦਾ ਹੈ। ਸਰਕਾਰ ਦਾ ਇਹ ਫਰਜ਼ ਹੈ ਕਿ ਇਸ ਬਾਰੇ ਤਜਵੀਜ਼ਾਂ ਬਣਾਏ ਤਾਂ ਜੋ ਉਸ ਜ਼ਿਲੇ ਦੇ ਲੋਕ ਬਰਬਾਦੀ ਤੋਂ ਬਚ ਸਕਣ।

ਸ੍ਰੀ ਵਧਾਵਾ ਰਾਮ (ਫਾਜ਼ਿਲਕਾ) : ਸਪੀਕਰ ਸਾਹਿਬ, ਮੈਂ ਫਾਜ਼ਿਲਕਾ ਤੋਂ ਚੰਡੀਗੜ੍ਹ ਆਇਆ ਹਾਂ। ਕਈ ਥਾਵਾਂ ਤੇ ਮੈਨੂੰ ਹੜ੍ਹਾਂ ਦੇ ਪਾਣੀਆਂ ਵਿਚੋਂ ਲੰਘਣਾ ਪਿਆ। ਮੈਂ ਵੇਖਿਆ ਹੈ ਕਿ ਹੜ੍ਹਾਂ ਨੇ ਫਸਲਾਂ ਤਬਾਹ ਕਰ ਦਿਤੀਆਂ ਹਨ ਅਤੇ ਗਰੀਬ ਜ਼ਿਮੀਂਦਾਰਾਂ ਤੇ ਮਜ਼ਦੂਰਾਂ ਦਾ ਬੁਰਾ ਹਾਲ ਹੋਇਆ ਹੈ। ਮੋਗਾ, ਬਾਘਾ ਪੁਰਾਣਾ, ਫਰੀਦਕੋਟ, ਗਿਦੜਬਾਹਾ ਆਦਿ ਸਾਰੀਆਂ ਥਾਵਾਂ ਤੇ ਤਬਾਹੀ ਬਹੁਤ ਹੋਈ ਹੈ। ਮੈਂ ਮੰਨਦਾ ਹਾਂ ਕਿ ਅਜਿਹੇ ਸੰਕਟ ਦੇ ਸਮੇਂ ਕਈ ਸਰਕਾਰੀ ਅਫਸਰਾਂ ਨੇ ਚੰਗਾ ਸ਼ਲਾਘਾਯੋਗ ਕੰਮ ਕੀਤਾ ਹੈ। ਅਸੀਂ ਸਾਰੇ ਅਜਿਹੇ ਅਫਸਰਾਂ ਦੀ ਤਾਰੀਫ ਕਰਦੇ ਹਾਂ। ਪਰ ਅਜਿਹੇ ਅਫਸਰ ਵੀ ਹਨ ਜਿਨ੍ਹਾਂ ਨੇ ਆਪਣੇ ਫਰਜ਼ ਪੂਰੇ ਕਰਨ ਵਿਚ ਕੋਤਾਹੀ ਕੀਤੀ ਹੈ। ਉਹ ਆਪਣੀਆਂ ਥਾਵਾਂ ਤੇ ਨਹੀਂ ਰਹੇ ਅਤੇ ਉਨ੍ਹਾਂ ਦੀ ਢਿਲ ਕਰਕੇ ਲੋਕਾਂ ਨੂੰ ਬਹੁਤ ਤਕਲੀਫ ਹੋਈ। ਮਸਾਲ ਵਜੋਂ ਫੀਰੋਜ਼ਪੁਰ ਵਿਚ ਇਕ ਥਾਂ ਵੇਖਿਆ ਗਿਆ ਕਿ ਦਫਤਰ ਦੇ ਬੂਹੇ ਬੰਦ ਸਨ, ਕੋਈ ਚੌਕੀਦਾਰ ਉਥੇ ਨਹੀਂ ਸੀ ਅਤੇ ਠਾਣੇ ਵਿਚ ਲੋਕਾਂ ਦੀਆਂ ਤਕਲੀਫਾਂ ਸੁਣਨ ਲਈ ਕੋਈ ਨਹੀਂ ਸੀ। ਇਥੋਂ ਤਕ ਬੁਰੀ ਹਾਲਤ ਸੀ ਕਿ ਕੋਈ ਆਦਮੀ ਰੀਕਾਰਡ ਨੂੰ ਵੀ ਨਹੀਂ ਬਚਾ ਸਕਿਆ। ਫੀਰੋਜ਼ਪੁਰ ਵਿਚ ਜੇ ਬੰਨ੍ਹ ਨਾ ਟੁਟਦਾ

[ਸ਼੍ਰੀ ਵਧਾਵਾ ਰਾਮ]
ਤਾਂ ਬੁਰਾ ਹਾਲ ਹੋਣਾ ਸੀ। ਫੀਰੋਜ਼ਪੁਰ ਸ਼ਹਿਰ ਦਾ ਬੰਨ੍ਹ ਟੁਟਣ ਨਾਲ ਬਚਾ ਹੋ ਗਿਆ। ਇਸੇ ਤਰ੍ਹਾਂ ਫਾਜ਼ਿਲਕਾ ਵੀ ਬਚ ਗਿਆ ਕਿਉਂਕਿ ਪਾਣੀ ਦੂਜੇ ਪਾਸੇ ਚਲਿਆ ਗਿਆ। ਇਸ ਸਬੰਧ ਵਿਚ ਮੈਂ ਇਕ ਗੁਜ਼ਾਰਿਸ਼ ਸਰਕਾਰ ਅਗੇ ਕਰਨੀ ਹੈ, ਉਹ ਇਹ ਹੈ ਕਿ ਪਾਣੀ ਵਿਚ ਬਹੁਤ ਸਾਰੇ ਬੰਦੇ ਉਧਰ ਰੁੜ੍ਹ ਗਏ ਹਨ। ਪਾਕਿਸਤਾਨ ਦੇ ਭਰਾਵਾਂ ਨੇ ਉਨ੍ਹਾਂ ਨੂੰ ਰੱਸੇ ਪਾ ਪਾ ਕੇ ਪਾਣੀ ਵਿਚੋਂ ਕੱਢ ਲਿਆ। ਉਹ ਸਾਰੇ ਉਧਰ ਬੈਠੇ ਹਨ, ਸੋ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਉਧਰੋਂ ਲਿਆਵੇ।

ਵਿਕਾਸ ਮੰਤਰੀ : ਪਹਿਲਾਂ ਹੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਹ ਲਿਆਂਦੇ ਜਾ ਰਹੇ ਹਨ।

ਸ਼੍ਰੀ ਵਧਾਵਾ ਰਾਮ : ਫੇਰ, ਸ਼੍ਰੀ ਮਾਨ ਜੀ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਜ਼ਾਰਾਂ ਪਿੰਡਾਂ ਵਿਚ ਕੋਈ ਚੀਜ਼ ਨਹੀਂ ਬਚੀ। ਸਰਕਾਰ ਨੂੰ ਉਨ੍ਹਾਂ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਸ ਮਕਸਦ ਲਈ ਲੋਕਾਂ ਨੂੰ ਗਰਾਂਟਾਂ ਦਿਤੀਆ ਜਾਣ। ਤਕਾਵੀਆਂ ਦਾ ਲੋਕਾਂ ਨੂੰ ਬੜਾ ਤਲਖ ਤਜਰਬਾ ਹੈ। ਉਹ ਤਾਂ ਤਕਾਵੀਆਂ ਦਾ ਨਾਉਂ ਨਹੀਂ ਸੁਣਨਾ ਚਾਹੁੰਦੇ। ਸੋ ਉਨ੍ਹਾਂ ਨੂੰ ਗਰਾਂਟਾਂ ਦੀ ਸ਼ਕਲ ਵਿਚ ਸਹਾਇਤਾ ਦੇਣੀ ਚਾਹੀਦੀ ਹੈ ਤਾਂ ਜੋ ਉਹ ਉਜੜੇ ਪਿੰਡਾਂ ਨੂੰ ਮੁੜ ਵਸਾ ਸਕਣ। ਅਸੀਂ ਵੇਖਦੇ ਹਾਂ ਕਿ ਹਾਲੇ ਤੋੜੀ ਤਾਂ ਪਿੰਡਾਂ ਵਾਲੇ ਲੋਕ ਹੀ ਆਪਸ ਵਿਚ ਇਕ ਦੂਜੇ ਦੀ ਮਦਦ ਕਰ ਰਹੇ ਹਨ। ਸਰਕਾਰੀ ਮਦਦ ਅਜੇ ਨਹੀਂ ਅਪੜੀ। ਸਾਡੇ ਪਿੰਡਾਂ ਵਿਚ ਸਰਕਾਰੀ ਅਫਸਰਾਂ ਨੇ ਕੇਵਲ ਉਹੋ ਚੀਜ਼ਾਂ ਵੰਡੀਆਂ ਹਨ ਜੋ ਲੋਕਾਂ ਨੇ ਉਨ੍ਹਾਂ ਨੂੰ ਵੰਡਣ ਲਈ ਦਿਤੀਆਂ ਹਨ। ਮਸਾਲ ਦੇ ਤੌਰ ਤੇ ਸਾਡੇ ਪਿੰਡਾਂ ਵਿਚ ਪਿਛੇ ਜਿਹੇ ਇਕ ਮੀਟਿੰਗ ਹੋਈ ਜਿਸ ਵਿਚ ਪੰਜ ਸੌ ਮਣ ਰਾਸ਼ਨ ਅਤੇ ਦਸ ਹਜ਼ਾਰ ਮਣ ਤੂੜੀ ਇਕ ਹਫਤੇ ਲਈ ਵੰਡਣ ਵਾਸਤੇ ਇਕੱਠੀ ਹੋਈ। ਇਸ ਨਾਲ ਉਸ ਥਾਂ ਦੇ ਲੋਕਾਂ ਦਾ ਗੁਜ਼ਾਰਾ ਇਕ ਹਫਤਾ ਚਲ ਜਾਏਗਾ। ਫੇਰ ਸਰਕਾਰ ਵਲੋਂ ਸਹਾਇਤਾ ਪੁਜਣੀ ਜ਼ਰੂਰੀ ਹੈ। ਜਿਤਨੀ ਦੇਰ ਲੋਕਾਂ ਵਿਚ ਹਿੰਮਤ ਹੈ ਉਹ ਇਕ ਦੂਜੇ ਨੂੰ ਸੰਭਾਲਦੇ ਹਨ ਪਰ ਅਖੀਰ ਵਿਚ ਸਰਕਾਰ ਵਲੋਂ ਮਦਦ ਮਿਲਣੀ ਬਹੁਤ ਜ਼ਰੂਰੀ ਹੁੰਦੀ ਹੈ।

ਸਪੀਕਰ ਸਾਹਿਬ, ਇਕ ਹੋਰ ਗੱਲ ਮੈਂ ਸਭਾ ਦੇ ਧਿਆਨ ਵਿਚ ਲਿਆਉਣੀ ਜ਼ਰੂਰੀ ਸਮਝਦਾ ਹਾਂ। ਉਹ ਇਹ ਕਿ ਇਸ ਵੇਲੇ ਪਿੰਡਾਂ ਵਿਚ ਲੋਕਾਂ ਨੂੰ ਸਿਰ ਛਪਾਉਣ ਲਈ ਥਾਂ ਨਹੀਂ ਮਿਲ ਰਹੀ। ਮਕਾਨ ਬਹੁਤ ਸਾਰੇ ਗਿਰ ਚੁਕੇ ਹਨ ਅਤੇ ਉਤੋਂ ਸਿਆਲ ਆ ਰਿਹਾ ਹੈ। ਇਸ ਤੋਂ ਪਹਿਲਾਂ ਕਿ ਮਕਾਨ ਬਨਾਉਣ ਲਈ ਕਾਰਵਾਈ ਕੀਤੀ ਜਾਵੇ ਇਹ ਜ਼ਰੂਰੀ ਹੈ ਕਿ ਆਰਜ਼ੀ ਤੌਰ ਤੇ ਲੋਕਾਂ ਨੂੰ tents ਦਿਤੇ ਜਾਣ। Tents ਦਾ ਪਰਬੰਧ ਬਹੁਤ ਛੇਤੀ ਹੋਣਾ ਚਾਹੀਦਾ ਹੈ, ਇਸ ਵੇਲੇ ਸਰਕਾਰ ਇਸ ਸਬੰਧ ਵਿਚ ਬਹੁਤ ਹੌਲੀ ਹੌਲੀ ਤੇ ਥੋੜੀ ਕਾਰਵਾਈ ਕਰਦੀ ਜਾਪਦੀ ਹੈ। ਮੈਂ ਐਸ. ਡੀ. ਓ. ਸਾਹਿਬ ਨੂੰ ਪੁਛਿਆ ਤਾਂ ਉਨ੍ਹਾਂ ਦਸਿਆ ਕਿ ਪੰਜਾਹ tents ਲਈ ਲਿਖਿਆ ਹੈ। ਇਹ ਬਹੁਤ ਥੋੜੇ ਹਨ ਅਤੇ ਹੁਣ ਤਕ ਇਹ ਵੀ ਨਹੀਂ ਪਹੁੰਚੇ। ਸਰਕਾਰ ਨੂੰ ਇਸ ਮਾਮਲੇ ਵਿਚ ਵਧ ਤੋਂ ਵਧ ਕੰਮ ਕਰਨਾ ਚਾਹੀਦਾ ਹੈ ਅਤੇ ਛੇਤੀ ਤੋਂ ਛੇਤੀ ਇਹ ਸਹਾਇਤਾ ਜ਼ਰੂਰਤਵੰਦ ਲੋਕਾਂ ਨੂੰ ਪਹੁੰਚਣੀ ਚਾਹੀਦੀ ਹੈ।

ਅਗਲੀ ਗਲ ਜੋ ਮੈਂ ਕਹਿਣੀ ਹੈ ਇਹ ਹੈ ਕਿ ਪਿਛਲੇ ਸਾਲ ਸਾਡੇ ਪਿੰਡਾਂ ਵਿਚ ਹਾੜੀ ਦੀ ਜ਼ਮੀਨ ਡੁਬ ਗਈ ਸੀ। ਉਨ੍ਹਾਂ ਪਿੰਡਾਂ ਵਿਚ ਅਜਿਹੇ ਲੋਕ ਹਨ ਜਿਨ੍ਹਾਂ ਪਾਸ ਗੁਜ਼ਾਰੇ ਦੇ ਸਿਵਾਏ ਕੁਝ ਨਹੀਂ ਸੀ। ਅਬੋਹਰ ਦੇ ਇਲਾਕੇ ਵਿਚ ਜ਼ਮੀਨ ਬੜੀ ਹੈ। ਇਕ ਹਲ ਨੂੰ ਸੌ ਸੌ ਡੇਢ੍ਹ ਡੇਢ੍ਹ ਸੌ ਘੁਮਾਉਂ ਜ਼ਮੀਨ ਤੋਂ ਵੀ ਵਧ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਥਾਂ ਦੀ ਜ਼ਮੀਨ ਮਾਰੂ ਇਲਾਕੇ ਦੇ ਲੋਕਾਂ ਨੂੰ ਦਿਵਾਈ ਜਾਵੇ ਤਾਂ ਜੋ ਉਹ ਵੀ ਗੁਜ਼ਾਰਾ ਕਰ ਸਕਣ।

ਅਗਲੀ ਗੱਲ ਮੈਂ ਬੀਜਾਂ ਦੀ ਵੰਡ ਬਾਰੇ ਕਹਿਣੀ ਹੈ। ਇਹ ਬਹੁਤ ਜ਼ਰੂਰੀ ਹੈ, ਕਿ ਸਰਕਾਰ ਇਸ ਤਬਾਹੀ ਦੇ ਦੁਖ ਨੂੰ ਜੋ ਹੜ੍ਹਾਂ ਕਾਰਨ ਹੋਈ, ਘਟ ਕਰਨ ਲਈ ਲੋਕਾਂ ਨੂੰ ਬੀਜਾਂ ਦੀ ਸਹਾਇਤਾ ਦੇਵੇ ਤਾਂ ਜੋ ਅਗਲੀ ਫਸਲ ਲਈ ਲੋਕਾਂ ਪਾਸ ਚੰਗੇ ਵਧੀਆ ਬੀਜ ਹੋਣ ਅਤੇ

ਉਹ ਫਸਲ ਠੀਕ ਸਮੇਂ ਬੀਜ ਸਕਣ । ਜਿਥੇ ਮਕਾਨਾਂ ਲਈ ਸਹਾਇਤਾ ਦੇਣ ਦੀ ਲੋੜ ਹੈ ਉਥੇ ਬੀਜਾਂ ਲਈ ਵੀ ਸਹਾਇਤਾ ਦੀ ਲੋੜ ਹੈ ।

ਫੇਰ, ਸਪੀਕਰ ਸਾਹਿਬ, ਖਰਾਬਾ ਮੁਆਫ ਕਰਨਾ ਚਾਹੀਦਾ ਹੈ ਅਤੇ ਇਹ ਕੰਮ ਪਟਵਾਰੀਆਂ ਦੇ ਹੱਥ ਨਹੀਂ ਦੇਣਾ ਚਾਹੀਦਾ, ਨਹੀਂ ਤਾਂ ਅੱਗੇ ਵਾਂਗ ਹੀ ਹਾਲਾਤ ਹੋਣਗੇ ਅਤੇ ਸ਼ਕਾਇਤਾਂ ਆਉਣਗੀਆਂ । ਅੱਜ ਅਸੀਂ ਵੇਖਦੇ ਹਾਂ ਕਿ ਚਾਰੇ ਪਾਸੇ ਦਿਹਾਤਾਂ ਵਿਚ ਫਸਲਾਂ ਦੀ ਤਬਾਹੀ ਤੇ ਬਰਬਾਦੀ ਹੋਈ ਪਈ ਹੈ । ਨਰਮਾ ਤਾਂ ਬਿਲਕੁਲ ਹੀ ਤਬਾਹ ਹੋ ਗਿਆ । ਇਹੋ ਹਾਲ ਹੋਰ ਫਸਲਾਂ ਦਾ ਹੈ । ਅਸੀਂ ਉਮੀਦ ਰਖਦੇ ਹਾਂ ਕਿ ਇਸ ਬੁਰੀ ਹਾਲਤ ਨੂੰ ਵੇਖਕੇ ਸਰਕਾਰ ਝਟ ਪਟ ਇਲਾਨ ਕਰੇਗੀ ਕਿ ਅਜਿਹੇ ਇਲਾਕਿਆਂ ਵਿਚ ਮਾਮਲਾ ਨਹੀਂ ਲਿਆ ਜਾਵੇਗਾ । ਇਸ ਤਰ੍ਹਾਂ ਦੇ ਇਲਾਨ ਨਾਲ ਲੋਕਾਂ ਦੇ ਢਹਿੰਦੇ ਦਿਲ ਸੰਭਲ ਜਾਣਗੇ ਅਤੇ ਉਹ ਅਗਲੀ ਫਸਲ ਤੇ ਮਨ ਮਾਰਕੇ ਮਿਹਨਤ ਕਰਨਗੇ ।

ਸ਼੍ਰੀਮਾਨ ਜੀ, ਮੈਂ ਚਾਰੇ ਦੀ ਜ਼ਰੂਰਤ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ । ਇਸ ਫਸਲ ਵਿਚ ਜੋ ਤਬਾਹੀ ਹੋਈ ਹੈ ਚਾਰਾ ਵੀ ਸ਼ਾਮਲ ਸੀ । ਸੋ ਪੰਜਾਬ ਵਿਚ ਖਾਸ ਕਰਕੇ ਇਨ੍ਹਾਂ ਇਲਾਕਿਆਂ ਵਿਚ ਜਿੱਥੇ ਹੜ੍ਹ ਆਏ ਹਨ ਚਾਰੇ ਦੀ ਕਿੱਲਤ ਹੋ ਗਈ ਹੈ ਤੇ ਡੰਗਰ ਢੱਗੇ ਭੁਖੇ ਮਰਦੇ ਹਨ । ਆਪ ਨੂੰ ਪਤਾ ਹੈ ਕਿ ਹਿਸਾਰ ਜ਼ਿਲੇ ਵਿਚ ਚਾਰਾ ਬਹੁਤ ਹੈ । ਸੋ ਮੈਂ ਅਪੀਲ ਕਰਾਂਗਾ ਕਿ ਕੁਝ ਤਾਂ ਉਥੇ ਦੇ ਲੋਕ ਮਦਦ ਕਰਨ ਅਤੇ ਕੁਝ ਸਰਕਾਰ ਆਪਣਾ ਅਸਰ ਰਸੂਖ ਵਰਤਕੇ ਇਸ ਇਲਾਕੇ ਤੋਂ ਚਾਰਾ ਲੈਕੇ ਹੜ੍ਹਾਂ ਵਾਲੇ ਇਲਾਕਿਆਂ ਵਿਚ ਪਹੁੰਚਾਏ । ਇਸ ਮਾਮਲੇ ਵਿਚ, ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਬਹੁਤ ਕਾਹਲੀ ਕਰਨ ਦੀ ਲੋੜ ਹੈ ਨਹੀਂ ਤਾਂ ਡੰਗਰਾਂ ਦਾ ਬੁਰਾ ਹਾਲ ਹੋਵੇਗਾ । ਮੈਨੂੰ ਪਤਾ ਹੈ ਕਿ ਆਮ ਲੋਕ floods ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣੀ ਚਾਹੁੰਦੇ ਹਨ । ਪਰ ਮੰਗਣ ਵਾਲਾ ਕੋਈ ਨਹੀਂ । ਅਫਸਰਾਂ ਉਤੇ ਛੱਡ ਦੇਣ ਤਾਂ ਗ਼ੈਰ-ਸਰਕਾਰੀ ਮਿਲਵਰਤਣ ਨਾਲ ਉਹ ਬੜਾ ਕੁਝ ਕਰ ਸਕਦੇ ਹਨ । ਕਾਂਗਰਸੀਆਂ ਉਤੇ ਲੋਕਾਂ ਨੂੰ ਇਤਬਾਰ ਨਹੀਂ ਰਿਹਾ । (interruption) ਮੈਂ ਠੀਕ ਗੱਲ ਕਹਿ ਰਿਹਾ ਹਾਂ । ਪਰ ਸਾਨੂੰ ਇਸ ਭੀੜ ਵਿਚ ਮੋਢੇ ਨਾਲ ਮੋਢਾ ਲਾਕੇ ਕੰਮ ਕਰਦਾ ਚਾਹੀਦਾ ਹੈ । ਇਹ ਨਹੀਂ ਕਿ ਕਾਂਗਰਸੀ ਦੂਜਿਆਂ ਨੂੰ ਨੇੜੇ ਹੀ ਨਾ ਢੁਕਣ ਦੇਣ । ਇਹ ਮਸਲਾ ਸਾਰਿਆਂ ਦਾ ਸਾਂਝਾ ਹੈ ਅਤੇ ਮਿਲਕੇ ਸਾਰਿਆਂ ਨੂੰ ਕੰਮ ਕਰਨਾ ਚਾਹੀਦਾ ਹੈ । ਮੈਂ ਹੋਰ ਜ਼ਿਆਦਾ ਵਕਤ ਨਹੀਂ ਲੈਂਦਾ ਤੇ ਬੈਠ ਜਾਂਦਾ ਹਾਂ ।

श्रीमती शन्नो देवी (अमृतसर शहर-पश्चिम) : स्पीकर साहिब, 1947 में ऐसी आफत आई जिसे किसी हद तक man-made कहा जा सकता था आज कुदरत की तरफ से आफत आई है जो पंजाब की तारीख में बेमसाल है । हमारे चीफ मिनिस्टर साहिब ने बताया है । कि गवर्नमेंट की तरफ से क्या किया गया है और क्या करना है । स्पीकर साहिब, मैं आप की विसातत से अर्ज करना चाहती हूँ कि यह मसला एक अहम मसाला है और हमारे नेताओं को इस की ओर पूरा ध्यान देना चाहिये । हमें पिछली बातों से कुच्छ सबक सीखना चाहिये । मेरे साथी मेम्बरों ने आप की विसातत से इन बातों पर रोशनी डाली है । मगर यह मसला ऐसा है कि जिस को एक नए ढंग से हल करना पड़ेगा । partition के बाद उधर से जो लोग आए उन पर करोड़ों रुपया सरकार ने खरच किया । मगर बावजूद इतने खर्च के Rehabilitation तौर पर नहीं हुआ अब जो आफत आई है इस का हल अच्छे तरीके से होना चाहिए ताकि लोग फिर से बस सके । स्पीकर साहिब, मैं आप की विसातत से कहना चाहती हूँ कि यह जो अब Rehabilitation का मसला

[श्रीमती शन्नो देवी]

पैदा हो गया है इस को बेहतर तरीके से हल करना चाहिए। यह जो आप पचास २ सौ २ रुपये की रकमें देने की बातें कर रहे हैं इस से आप की करोड़ों रुपये की रकमें खत्म हो जाएंगी मगर यह मसला ठीक ढंग से हल नहीं होगा। स्पीकर साहिब, मैं Officials, Non-officials और खास तौर से अपने चीफ मिनिस्टर साहिब से इस बात पर सहमत हूं कि Military और खास तौर पर Air force ने बाढ़ पीड़ितों की बहुत मदद की है। Military ने अपनी जान जोखों में डाल कर लोगों को बचाया है। अगर वह उस संकट के समय पर लोगों की मदद पर न आती तो शायद क्या हो जाता। हमें अपने आजाद मुल्क की Military पर नाज़ है और वह हमारे आज़ाद भारत की एक शानदार Military है। तो स्पीकर साहिब, मैं अपनी हकूमत से कहती हूं कि वह भी Military level पर लोगों की मदद करे और इसी तरह Military level पर कुछ चीज़ें requisition करें। मिसाल के तौर पर tents ले। टीन के sheds बनाए और ऐसी दूसरी चीज़ें हासिल करे जिस से लोग rehabilitate हो सकें। क्योंकि और मसलों के अलावा इस समय लोगों की rehabilitation का मसला बहुत भयंकर है। इस लिए इस को बड़ी सोच विचार के साथ हल करें। तब ही ठीक बात बन सकती है।

स्पीकर साहिब, यह बड़ी अच्छी बात हुई कि हाऊस को adjourn कर दिया गया और लोग अपनी २ posts पर खड़े हो गए। अभी भी आप ने बड़ी मेहिरबानी की है कि आज और कल के बाद हाऊस को adjourn कर देंगे ताकि लोग अपनी २ duty पर हाज़िर हों जाएं। मगर स्पीकर साहिब, उस वक्त कई लोग अपनी duties को अदायेगी से रह गये क्यों कि सवारी का प्रबन्ध न हो सका। स्पीकर साहिब आप ने भी सुना होगा और देखा होगा कि कई जगह मोटरें फंस गईं और यह भी खबरें आईं कि फलां जगह फलां बह गया फलां जगह फलां को खींच कर बाहर निकाला गया वगैरा वगैरा। इस तरह फर्ज की अदायगी ठीक तरह से न हो सकी। अब मैं आप से कहना चाहती हूं और खास तौर से अपने मिनिस्टर भाइयों से कहना चाहती हूँ कि वे मोटरों का ठीक इन्तज़ाम करें क्योंकि फौरन फर्ज़ की अदायगी के लिये किसी न किसी सवारी का इन्तज़ाम जरूर करना चाहिए। M. L. As. साहिबान ने हर जगह पहुँचना है और लोगों की मुसीबतों को देखना है और अपनी २ post पर अपनी २ duty पर हाजिर होना है। तो यह सब कुछ तभी हो सकता है अगर सवारी का इन्तज़ाम ठीक होगा। (घंटी की आवाज़) स्पीकर साहिब, यह ठीक है कि समय बहुत थोड़ा है इस लिये मैं वक्त ज़्यादा नहीं लेना चाहती लेकिन मैं Irrigation Minister साहिब से कहना चाहती हूं कि उन को व्रत ले लेना चाहिये उन को उस वक्त तक खाना नहीं खाना चाहिए जब तक कि वह जो इलज़ाम उनके महकमा के बारे में लगाए हैं उन की तेहकीकात नहीं कर लेते। मैं फिर यह कह देना चाहती हूं कि यह जो तबाही हुई है अगर ज़्यादा नहीं तो कम से कम $\frac{1}{4}$ तबाही Irrigation के महकमा की वजह से हुई है बड़े २ स्याने और काबिल Engineers हैं बड़े २ नक्शे बनाते हैं मगर उनको यह पता नहीं कि बारिश का जो पानी है वह किधर से निकलेगा पहले भी एक दो मैम्बर साहिबान कह चुके हैं कि अमृतसर में जो भी तबाही हुई है वह नहरों के टूटने की वजह से हुई है। मैं भी कहती हूँ कि यह एक मुसल्लमा चीज है और इस में रत्ती भर झूठ नहीं है। मेरे सामने Industries and Rehabilitation Minister साहिब तशरीफ फरमा है। इनको पता है कि प्रदेश में जो सब से बड़े industrial towns है अमृतसर के ज़िला

में है । मगर स्पीकर साहिब, अफसोस तो इस बात का है कि किसी अखबार वाले ने और किसी भी देखने वाले ने यह नहीं कहा कि अमृतसर का बहुत नुकसान हुआ है । यह ठीक है कि सारे पंजाब में नुकसान हुआ है लेकिन अमृतसर district का इतना नुकसान हुआ है कि जिस का अंदाजा नहीं लगाया जा सकता । लोगों को लोन देते हैं चाहे नहीं, यह और बात है मगर इनको यह सोच लेना चाहिए कि जो Memorandum मैंने अखबारों में पढ़ा है मेरा ख्याल है कि या तो इनके पास पहुंचा नहीं या इन्हों ने पढ़ा नहीं वह अमृतसर की एक बहुत बड़ी संस्था का है उसको जरूर ध्यान में रखें । वहां जो हज़ारों मज़दूर काम करते हैं वह बाहर पड़े हैं । उनका न घर है न दर है । अगर आप समझते हैं कि लोगों को Rehabilitate करना है तो जो लोग जिन के पास कुछ भी नहीं है उनकी मदद करनी चाहिए । अन्त में फिर मैं यह कह देना चाहती हूं कि सब से पहले हमारे चीफ मिनिस्टर साहिब Irrigation Minister साहिब को भेजें और वह खुद जा कर देखें कि कहां २ नहर टूटने से इस बाढ़ की आफत में इज़ाफा हुआ (घंटी)इन शब्दों के साथ मैं बैठ जाती हूं ।

श्री फग्गू राम (बुटाना) : स्पीकर साहिब ! मैं अपनी गवर्नमेंट, अपनी कांग्रेस गवर्नमेंट, और मिनिस्टर साहिबान को बधाई देता हूँ मुबारकबाद देता हूं कि उन्हों ने इस तूफानी मामले में बड़ी दिलचस्पी ली है और लोगों पर इस संकट के समय में बहुत मेहरबानी की है ।

स्पीकर साहिब, मेरे हल्का बुटाना में रदौर और जठलाना से लेकर कुंजपुरा व बड़ा गांव तक का इलाका बिल्कुल दरिया जमुना के नजदीक है और वह सारे का सारा बाशों की वजह से तबाह हो गया है । मैं सब गांवों के नाम तो आपके सामने कैसे लूं क्योंकि समय बहुत थोड़ा है मगर डाबू माजरा, लकर्सा बास, लाट नचौरण, पाले वाला, सन्दाला, माजरी कटेड़ा, गढ़ी बारेवाल, नठौड़ी, बुढ़ा खेड़ा, खराज पुर, मैमद पुर और रसूल पुर वगैरा वगैरा बिल्कुल तबाह व बरबाद हो गए हैं । स्पीकर साहिब ! मैं 7 अक्तूबर से लेकर 13 अक्तूबर तक तमाम अपने इलाके में घूमा हूं और तमाम तबाही अपनी आखों से देखी है । जिसे देख कर मुझे बड़ा दुख हुआ है । जब मैं, मेरा लड़का, मेरा भाई और मेरा दूसरा भाई रदौर पहुँचे तो मैं ने खुद अपनी आंखों से देखा है कि सब लोग दरख़तों पर चढ़े हुए थे और उन दरखतों पर सर्प भी चढ़े हुए थे जो लोगों को काट रहे थे। यह विपत्त मैं ने खुद देखी है। मैं अपनी Government से दरखास्त करता हूं कि उन गांवों का जल्दी से जल्दी इन्तजाम किया जाए। इन्तज़ाम हो भी रहा है क्योंकि इन्तज़ाम करने वाली हमारी अपनी Government है। वहां जल्दी से जल्दी Military और दूसरे अफसरान पहुंच गये हैं और Government वहां घिरे हुए लोगों की काफी खिदमात कर रही है । मगर एक दरखासत मैं, स्पीकर साहिब, आपके द्वारा अपनी Government से करना चाहता हूं । वह यह है कि जितने कच्चे मकान हरिजनों के थे उन तमाम के तमाम का सफ़ाया हो गया है। जितने मुवैशी थे उन तमाम के तमाम का सफाया हो गया है। आदमी तो बच गये हैं मगर सामान ज़रा नहीं बचा है । और वहां पर बीमारियां फैल रही हैं । वैसे तो चीफ मिनिस्टर साहिब ने

[श्री फग्गू राम]
कहा है कि हम दवाइयां और डाक्टर वगैरा भेजने का इन्तज़ाम कर रहे हैं। मगर मेरी अर्ज़ यह है कि इसके अलावा वहां से पानी के निकालने का भी जल्द से जल्द कोई इन्तज़ाम करना चाहिए।

मैं एक और दरखास्त हरिजनों के बारे में करना चाहता हूं। Government ने जो मकान बनाने के लिए कर्ज़ा देने का एलान किया है उसके लिये Government की तरफ से फारम जाते हैं और उनको पुर करके कर्ज़ा लेने के लिए देना पड़ता है। वह फारम पहले Deputy Commissioner के पास जाते हैं। वह उनको माल अफसर के पास भेजता है। वहां से तहसीलदार के पास जाते हैं और वह फिर क्लर्क के पास बांटने के लिये देता है। मगर क्लर्क लोग अपनी मन मानी करते हैं। और लोगों का तो क्या कहना वे तहसीलदार की परवाह नहीं करते हैं। ऊपर से भी हुक्म आया तहसीलदार ने भी फरमाया कि ज़्यादा से ज़्यादा फारम हरिजनों को दिए जाएं मगर वे लोग कहां मानते हैं। स्पीकर साहिब, मैं खुद गया और मैं ने कहा मुझे भी फारम चाहिये मगर जवाब मिला कि साहिब वे तो सब खत्म हो गये हैं। मैं ने कहा भाई अभी पांच मिनट तो फारमों को आए नहीं हुए इतनी देर में वे कैसे खत्म हो गये, एक दूसरा क्लर्क पास बैठा था मैं ने उस से भी कहा कि इतनी जल्दी पचास के पचास फारम कैसे खत्म हो गये? मगर जवाब मिला कि सब तकसीम कर दिये गये हैं। जनाबे वाला, मैं माल अफसर के पास गया और उनको सब किस्सा सुनाया। वह खुद उठ कर मेरे साथ तहसील में आये और फारमों की list देखी। तो, स्पीकर साहिब, वे जो फारम थे उनकी कीमत Rs 6/6/- थी मगर उस क्लर्क के पास निकले Rs. 10/- और जो दूसरा क्लर्क बैठा था उसके पास से निकले Rs. 21/10/-। इस केस पर action ले लिया गया है और माल अफसर ने वह सारी की सारी list अपने पास ले ली है। इस लिए मेरी अर्ज़ है कि इन चीज़ों की रोक थाम करनी चाहिये नहीं तो मैं कहता हूं कि इस तरह से तमाम हरिजन खत्म हो जायेंगे और जो इमदाद है उसको बड़े २ आदमी ही खा जायेंगे (घंटी)।

स्पीकर साहिब, मैं एक और दरखास्त अपनी Government से और अपने चीफ मिनिस्टर साहिब से करना चाहता हूं। वह यह है कि जो निरवाना लाईन है और जो मेरे हलके में से गुज़रती है उस में 1:3 की निस्बत से सीमिन्ट लगा है। मैं पूछता हूँ कि वह कैसे टिक सकता है। सो मेरी दरखास्त यह है कि जैसे एक डाक्टर मरज़ को देखता है और injection लगाता है उसी तरह हमारी Government को चाहिए कि वह इस चीज़ की तहकीकात करे। यह जो projects बने हुए हैं वे किसी अच्छी स्कीम से नहीं बने हुए हैं। यह जो भाखड़ा नंगल project है ....

(घंटी-बैठ जाओ, बैठ जाओ की आवाज़ें)

स्पीकर साहिब, मैं ने बड़ी मुश्किल से time लिया है। मैं थोड़ी सी दरखास्त करूंगा कि हमारे चीफ मिनिस्टर साहिब ने जो तकरीर फरमाई है, मैं उस के लिए उनको वधाई देता हूँ और साथ ही यह भी कहता हूँ कि यह जो कर्ज़ा है इसको तकसीम करने

के लिए ईमानदार आदमी भेजे जाएं। राशन की तकसीम के बारे में मेरी अर्ज़ है कि जिस इलाका में यह तकसीम किया जाए उस हलका के M. L. A. को बुलाया जाए और उसको साथ लिया जाए ताकि वह देख २ कर राशन तकसीम करे।

ਸ਼੍ਰੀਮਤੀ ਪਰਕਾਸ਼ ਕੌਰ (ਰਾਮਦਾਸ) : ਸਪੀਕਰ ਸਾਹਿਬ ! ਬੜੇ ਚਿਰ ਤੋਂ ਮੇਰੀਆਂ ਭੈਣਾਂ ਸੋਚ ਰਹੀਆਂ ਸਨ ਕਿ ਆਪ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਹੀਂ ਦੇ ਰਹੇ। ਮੈਂ ਆਪ ਜੀ ਦੀ ਬੜੀ ਧੰਨਵਾਦੀ ਹਾਂ ਕਿ ਆਪ ਨੇ ਭੈਣਾਂ ਵਲ ਧਿਆਨ ਕਰਕੇ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। ਇਸ ਸੰਬੰਧ ਵਿਚ ਸਾਡੇ ਲੀਡਰ ਸਾਹਿਬ ਨੇ ਬਾੜ੍ਹ ਦੀ ਸਥਿਤੀ ਉਤੇ ਜਿਹੜੀ Statement ਦਿਤੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਗਵਰਨਮੈਂਟ ਨੇ ਪੀੜਤ ਲੋਕਾਂ ਦੀ ਸਹਾਇਤਾ ਲਈ ਜਿਹੜੇ practical steps ਲੈਣੇ ਚਾਹੀਦੇ ਸਨ ਉਹ ਲਏ ਹਨ। ਸਰਕਾਰੀ ਕਰਮਚਾਰੀਆਂ ਨੇ ਵੀ ਮੁਸੀਬਤ ਦਿਆਂ ਮਾਰਿਆਂ ਦੀ ਸਹਾਇਤਾ ਕਰਨ ਲਈ ਪੂਰਾ ਪੂਰਾ ਜਤਨ ਕੀਤਾ ਹੈ। ਇਹ ਸਾਡੇ ਲਈ ਇਕ ਫ਼ਖ਼ਰ ਦੀ ਗੱਲ ਹੈ ਤੇ ਮੈਂ ਇਸ ਤੇ ਸਰਕਾਰ ਨੂੰ ਤੇ ਸਰਕਾਰ ਦਿਆਂ ਕਰਮਚਾਰੀਆਂ ਨੂੰ ਹਾਰਦਿਕ ਵਧਾਈ ਦੇਂਦੀ ਹਾਂ। ਇਸਦੇ ਇਲਾਵਾ Air force ਦਿਆਂ ਫੌਜੀ ਭਾਈਆਂ ਨੇ ਤੇ Students ਨੇ ration ਵੰਡਣ ਵਿਚ ਬੜੀ ਸਹਾਇਤਾ ਦਿਤੀ ਹੈ। ਮੇਰੀਆਂ ਭੈਣਾਂ ਵੀ ਪੀੜਤ ਲੋਕਾਂ ਦੀ ਸੇਵਾ ਕਰਨ ਤੋਂ ਪਿਛੇ ਨਹੀਂ ਰਹੀਆਂ ਤੇ ਰੋਟੀਆਂ ਪਕਾ ਪਕਾ ਕੇ ਉਨ੍ਹਾਂ ਦੀ ਸੇਵਾ ਕਰਦੀਆਂ ਰਹੀਆਂ ਹਨ। Students ਤੇ ਅਸੀਂ ਫ਼ਖ਼ਰ ਕਰ ਸਕਦੇ ਹਾਂ ਕਿ ਉਨ੍ਹਾਂ ਨੇ ਔਕੜਾਂ ਝੇਲ ਕੇ ਤੇ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਵੀ ਮਦਦ ਦੇਣ ਦੀ ਕੋਸ਼ਿਸ਼ ਕੀਤੀ ਹੈ। ਤਰਨਤਾਰਨ ਦੀ ਤਹਿਸੀਲ ਵਿਚ ਕਈ Students ਲੋਕਾਂ ਨੂੰ ਪਾਣੀ ਵਿਚੋਂ ਕਢਣ ਦੀ ਕੋਸ਼ਿਸ਼ ਕਰਦਿਆਂ ੨ ਡੁਬ ਗਏ। ਇਨ੍ਹਾਂ ਦੀਆਂ ਕੋਸ਼ਿਸ਼ਾਂ ਤੇ ਸਰਗਰਮੀਆਂ ਨੂੰ ਵੇਖਦਿਆਂ ਹੋਇਆਂ ਕੁਝ ਢਾਰਸ ਬਝਦੀ ਹੈ ਪਰ ਇਸਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਿਹੜਾ ਕੰਮ ਅਸੀਂ ਪੰਜਾਬ ਦੀ ਉੱਨਤੀ ਲਈ ਪਿਛਲਿਆਂ ਪੰਜਾਂ ਸਾਲਾਂ ਵਿਚ ਬਲਕਿ ਪਿਛਲਿਆਂ 50 ਸਾਲਾਂ ਵਿਚ ਕੀਤਾ ਹੈ ਉਸ ਤੇ ਪਾਣੀ ਫਿਰ ਗਿਆ ਹੈ। ਇਸ ਤਰ੍ਹਾਂ ਦੇ ਹਾਲਾਤ ਦਾ ਮੁਕਾਬਲਾ ਸਾਨੂੰ ਦੇਸ਼ ਦੇ ਬਟਵਾਰੇ ਦੇ ਸਮੇਂ ਕਰਨਾ ਪਿਆ ਸੀ ਪਰ ਉਸ ਵੇਲੇ ਹਾਲਾਤ ਕੁਝ ਇਸਤੋਂ ਮੁਖਤਲਿਫ ਸਨ। ਉਸ ਵੇਲੇ ਇਸ ਪਾਸੇ ਰਹਿਣ ਵਾਲੇ ਭਰਾਵਾਂ ਨੇ ਸ਼ਰਨਾਰਥੀਆਂ ਨੂੰ ਖੁਰਾਕ, ਕਪੜਾ ਤੇ ਰਹਿਣ ਲਈ ਮਕਾਨ ਦੇ ਕੇ ਪੂਰੀ ਪੂਰੀ ਸਹਾਇਤਾ ਕੀਤੀ ਸੀ। ਪਰ ਇਸ ਵੇਲੇ ਕਾਰਖਾਨੇਦਾਰ ਤੇ ਸਰਮਾਏਦਾਰ ਜਿਨ੍ਹਾਂ ਤੇ ਸਾਨੂੰ ਫ਼ਖ਼ਰ ਸੀ ਕਿ ਉਹ ਇਸ ਵੇਲੇ ਪੀੜਤ ਲੋਕਾਂ ਦੀ ਮਦਦ ਕਰਨਗੇ ਆਪ ਖੁਦ ਕੁਰਲਾ ਰਹੇ ਹਨ।

ਇਸ ਸਿਲਸਿਲੇ ਵਿਚ ਇਹ ਕਿਹਾ ਗਿਆ ਹੈ ਕਿ ਲੋਕਾਂ ਨੂੰ ਤੰਬੂ ਮੁਹੱਯਾ ਕੀਤੇ ਜਾਣ ਤਾਂ ਜੋ ਉਹ ਆਪਣਾ ਸਿਰ ਲੁਕਾ ਸਕਣ। ਮੈਂ ਸਮਝਦੀ ਹਾਂ ਕਿ ਐਨੇ ਤੰਬੂਆਂ ਦਾ ਪ੍ਰਬੰਧ ਕਰਨਾ ਬਹੁਤ ਮੁਸ਼ਕਿਲ ਹੈ। ਅੱਜ ਹਾਲਤ ਇਹ ਹੈ ਕਿ ਮੇਰੇ ਜ਼ਿਲੇ ਦੀਆਂ ਚਾਰ ਤਹਿਸੀਲਾਂ ਹਨ ਜਿਨ੍ਹਾਂ ਵਿਚੋਂ ਤਿੰਨ ਤਹਿਸੀਲਾਂ ਪਾਣੀ ਹੇਠ ਹਨ। ਉਨ੍ਹਾਂ ਵਿਚ ਪਹੁੰਚਣ ਦਾ ਕੋਈ ਰਸਤਾ ਨਹੀਂ। ਇਧਰ ਦੇ ਲੋਕ ਬਿਲਬਲਾ ਰਹੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਨਹੀਂ ਕਿ ਉਥੇ ਕੁਝ ਖਾਣ ਨੂੰ ਵੀ ਮਿਲ ਰਿਹਾ ਹੈ ਜਾਂ ਨਹੀਂ। ਉਥੇ medical relief ਵੀ ਨਹੀਂ ਪਹੁੰਚਾਈ ਜਾ ਸਕਦੀ ਤੇ ਨਾ ਹੀ ਉਥੇ ਕੋਈ ਸਕੂਲ ਹੈ ਕਿ ਲੋਕ ਉਥੇ ਇਕੱਠੇ ਹੋ ਸਕਣ। ਤੰਬੂਆਂ ਤੇ ration ਪਹੁੰਚਾਣ ਦਾ ਵੀ ਕੰਮ ਔਖਾ ਹੈ। ਇਨ੍ਹਾਂ ਹਾਲਤਾਂ ਵਿਚ ਮੈਂ ਤਜਵੀਜ਼ ਪੇਸ਼ ਕਰਦੀ ਹਾਂ ਕਿ ਤੰਬੂਆਂ ਦੀ ਬਜਾਏ ਸਰਕਾਰ ਉਨ੍ਹਾਂ ਨੂੰ 50, 100, ਜਾਂ 150 ਰੁਪਏ ਦਏ ਤਾਂ ਜੋ ਉਹ ਆਪਣੇ ਕੋਠੇ ਛੱਤ ਲੈਣ। ਹੁਣ ਛੇਤੀ ਨਾਲ ਸਰਦੀ ਆ ਰਹੀ ਹੈ ਤੇ ਜੇ ਉਨ੍ਹਾਂ ਦੇ shelter ਦਾ ਪ੍ਰਬੰਧ ਨਾ ਕੀਤਾ ਗਿਆ ਤਾਂ ਉਹ ਟਿਲਿਆਂ ਤੇ ਹੀ ਮਰ ਜਾਣਗੇ। ਇਸਦੇ ਇਲਾਵਾ ਉਨ੍ਹਾਂ ਨੂੰ ਸਰਪੰਚਾਂ ਜਾਂ ਨੰਬਰਦਾਰਾਂ ਦੀ ਰਾਹੀਂ ਚਾਰ ੨ ਦਿਨਾਂ ਜਾਂ ਹਫਤੇ ੨ ਦਾ ਰਾਸ਼ਨ distribute ਕਰ ਦਿਤਾ ਜਾਏ। ਦੂਜੀ ਤਜਵੀਜ਼ ਮੇਰੀ ਇਹ ਹੈ ਕਿ ਉਨ੍ਹਾਂ ਨੂੰ seeds ਮੁਹੱਯਾ ਕਰਨ ਦਾ ਪ੍ਰਬੰਧ ਕੀਤਾ ਜਾਏ।

[ਸ਼੍ਰੀਮਤੀ ਪਰਕਾਸ਼ ਕੌਰ]

ਇਸਦੇ ਇਲਾਵਾ ਉਨ੍ਹਾਂ ਨੂੰ ਆਬਿਆਨਾ ਦੇਣ ਦੀ ਬੜੀ ਚਿੰਤਾ ਲਗੀ ਹੋਈ ਹੈ। ਪਾਣੀ ਸੁਕਣ ਦੇ ਬਾਅਦ ਅਫਸਰ ਜਮਦੂਤਾਂ ਦੀ ਤਰ੍ਹਾਂ ਆਬਿਆਨਾ ਵਸੂਲ ਕਰਨ ਲਈ ਆ ਜਾਣਗੇ। ਉਨ੍ਹਾਂ ਲੋਕਾਂ ਕੋਲ ਇਸ ਵੇਲੇ ਨਾ ਰਹਿਣ ਲਈ ਕੁਲੀ ਹੈ, ਨਾ ਪੱਲੇ ਕੋਈ ਪੈਸਾ ਧੇਲਾ ਹੈ ਉਹ ਉਨ੍ਹਾਂ ਅਫਸਰਾਂ ਨੂੰ ਕਿਵੇਂ face ਕਰ ਸਕਦੇ ਹਨ। ਇਸ ਲਈ ਮੈਂ ਸੁਝਾਵ ਕਰਦੀ ਹਾਂ ਕਿ ਸਰਕਾਰ ਇਸ ਸੰਬੰਧ ਵਿਚ ਆਪਣੀ ਪਾਲਿਸੀ ਦਾ ਏਲਾਨ ਕਰੇ ਤੇ ਜਿਹੜੀ ਛੋਟ ਆਬਿਆਨੇ ਜਾਂ ਮਾਮਲੇ ਵਿਚ ਕਰਨੀ ਹੈ ਉਸਦਾ ਫੈਸਲਾ ਕਰਕੇ ਹੁਣ ਤੋਂ ਹੀ ਉਨ੍ਹਾਂ ਨੂੰ ਦੱਸ ਦਏ ਤਾਂ ਜੋ ਉਨ੍ਹਾਂ ਦੀ ਪ੍ਰੇਸ਼ਾਨੀ ਦੂਰ ਹੋ ਜਾਏ।

ਇਸਦੇ ਇਲਾਵਾ ਮੈਂ ਸਰਕਾਰ ਦਾ ਧਿਆਨ ਇਕ ਹੋਰ ਜ਼ਰੂਰੀ ਗੱਲ ਵਲ ਦੁਆਉਣਾ ਚਾਹੁੰਦੀ ਹਾਂ। ਉਹ ਇਹ ਹੈ ਕਿ ਜਦੋਂ ਬਾਰਿਸ਼ ਦਾ ਪਾਣੀ ਚਿਰ ਤਕ ਇਕ ਥਾਂ ਜਮਾਂ ਰਹੇ ਤਾਂ ਉਥੇ ਬੀਮਾਰੀ ਫੈਲ ਜਾਣ ਦਾ ਖਤਰਾ ਹੁੰਦਾ ਹੈ। ਇਸ ਲਈ ਮੇਰੀ ਇਹ ਤਜਵੀਜ਼ ਹੈ ਕਿ Medical College ਤੇ Veterinary College ਅਤੇ ਦੂਜੀਆਂ Medical Associations ਅਗੇ appeal ਕੀਤੀ ਜਾਏ ਕਿ ਉਨ੍ਹਾਂ ਦੇ ਕਰਮਚਾਰੀ ਤੇ students parties ਪਿੰਡਾਂ ਦਾ ਦੌਰਾ ਕਰਕੇ ਇਨ੍ਹਾਂ ਇਲਾਕਿਆਂ ਵਿਚ medical aid ਦੇਣ ਦਾ ਪ੍ਰਬੰਧ ਕਰਨ। ਇਸ ਵਲ ਗਵਰਨਮੈਂਟ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਇਸਦੇ ਇਲਾਵਾ ਲੋਕਾਂ ਵਿਚ ਇਕ misunderstanding ਪੈਦਾ ਹੋ ਗਈ ਹੈ ਕਿ–ਮਹਿਕਮਾ ਨਹਿਰ ਨੇ ਉਨ੍ਹਾਂ ਨੂੰ ਕਿਉਂ ਨਹੀਂ ਦਸਿਆ ਕਿ ਪਾਣੀ ਖਤਰੇ ਦੇ ਨਿਸ਼ਾਨ ਤੇ ਪਹੁੰਚ ਗਿਆ ਹੈ ਤਾਂ ਜੋ ਲੋਕ ਇਸ ਖਤਰੇ ਤੋਂ ਖਬਰਦਾਰ ਹੋ ਜਾਂਦੇ ਤੇ ਨਾ ਹੀ Districts Authorities ਨੇ ਲੋਕਾਂ ਨੂੰ ਇਸ ਖਤਰੇ ਤੋਂ ਅਗਾਹ ਕਰਨ ਦੀ ਤਕਲੀਫ਼ ਕੀਤੀ। ਗਵਰਨਮੈਂਟ ਨੂੰ ਚਾਹੀਦਾ ਹੈ ਕਿ ਉਹ ਇਸ ਸੰਬੰਧ ਵਿਚ enquiry ਕਰੇ ਤੇ ਜੇ ਇਸ ਮਾਮਲੇ ਵਿਚ ਕੋਈ ਅਫਸਰ ਕਸੂਰਵਾਰ ਹੈ ਤਾਂ ਉਸਦੇ ਵਿਰੁਧ ਕਾਰਵਾਈ ਕੀਤੀ ਜਾਏ। ਮੈਂ ਜਾਣਦੀ ਹਾਂ ਕਿ ਅਫਸਰਾਂ ਨੇ ਪੀੜਤਾਂ ਨੂੰ ਸਹਾਇਤਾ ਪਹੁੰਚਾਣ ਲਈ ਬੜੀ ਸਰਗਰਮੀ ਨਾਲ ਕੰਮ ਕੀਤਾ ਹੈ।

ਇਹ ਵੀ ਪਤਾ ਲਗਾ ਹੈ ਕਿ ਜਿਥੇ ਕਿਤੇ ਪਿੰਡਾਂ ਨੂੰ ਬਚਾਣ ਦੀ ਲੋੜ ਸੀ ਪਿੰਡ ਵਾਲਿਆਂ ਨੇ ਨਹਿਰਾਂ ਨੂੰ ਕਟ ਦਿਤਾ ਸੀ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾਣੇ ਹਨ ਅਤੇ ਉਨ੍ਹਾਂ ਪਾਸੋਂ ਇਸ ਨੁਕਸਾਨ ਲਈ ਤਾਵਾਨ ਲਿਆ ਜਾਣਾ ਹੈ ਇਸ ਬਾਰੇ ਵਿਚ ਮੇਰੀ request ਹੈ ਕਿ ਇਸ ਨਾਲ ਲੋਕਾਂ ਤੇ psychological effect ਪਏਗਾ। ਜਿਵੇਂ ਕੋਈ ਬੱਚਾ ਬੀਮਾਰ ਹੋਵੇ ਤਾਂ ਉਹਨੂੰ ਹਮਦਰਦੀ ਵਿਖਾਣ ਨਾਲ ਹੀ ਉਸਦਾ ਰੋਗ ਘਟ ਹੋ ਜਾਂਦਾ ਹੈ। ਉਸ ਨੂੰ attend ਕਰਨ ਅਤੇ ਉਸ ਨਾਲ sympathy ਰਖਣ ਨਾਲ ਉਸਦੇ ਮਨ ਤੇ ਅਸਰ ਪੈਂਦਾ ਹੈ ਇਸੇ ਤਰ੍ਹਾਂ ਇਸ ਸਮੇਂ ਮੁਸੀਬਤ ਦੇ ਮਾਰੇ ਅਤੇ ਹਰਾਸੇ ਹੋਏ ਲੋਕ ਹਨ ਜੇਕਰ ਇਨ੍ਹਾਂ ਤੇ ਇਹ ਨਵੀਂ ਨੋਟਿਸਾਂ ਤੇ ਤਾਵਾਨ ਦੀ ਮੁਸੀਬਤ ਪਾਈ ਗਈ ਤਾਂ ਇਨ੍ਹਾਂ ਮੁਸੀਬਤ ਮਾਰਿਆਂ ਦੇ ਦਿਲ ਹੋਰ ਢਹਿ ਜਾਣਗੇ ਅਤੇ ਮੈਂ ਸਮਝਦੀ ਹਾਂ ਕਿ ਤਾਵਾਨ ਰਾਹੀਂ ਆਏ ਪੈਸੇ ਨਾਲ ਅਸੀਂ ਹੜ੍ਹਾਂ ਦੀ ਸਮੱਸਿਆ ਨੂੰ ਹੱਲ ਨਹੀਂ ਕਰ ਸਕਾਂਗੇ। ਅਸਾਨੂੰ ਤਾਂ ਇਸ ਵੇਲੇ ਉਨ੍ਹਾਂ ਨਾਲ ਹਮਦਰਦੀ ਦਾ ਵਰਤਾਵ ਕਰਨਾ ਚਾਹੀਦਾ ਹੈ।

ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਦੀ ਹਾਂ ਕਿ ਇਸ ਹਾਲਤ ਵਿਚ ਪਿੰਡਾਂ ਨੂੰ ਛੇਤੀ ਤੋਂ ਛੇਤੀ ਮਦਦ ਪਹੁੰਚਾਈ ਜਾਵੇ। ਅਤੇ ਮੈਂ ਜੋ suggestions ਦਿਤੇ ਹਨ ਇਨ੍ਹਾਂ ਵਲ ਆਸ ਹੈ ਸਰਕਾਰ ਧਿਆਨ ਦੇਵੇਗੀ।

ਸਰਦਾਰ ਦਰਸ਼ਨ ਸਿੰਘ (ਤਰਨਤਾਰਨ): ਸਪੀਕਰ ਸਾਹਿਬ! ਮੇਰੇ ਤੋਂ ਪਹਿਲਾਂ ਕਈ ਮਿੱਤਰਾਂ ਨੇ ਹੜ੍ਹਾਂ ਤੋਂ ਹੋਈ ਤਬਾਹੀ ਬਾਰੇ ਜ਼ਿਕਰ ਕੀਤਾ ਹੈ। ਅੱਜ ਤੋਂ ਪਹਿਲਾਂ ਵੀ ਇਕ ਉਜਾੜਾ ਹੋਇਆ ਸੀ ਜਿਸਦਾ ਕਾਰਨ ਦੇਸ਼ ਦੀ ਵੰਡ ਸੀ ਅਤੇ ਉਜਾੜੇ ਤੋਂ ਅਜੇ ਅਸੀਂ ਸੰਭਲੇ ਹੀ ਨਹੀਂ ਸਾਂ ਕਿ ਅੱਜ ਦਾ ਉਜਾੜਾ ਹੋ ਗਿਆ। ਇਹ ਦੂਜਾ ਉਜਾੜਾ ਹੈ। ਇਹ ਉਜਾੜਾ ਅਜਿਹਾ ਭਿਆਨਕ ਹੈ ਕਿ ਇਸਦੇ ਅਸਰ ਨਾਲ ਪਿੰਡਾਂ ਦੇ ਪਿੰਡ ਸਾਫ ਹੋ ਗਏ ਹਨ। ਜਿਥੋਂ ਤਕ ਤਬਾਹੀ ਅਤੇ ਬਰਬਾਦੀ ਦਾ ਤਅੱਲੁਕ ਹੈ ਮੈਨੂੰ ਚੰਗੀ ਤਰ੍ਹਾਂ ਪਤਾ ਹੈ ਅਤੇ ਮੈਂ ਵੀ ਇਸੇ ਤਬਾਹੀ ਬਾਰੇ ਦਸਣਾ ਚਾਹੁੰਦਾ ਹਾਂ।

ਅੱਜ ਫਸਲ ਬੀਜ ਕੇ ਕਿਸਾਨ ਇਹ ਆਸ ਲਾਈ ਬੈਠਾ ਸੀ ਕਿ ਫਸਲ ਚੰਗੀ ਹੋਈ ਹੈ। ਇਸ ਨਾਲ ਕੁਝ ਕਾਰੋਬਾਰ ਕਰਾਂਗੇ ਅਤੇ ਉਨ੍ਹਾਂ ਦੀ ਇਹ ਵੀ ਆਸ ਸੀ ਕਿ ਗੁਜ਼ਾਰਾ ਚੰਗਾ ਹੋ ਜਾਵੇਗਾ ਪਰ ਹੋਇਆ ਕੀ ? ਮੁਸੀਬਤ ਆਈ ਅਤੇ ਉਹ ਵੀ ਗਰੀਬਾਂ ਤੇ। ਆਮ ਤੌਰ ਤੇ ਵੇਖਿਆ ਗਿਆ ਹੈ ਕਿ ਮੁਸੀਬਤ ਜਦੋਂ ਵੀ ਆਉਂਦੀ ਹੈ ਗਰੀਬਾਂ ਤੇ ਅਤੇ ਨੀਵੇਂ ਤਬਕੇ ਦੇ ਲੋਕਾਂ ਤੇ ਆਉਂਦੀ ਹੈ। ਮੇਹਨਤ ਮਜ਼ਦਰੀ ਕਰਨ ਵਾਲਿਆਂ ਤੇ ਆਉਂਦੀ ਹੈ। ਅੱਜ ਉਹ ਲੋਕ ਜੋ ਮੇਹਨਤ ਮਜ਼ਦੂਰੀ ਕਰਕੇ ਆਪਣਾ ਪੇਟ ਪਾਲਦੇ ਸਨ, ਬੇਕਾਰ ਹੋ ਗਏ ਹਨ। ਸਾਵਣੀ ਦੀ ਫਸਲ ਤਬਾਹ ਹੋ ਗਈ ਹੈ ਅਤੇ ਇਹ ਵੀ ਫਿਕਰ ਹੋ ਰਿਹਾ ਹੈ ਕਿ ਹਾੜ੍ਹੀ ਦੀ ਫਸਲ ਕਿਵੇਂ ਬੀਜੀ ਜਾਵੇਗੀ। ਹਾੜ੍ਹੀ ਦੀ ਫਸਲ ਲਈ ਵੀ ਮੁਸ਼ਕਲ ਬਣ ਰਹੀ ਹੈ। ਮਜ਼ਦੂਰ ਤੇ ਕੰਮੀ ਹੱਥ ਤੇ ਹੱਥ ਧਰੀ ਬੈਠੇ ਹਨ। ਸਾਵਣੀ ਦੀ ਆਸ ਗਈ ਅਤੇ ਹਾੜ੍ਹੀ ਦੀ ਆਸ ਵੀ ਪੂਰੀ ਤਰ੍ਹਾਂ ਨਹੀਂ ਬਝਦੀ। ਇਸ ਤਬਾਹੀ ਦਾ ਸਾਰਿਆਂ ਤੋਂ ਵੱਧ ਅਸਰ ਦਿਹਾਤੀ ਮਜ਼ਦੂਰਾਂ ਤੇ ਪਿਆ ਹੈ।

ਚੀਫ ਮਿਨਿਸਟਰ ਸਾਹਿਬ ਨੇ ਜਿਵੇਂ ਦਸਿਆ ਹੈ ਕਿ ਇਸ ਤਬਾਹੀ ਵਿਚ ਸੱਤ ਲੱਖ ਤਬਾਹ ਹੋਏ ਹਨ ਤੇ ਫਿਰ ਜੋ ਘਰ ਤਬਾਹ ਹੋਏ ਹਨ ਉਹ ਵੀ ਪਸਮਾਂਦਾ ਜਾਤੀਆਂ ਦੇ ਜਿਵੇਂ ਮਜ਼੍ਹਬੀ, ਹਰੀਜਨ, ਰਾਮਦਾਸੀਏ, ਬਾਲਮੀਕੀ ਆਦਿਕ। ਕਿਉਂ ਜੋ ਆਮ ਤੌਰ ਤੇ ਇਨ੍ਹਾਂ ਦੇ ਮਕਾਨ ਨੀਵੀਂਆਂ ਥਾਵਾਂ ਤੇ ਹੁੰਦੇ ਸਨ। ਨਿਆਈਆਂ ਵਿਚ ਮਕਾਨ ਇਹ ਜਾਤੀਆਂ ਬਣਾਂਦੀਆਂ ਹਨ। ਇਸਤੋਂ ਸਾਫ ਪਤਾ ਲਗਦਾ ਹੈ ਕਿ ਘਰਾਂ ਦਾ ਸਭ ਤੋਂ ਵੱਧ ਨੁਕਸਾਨ ਪਸਮਾਂਦਾ ਜਾਤੀਆਂ ਦਾ ਹੋਇਆ ਹੈ। ਇਸ ਲਈ ਮੈਂ ਚੀਫ ਮਿਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਗਰਾਂਟਾਂ ਜੋ ਉਨ੍ਹਾਂ ਨੇ ਦੇਣ ਬਾਰੇ ਇਲਾਨ ਕੀਤਾ ਹੈ ਉਨ੍ਹਾਂ ਨੂੰ ਵਧਾ ਦਿਤਾ ਜਾਵੇ ਅਤੇ ਇਹ ਗਰਾਂਟਾਂ ਪਸਮਾਂਦਾ ਜਾਤੀਆਂ ਨੂੰ ਦਿਤੀਆਂ ਜਾਣ ਤਾਂ ਜੋ ਉਹ ਆਪਣੇ ਘਰ ਫਿਰ ਬਣਾ ਸਕਣ।

ਫਿਰ, ਸਪੀਕਰ ਸਾਹਿਬ, 1950 ਵਿਚ ਹੜ੍ਹ ਆਏ ਸਨ ਤਾਂ ਇਹ ਵੇਖਿਆ ਗਿਆ ਸੀ ਕਿ ਸਰਕਾਰ ਨੇ ਤਕਾਵੀਆਂ ਜਾਰੀ ਕੀਤੀਆਂ ਅਤੇ ਇਨ੍ਹਾਂ ਤਕਾਵੀਆਂ ਲਈ ਨੰਬਰਦਾਰਾਂ ਨੇ ਨਾਮ recommend ਕੀਤੇ ਸਨ। ਅਤੇ ਫਿਰ ਨੰਬਰਦਾਰ ਅਤੇ ਤਸਦੀਕ ਕਰਨ ਵਾਲੇ ਹੀ 50–50 ਰੁਪਏ ਲੈ ਲੈਂਦੇ ਸਨ। ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕਰਜ਼ੇ ਅਤੇ ਗਰਾਂਟਾਂ ਗਵਰਨਮੈਂਟ ਦੇ ਰਹੀ ਹੈ ਉਹ ਅਜਿਹੀ ਮਸ਼ੀਨਰੀ ਰਾਹੀਂ ਦਿਤੇ ਜਾਣ ਜੋ ਸਿਧੇ ਹੀ ਪਿੰਡ ਵਿਚ ਜਾਕੇ ਲੋਕਾਂ ਨੂੰ, ਜਿਨ੍ਹਾਂ ਦੇ ਘਰ ਤਬਾਹ ਹੋਏ ਹਨ ਤੇ ਪਸ਼ੂਆਂ ਦਾ ਨੁਕਸਾਨ ਹੋਇਆ ਹੈ, ਦੇਣ ਅਤੇ ਰਾਹ ਵਿਚ ਜੋ ਤਕਾਵੀਆਂ ਤੇ ਗਰਾਂਟਾਂ ਵੰਡਣ ਵਿਚ ਬੇਇਮਾਨੀ ਹੁੰਦੀ ਹੈ ਉਸਨੂੰ ਰੋਕਿਆ ਜਾਵੇ।

(*At this stage Mr. Speaker occupied the Chair.*)

ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਨਾਜ ਜੋ ਲੋਕਾਂ ਨੂੰ ਦਿਤਾ ਜਾ ਰਿਹਾ ਹੈ ਇਸਦੀ ਵੰਡ ਠੀਕ ਨਹੀਂ ਕੀਤੀ ਜਾ ਰਹੀ। ਮੈਂ ਆਪ ਪਿੰਡਾਂ ਵਿਚ ਫਿਰ ਕੇ ਆਇਆ ਹਾਂ ਅਤੇ ਵੇਖਿਆ ਹੈ ਕਿ ਨੂਰਪੁਰ ਮਿਆਨੀ ਆਦਿਕ ਵਿਖੇ ਪਰਸੋਂ ਤਕ ਕੋਈ relief ਨਹੀਂ ਸੀ ਪਹੁੰਚਾਇਆ ਗਿਆ। ਫਿਰ ਤਰਨਤਾਰਨ ਤੋਂ ਅੱਗੇ ਪਿੰਡਾਂ ਵਿਚ ਅਨਾਜ ਕੋਈ ਨਹੀਂ ਲਿਜਾਇਆ ਗਿਆ। ਫਿਰ ਜਿਥੇ ਅਨਾਜ ਦਿਤਾ ਜਾ ਰਿਹਾ ਹੈ ਉਥੇ ਕੇਵਲ ਇਕ ਦਿਨ ਲਈ ਦਿਤਾ ਜਾ ਰਿਹਾ ਹੈ ਇਸ ਤਰ੍ਹਾਂ ਇਕ ਦਿਨ ਲਈ ਅਨਾਜ ਦੇਣ ਨਾਲ ਮਸਲਾ ਹੱਲ ਨਹੀਂ ਹੋ ਸਕੇਗਾ। ਗਵਰਨਮੈਂਟ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿਉਂ ਜੋ ਲੋਕ ਕਾਫੀ ਉਜੜ ਚੁਕੇ ਹਨ ਅਤੇ ਇਕ ਇਕ ਦਿਨ ਦੇ ਰਾਸ਼ਨ ਨਾਲ ਕੰਮ ਨਹੀਂ ਬਣ ਸਕਦਾ। ਉਨ੍ਹਾਂ ਨੂੰ ਤਾਂ 2-4-6 ਮਹੀਨੇ ਤਕ ਰਾਸ਼ਨ ਅਤੇ ਅਨਾਜ ਦਿਤੇ ਜਾਣ ਦੀ ਲੋੜ ਹੈ। ਇਸ ਲਈ ਮੇਰੀ ਇਹ ਮੰਗ ਹੈ ਕਿ ਦਿਹਾਤੀ ਮਜ਼ਦੂਰਾਂ ਅਤੇ ਪਸਮਾਂਦਾ ਜਾਤੀਆਂ ਨੂੰ ਅਨਾਜ ਦੇਣ ਲਈ ਡਿਪੋ ਖੋਲ੍ਹੇ ਜਾਣ ਤਾਂ ਜੋ ਉਹ ਆਪਣੀ ਲੋੜ ਅਨੁਸਾਰ ਅਨਾਜ ਉਥੋਂ ਲੈ ਸਕਣ।

ਫਿਰ ਅਗਲੀ ਫਸਲ ਲਈ ਬੀਜ ਦੇਣ ਲਈ ਵੀ ਗਵਰਨਮੈਂਟ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਸਬੰਧ ਵਿਚ ਸਰਕਾਰ ਨੇ ਜੋ ਗਰਾਂਟ ਦੇਣ ਦਾ ਫੈਸਲਾ ਕੀਤਾ ਹੈ ਉਹ ਵੱਧ ਹੋਣੀ ਚਾਹੀਦੀ ਹੈ। ਤਾਂ ਹੀ ਇਹ ਮਸਲਾ ਹੱਲ ਹੋ ਸਕੇਗਾ। ਇਨ੍ਹਾਂ ਕਰਜ਼ਿਆਂ ਤੇ ਗਰਾਂਟਾਂ ਬਾਰੇ ਚੀਫ ਮਿਨਿਸਟਰ ਸਾਹਿਬ

[ਸਰਦਾਰ ਦਰਸ਼ਨ ਸਿੰਘ]

ਨੇ ਇਲਾਨ ਕੀਤਾ ਹੈ ਅਤੇ ਮੈਂ ਇਹ ਚਾਹੁੰਦਾ ਹਾਂ ਕਿ ਸਰਦਾਰ ਉੱਜਲ ਸਿੰਘ ਵਜ਼ੀਰ ਖ਼ਜ਼ਾਨਾ ਵੀ ਇਲਾਨ ਕਰਨ ਅਤੇ ਫੌਰੀ ਹੁਕਮ ਜਾਰੀ ਕਰਨ ਕਿ ਜੋ ਕਰਜ਼ੇ ਦਿਤੇ ਜਾ ਰਹੇ ਹਨ ਉਨ੍ਹਾਂ ਨੂੰ ਗਰਾਂਟਾਂ ਸਮਝਿਆ ਜਾਵੇਗਾ।

ਤੀਜੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੇਸ਼ਾ ਵਰ ਟੈਕਸ ਜੋ ਲਾਇਆ ਜਾਂਦਾ ਹੈ ਇਸਨੂੰ ਖਤਮ ਕੀਤਾ ਜਾਵੇ ਕਿਉਂ ਜੋ ਨਾ ਤਾਂ ਆਮਦਨ ਦੇ ਵਸੀਲੇ ਰਹੇ ਹਨ ਅਤੇ ਨਾ ਹੀ ਉਜਾੜੇ ਨੇ ਕੋਈ ਕੰਮ ਧੰਦਾ ਰਹਿਣ ਦਿਤਾ। ਇਨ੍ਹਾਂ ਸ਼ਬਦਾਂ ਨਾਲ ਇਹ ਆਸ ਕਰਦਾ ਹੋਇਆ ਕਿ ਗਵਰਨਮੈਂਟ ਇਨ੍ਹਾਂ ਗੱਲਾਂ ਵਲ ਧਿਆਨ ਦੇਵੇਗੀ, ਆਪਣੀ ਥਾਂ ਤੇ ਬੈਠਦਾ ਹਾਂ।

श्री दौलत राम (कैथल): स्पीकर साहिब ! मैं समझता हूं कि जो तबाही बाढ़ से हुई है इस के बारे में वजूहात देनी एक फालतु बात है। यह एक ऐसी मिसाल है जिस की नज़ीर दुनियां भर में कहीं नहीं मिलती। ऐसा वाक्या न सिर्फ देश के मुख्तलिफ सूबों में बल्कि देश के बाहर दूसरे मुल्कों में भी कभी नहीं सुनने में आया। यह एक आसमानी कहर था जो हम पर नाज़ल हुआ। इतनी बड़ी मुसीबत में भी मैं देखता हूँ कि हमारी सरकार ने किस तरह इनसानी ज़िन्दगी को बचाया। हमारी सरकार ने जो इक्तदाम इस सिलसिले में, ऐसी मुसीबत का सामना करने के लिए उठाए हैं उनकी नज़ीर नहीं मिलती। जिस तहर उन्हों ने फौरी मदद पहुंचाई और लोगों की जानों को बचाया वह काबले कदर है। और इस का नतीजा भी हमारे सामने है। हमारी सरकार ने इनसानी ज़िन्दगी को बचाने के लिए जल्द २ काम करके उन मौकों पर जहां लोग मुसीबत में थे और कशमकश की ज़िन्दगी में थे, बचाया। इस से बड़ी सेवा और नहीं मिलती। इन्हों ने इस तरह इनसानी ज़िन्दगी को बचाया। मैं इस सिलसिले में चन्द एक बातें अर्ज़ करना चाहता हूं।

पहली अर्ज़ यह है कि flood stricken areas के लिए सरकार ने तो 2 करोड़ रुपये की तकावी मन्ज़ूर की है यह बहुत थोड़ी है। इस के बारे में हमने जैसे कि अखबारों में पढ़ा पहले यह 1 करोड़ थी और फिर बढ़ा कर 2 करोड़ कर दी गई है। मैं समझता हूँ कि यह रकम बहुत नाकाफी है। और फिर तकावी की वसूली कैसे हो सकेगी जब कि लोग इतनी मुसीबत में हैं कि वह इसको वापस नहीं लौटा सकेंगे। इस लिए सरकार को चाहिए कि इस सारी तकावी को ग्रांट की शक्ल में बदल दिया जाए। इस तबदीली से सरकार के खज़ाने में चन्दां फर्क नहीं पड़ेगा क्योंकि पहले ही सरकार इस बारे में करोड़ों रुपए खर्च कर रही है और बहालते मजबूरी अगर ऐसा करना सरकार के लिए मुमकिन न हो तो इस तकावी को बिना सूद कर दिया जाए और इसकी वसूली लम्बे अरसे की किश्तों से की जाए।

स्पीकर साहिब चौथी बात जो मैं आप के द्वारा चीफ मिनिस्टर साहिब से अर्ज़ करना चाहता हूँ वह यह है कि हमारे प्रदेश में Flood Relief Fund जारी किया जाना चाहिए जैसे कि मुख्तलिफ ममालक में ऐसे मौकों पर किया जाता है। इस वक्त जालन्धर डिवीज़न के इलाके निहायत ही मुसीबत ज़दा हैं। अम्बाला डिवीजन में एक दो ज़िले ऐसे हैं जिन्हों ने मुसीबत का सामना बहुत कमोबेश किया है। मैं पंजाब के मुख्तलिफ तबकों के लोगों में इख्तलाफ पैदा नहीं करना चाहता लेकिन मेरा मतलब यह है कि हमारा यह इनसानी फर्ज़ है कि हम अपने भाइयों की सहायता के लिए एक Flood Relief Fund raise करें। अगर हमारी सरकार इस सम्बन्ध में Central गवर्नमेंट को भी approach करे तो दूसरी States में भी ऐसी ही रकम

इकट्ठी हो सकती है और इस तरह मुसीबत ज़दा लोगों की जायज इमदाद हो सकती है। इन लफ़्ज़ों के साथ मैं अपनी स्पीच खत्म करता हूँ।

बख्शी प्रताप सिंह (सुजानपुर): स्पीकर साहिब! सैलाब की भयानक तबाही के मन्ज़र पंजाब में किसी से पोशीदा नहीं हैं। हरेक जगह पर दो हफ्तों से यही चर्चा हो रही है। कोई ऐसा देहात नहीं है जो सैलाब की ज़द में न आया हो लेकिन मुझे अफसोस से कहना पड़ता है कि अखबारात ने ज़िला कांगड़ा की तबाही के बारे में ज़रा भी ज़िक्र नहीं किया। ज़िला कांगड़ा के इलाका में वर्षा और सैलाब से काफी तबाही हुई है। इस ज़िला में जहां पर 90 फी सदी छोटे छोटे मालकान बसते हैं वे इन्तहा मकान गिर गए हैं लोगों ने जाड़े के लिये जो चारा पशुओं के लिये रखा हुआ था वह सब तबाह हो गया है। आप की विसातत से मैं अपने चीफ मिनिस्टर और गवर्नमेंट से यह प्रार्थना करना चाहता हूँ कि नूरपुर की तहसील के इलाके को सैलाब से बहुत बड़ी हानि हुई है। लोग इस आफते नागहानी का बड़ी बहादुरी से मुकाबला कर रहे हैं। जहां पर जनता मर्दानावार इस का मुकाबिला कर रही है वहां पर सरकारी कर्मचारियों ने भी जनता के प्रति प्रेम और मुहब्बत का सबूत दिया है। ज़िला के डिप्टी कमिश्नर ने अपनी जान जोखों में डाल कर इलाके का दौरा किया और लोगों को ढारस बन्धाई. स्पीकर साहिब, इस ईवान के अन्दर हमारे चीफ मिनिस्टर साहिब ने जो बयान दिया है उस से स्टेट के जख्मी लोगों की काफी मरहम पट्टी हो जाती है लेकिन ज़िला कांगड़ा में गरीब लोगों, पसमान्दा लोगों के घर बिल्कुल तबाह हो गए हैं। जो एलान हमारे चीफ मिनिस्टर साहिब ने उन लोगों को सहायता देने का किया है वह सहायता बहुत थोड़ी है। 75 और 100 रुपये की रकमें बहुत कलील हैं इन से उन गरीब लोगों का भला नहीं होगा। वहां पर मकानात स्लेट पोश बनते हैं। इन रुपयों से वे नहीं बन सकेंगे। मेरी अर्ज़ है कि उन लोगों को खास हालात की बिना पर ज़्यादा ग्रांट मिलनी चाहिए। इन शब्दों के साथ मैं अपनी जगह पर बैठता हूँ।

ਸਰਦਾਰ ਨੌਰੰਗ ਸਿੰਘ (ਸਮਰਾਲਾ) : ਪ੍ਰਧਾਨ ਜੀ! ਜਿਹੜੀ ਮੁਸੀਬਤ ਹੁਣ ਪੰਜਾਬ ਉੱਪਰ ਆਈ ਹੈ ਇਹੋ ਜਿਹੀ ਕਦੇ ਵੀ ਵੇਖਣ ਵਿਚ ਨਹੀਂ ਆਈ। ਜਿਹੜਾ ਨੁਕਸਾਨ ਡੰਗਰਾਂ ਦਾ ਅਤੇ ਮਕਾਨਾਂ ਦਾ ਹੋਇਆ ਹੈ ਉਹ ਸਭ ਸਜਣਾਂ ਨੂੰ ਪਤਾ ਹੈ। ਇਸ ਸੰਬੰਧ ਵਿਚ ਮੈਂ ਆਪ ਦੀ ਰਾਹੀਂ ਆਪਣੀ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਮਦਾਦ ਉਨ੍ਹਾਂ ਨੇ ਲੋਕਾਂ ਨੂੰ ਦੇਣੀ ਹੈ ਉਹ ਬਹੁਤ ਜਲਦੀ ਦੇ ਦੇਣ ਤਾਂ ਜੋ ਉਹ ਆਪਣੇ ੨ ਮਕਾਨ ਜਲਦੀ ਬਣਾ ਲੈਣ। ਨਹੀਂ ਤਾਂ ਸਰਦੀਆਂ ਨੂੰ ਡੰਗਰਾਂ ਦਾ ਵੀ ਅਤੇ ਆਦਮੀਆਂ ਦਾ ਵੀ ਬੁਰਾ ਹਾਲ ਹੋਵੇਗਾ। ਮਾਛੀਵਾੜਾ ਅਤੇ ਬੇਟ ਦੇ ਦੂਸਰਿਆਂ ਇਲਾਕਿਆਂ ਦੇ ਲੋਕਾਂ ਦਾ ਸਰਦੀਆਂ ਗੁਜ਼ਾਰਨ ਦਾ ਕੋਈ ਪ੍ਰਬੰਧ ਨਹੀਂ ਹੈ।

ਦੂਸਰੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਪਟਵਾਰੀ ਲੋਕ ਜਿਹੜੇ ਆਪਣੇ 2 ਹਲਕਿਆਂ ਵਿਚ ਕੰਮ ਕਰ ਰਹੇ ਹਨ ਉਹ ਇਕ ਥਾਂ ਹੀ ਵੇਖ ਲੈਂਦੇ ਹਨ ਅਤੇ ਦੂਸਰੀ ਥਾਂ ਤੇ ਵੇਖੇ ਬਗ਼ੈਰ ਹੀ ਅੰਦਾਜ਼ਾ ਲਗਾ ਲੈਂਦੇ ਹਨ ਕਿ ਕੀ ਹਿਸਾਬ ਕਿਤਾਬ ਹੈ। ਕਿੱਥੇ ਕੀ ਹੋਇਆ ਅਤੇ ਕਿਤਨੇ ਕਿਤਨੇ ਮਕਾਨ ਡਿਗ ਗਏ ਹਨ ਇਹ ਗੱਲ ਜਾਨਣ ਦੀ ਉਹ ਕੋਸ਼ਿਸ਼ ਨਹੀਂ ਕਰਦੇ। ਮੈਂ ਖੁਦ 15, 20 ਪਿੰਡਾਂ ਵਿਚ ਫਿਰ ਕੇ ਵੇਖਿਆ ਹੈ ਸਿਰਫ ਤੀਸਰਾ ਹਿੱਸਾ ਮਕਾਨਾਂ ਦਾ ਖੜਾ ਰਹਿ ਗਿਆ ਹੈ ਬਾਕੀ ਸਭ ਡਿਗ ਗਏ ਹਨ। ਚੂੰਕਿ ਸਰਦੀਆਂ ਆ ਰਹੀਆਂ ਹਨ ਸਰਕਾਰ ਨੂੰ ਚਾਹੀਦਾ ਹੈ ਕਿ ਜਲਦੀ ਤੋਂ ਜਲਦੀ ਕੰਮ ਕਰੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਥਾਂ ਉੱਪਰ ਬੈਠਦਾ ਹਾਂ।

श्री अमीर चन्द गुप्ता (अमृतसर शहर, केन्द्रीय): स्पीकर साहिब, मैं बगैर किसी तमहीद के आप से और आपकी विसातत से इस ईवान के मैम्बरान और वज़ीर साहिबान की

[श्री अमीर चन्द गुप्ता]

खिदमत में यह अर्ज़ करना चाहता हूँ कि जहां अमृतसर की चार लाख आबादी सैलाब की तबाही से बेहद दुःखी है वहां बेहद हैरान भी हैं। मुझ से पहले भी अमृतसर जिले के मैम्बरान् साहिबान् ने इस हाऊस की तवज्जुह इस हकीकत की तरफ दिलाई है कि इस और अमृतसर शहर के बचने का कोई ढंग नहीं था और इस मामला को enquiry की मांग की है। मैं भी कांग्रेस सरकार से इस बात की सानुरोध मांग करता हूं कि इस मामला में enquiry मतलूब है। हो सकता है कि नहर को हाथों से तोड़ा गया हो। जब तक लोगों को इस बात का पता न लग जाए उन की हैरानी बनी रहेगी। यह बड़ा अहम वाक्य है इस की enquiry करवाई जानी चाहिये ताकि लोगों को इतमीनान हो।

अगली बात मैं यह कहना चाहता हूँ कि अमृतसर ज़िले के बारे में यह कहा गया है कि वहां नुकसान कम हुआ है। मुझे बहुत हैरानी है कि ऐसा क्यों कहा गया है? हालांकि अमर वाक्य यह है कि जितना नुकसान इस ज़िले का हुआ है शायद ही किसी और ज़िले का हुआ हो। लेकिन इस बात से इनकार नहीं किया जा सकता कि मजमूई तौर पर सारे पंजाब में हर जगह पर सैलाब ने काफी नुकसान किया है।

स्पीकर साहिब, Relief के बारे में मैं यह अर्ज करना चाहता हूं कि इस वक्त लोगों की हालत यह है कि अमृतसर शहर में फिर से वही नज़ारे देखने में आते हैं जो कि सन् 1947 में देखने में आते थे। बेचारे लोग एक बार फिर से refugee बन गए हैं। मकान बहुत से गिर गए हैं, बहुत से मुरम्मत तलब हैं। उन में से कई थोड़े पैसों से ठीक हो सकते हैं। लोगों को स्कूलों, कालिजों और मन्दिरों में कब तक और कैसे रखा जा सकता है? स्कूलों और कालिजों में बच्चों ने तालीम लेनी है वे buildings कब तक रोकी रखी जा सकती हैं? मन्दिरों और धर्मशालाओं में भी उन को नहीं रखा जा सकता। मेरी प्रार्थना यह है कि जो relief सरकार लोगों को house repairing के लिये देना चाहती है उस का आसान और सीधा तरीका यह है कि D. R. O. मौके पर जाए, उस के साथ उस constituency के M.L.As. हों और साथ ही Overseer हो। सारी repair का अन्दाज़ा 10, 15 minutes में लगा कर मकान की मुरम्मत के बारे में फैसला किया जा सकता है और उतने रुपये मालक मकान को दिये जा सकते हैं। इस से यह फायदा होगा कि जितने मकान मुरम्मत तलब हैं वे जल्दी मुरम्मत हो जायेंगे और रहने के काबिल हो जायेंगे। इस सिलसिले में मैं ने Finance Minister साहिब का बयान अखबार में पढ़ा है। वह बड़ी गलतफहमी पैदा करता है। उन्होंने फरमाया है कि मकानों की मुरम्मत का रुपया उन लोगों को दिया जाएगा जिन के मकानात 10,000 रुपये की मालियत से ज्यादा होंगे। अगर यह ठीक है तो अच्छा नहीं होगा। अमृतसर में सैंकड़ों मकान गिर चुके हैं लेकिन उन में से ऐसे मकान शायद 2 % भी न हों जिन की कीमत 10,000 रुपये से ज्यादा है। अगर ऐसी कोई बात है तो उस को ठीक किया जाना ज़रूरी है।

अगली बात जो मैं कहना चाहता हूं वह अमवात के बारे में है। एक hon. member साहिब ने ठीक कहा है कि इस बात के बारे में अभी कोई फैसला नहीं किया जा सकता लेकिन जहां तक मेरी constituency का ताल्लुक है मैं अर्ज करना चाहता हूं कि

वहां पर सिर्फ चार मकानों के गिरने से 3 अमवात हुई हैं और ज़ख्मियों की तादाद इस से भी ज्यादा है। इस से इनकार नहीं किया जा सकता कि सरकार के बर वक्त इमदाद करने से लोगों की काफी हौसला अफज़ाई हुई है लेकिन जो मुसीबत लोगों पर आ पड़ी है वह उस इमदाद के मुकाबले में कहीं ज्यादा है।

श्रीमती सीता देवी (जालन्धर-दक्षिण, पूर्व) : माननीय स्पीकर साहिब ! संसार के अन्दर मुसीबतें दो प्रकार की आती हैं ....

अध्यक्ष महोदय : मेहरबानी करके तफसील में मत पड़ो। (Please do not go into details.)

श्रीमती सीता देवी : मैं सिर्फ एक दो suggetions देना चाहती हूं। तफसील में नहीं जाऊंगी। सो, मैं यह कह रही थी कि मुसीबतें दो तरह की होती हैं — एक मनुष्य की तरफ से पैदा की हुई और दूसरे दैवी। आज हमारी सूबे के अन्दर हमें जिस मुसीबत का सामना करना पड़ रहा है, वह एक दैवी मुसीबत है। इस का सामना करने के लिए और पीड़ितों की सहायता करने के लिए सरकारी और गैर सरकारी तरीके से जो कुछ भी किया गया है इस में कोई शक नहीं कि वह सराहनीय है। लेकिन फिर भी इस आपत्ति का सामना करने के लिये दो तीन suggestions देना चाहती हूं।

यह ठीक है कि जो भी announcements हमारे वित्त मन्त्री और चीफ मिनिस्टर साहिब ने की हैं। वे बहुत हौसला बढ़ाने वाली हैं। लेकिन मैं समझती हूं कि यह चीज़ आज के हालात को देखकर practical साबत नहीं होगी। यह तजवीज़ किया गया है लोगों को जगह देने के लिए tents बनाए जाएं। मैं समझती हूं कि tents वगैरा कोई जल्दी नहीं बन सकेंगे। अगर एक tent पर चार सौ रुपया खर्च हो तो गवर्नमेंट कितने tents लगा सकेगी ? Practical तो यह होगा कि मजदूर हरिजनों के जो छोटे २ houses हैं, लेबर क्लास के, उन को फिर से ठीक करने के लिए फौरन ग्रांटें दी जावें। जब माननीय सरदार उज्जल सिंह जी जालन्धर गए तो उन्होंने सारे इलाके का दौरा किया था और उन्होंने कहा था कि हरिजनों, मजदूरों और गरीबों को पच्चास पच्चास रुपये मदद दी जायेगी। इस एलान को सुन कर ही वे लोग अपने अपने घरों की जो कि गिर गए थे मुरम्मत करने में लग गए। मैं ने खुद जाकर उन को काम करते देखा है। इस उम्मीद से कि 50 रुपये मिल जाएंगे। मैं यह तजवीज़ करती हैं कि जिन लोगों को पच्चास पच्चास रुपए देने का वायदा किया गया है उन्हें यह रकम फौरन दी जाए— कोई देर न की जाए। यह रकम उन्हें दो चार दिन के अन्दर दे दी जानी चाहिए। इसका फैसला करने के लिए investigations का कोई लम्बा चौड़ा सिलसिला न चलाया जाए बल्कि वहां के मकामी अफसर हैं, —D. R. O. वगैरा — वह वहां के एम० एल० एज० और म्युनिसिपल कमिश्नरों को साथ लेकर मौके पर रकमें sanction करते जायें और पैसे लोगों को देते जायें।

दूसरी suggestion मेरी उन लोगों के बारे में है जोकि refugees हैं और जिनको अब फिर कहीं न कहीं मकान अलाट करने हैं। उन के लिए जो भी procedure adopt — किया जाएगा उसमें भी enquiry वगैरा में बड़ा ज्यादा समय लग जाने की

[श्रीमती सीता देवी]
सम्भावना है । इसलिए मेरी suggestion यह है कि D. R. O. को कहा जाए कि वह खुद मौके पर जाकर सब कार्यवाई करें । इस तरह से enquiry के procedure को simple किया जाए।

(घंटी की आवाज़)

स्पीकर साहिब, पुरुष लोग तो दस दस मिनट बोल जाते हैं और एक तो इस हाऊस में महिलायें ही तीन हैं और दूसरे आप हमें बोलने भी नहीं देते। कृपा करके दो मिनट और ....

(फिर घंटी की आवाज़)

मैं सिर्फ एक दो बातें और कह कर खत्म कर देती हूँ। मेरी यह गुज़ारिश है कि यह काम 15 दिन के अन्दर या ज्यादा से ज्यादा एक महीने के अन्दर — हो जाए और मकान refugees को मिल जायें क्योंकि अब सरदियां आ रही हैं और लोगों को किसी प्रकार का कष्ट न हो।

मेरा एक सुझाव और है। शहरों में बहुत ज्यादा मकानों के गिरने से मलबा बहुत पड़ा है जिस की वजह से गन्दगी बहुत पड़ गई है। जब म्यूनिसिपल कमेटी को कहा जाता है तो वह कहते हैं कि हमारे पास funds नहीं हैं। मैं मिनिस्टर साहिब से प्रार्थना करती हूं कि municipalities को special grants दी जाएं ताकि इस मलबे और गन्दगी को उठाया जा सके और किसी भी बीमारी को, जोकि इस कारण से पड़ सकती है, रोका जाए।

ਸਰਦਾਰ ਸੋਹਨ ਸਿੰਘ (ਬਿਆਸ) : ਸਪੀਕਰ ਸਾਹਿਬ ! ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਸਿਰਫ ਮੋਟੀਆਂ ੨ ਗੱਲਾਂ ਆਪ ਦੇ ਸਾਹਮਣੇ ਰਖਾਂਗਾਂ। ਮੈਂ 7 ਤਾਰੀਖ ਨੂੰ ਆਪਣੇ ਇਲਾਕੇ ਵਿਚ ਗਿਆ। ਤਕਰੀਬਨ 30 ਪਿੰਡਾਂ ਵਿਚ ਮੈਂ ਗਿਆ। ਮੈਂ ਸਮਝਦਾ ਹਾਂ ਕਿ ਪਿੰਡਾਂ ਦੇ ਲੋਕਾਂ ਨੂੰ, ਜ਼ਿਮੀਂਦਾਰਾਂ ਨੂੰ, ਜਿਹੜੀ ਸਾਉਣੀ ਦੀ ਆਮਦਨ ਹੋਣੀ ਸੀ, ਉਹ ਫਸਲ ਬਿਲਕੁਲ ਤਬਾਹ ਹੋ ਗਈ ਹੈ। ਕਪਾਹ ਅਤੇ ਤੋਰੀਏ ਆਦਿ ਦੀਆਂ ਜਿਹੜੀਆਂ ਫਸਲਾਂ ਹਨ, ਉਹ ਬਿਲਕੁਲ ਨਾਸ ਹੋ ਗਈਆਂ ਹਨ। ਜਿਵੇਂ ਦੂਜੇ ਸੱਜਨਾਂ ਨੇ ਇਹ ਤਜਵੀਜ਼ ਕੀਤਾ ਹੈ ਕਿ ਆਬਿਆਨਾ ਅਤੇ ਮਾਮਲਾ ਮਾਫ ਕੀਤਾ ਜਾਏ। ਮੈਂ ਵੀ ਸਰਕਾਰ ਪਾਸ ਇਹੀ ਸਿਫਾਰਿਸ਼ ਕਰਾਂਗਾ ਪਰ ਨਾਲ ਹੀ ਇਹ ਵੀ ਬੇਨਤੀ ਕਰਾਂਗਾ ਕਿ ਇਸ ਸਿਲਸਿਲੇ ਵਿਚ ਲੋਕਾਂ ਨੂੰ ਪਟਵਾਰੀਆਂ ਦੇ ਵੱਸ ਨਾ ਪਾਇਆ ਜਾਏ। ਉਨ੍ਹਾਂ ਤੋਂ ਪਟਵਾਰੀਆਂ ਦੇ ਤਰਲੇ ਨਾ ਕਰਵਾਏ ਜਾਣ। ਜਿਵੇਂ ਸਾਡੇ ਚੀਫ ਮਿਨਿਸਟਰ ਨੇ ਆਪਣੇ ਬਿਆਨਾਂ ਅਤੇ ਏਲਾਨਾਂ ਵਿਚ ਫਰਮਾਇਆ ਸੀ, ਉਨ੍ਹਾਂ ਦੇ ਇਨ੍ਹਾਂ ਬਿਆਨਾਂ ਨੂੰ ਸੁਣਕੇ ਉਨ੍ਹਾਂ ਤਬਾਹ ਹਾਲ ਲੋਕਾਂ ਨੂੰ ਕੁਝ ਹੌਸਲਾ ਹਇਆ ਸੀ। ਉਸ ਤਹ੍ਹਾਂ ਨਾਲ ਲੋਕਾਂ ਨੂੰ ਜਲਦੀ ਤੋਂ ਜਲਦੀ ਮਦਦ ਪਹੁੰਚਾਈ ਜਾਏ। ਮੈਂ ਆਪ ਦੀ ਰਾਹੀਂ, ਸਪੀਕਰ ਸਾਹਿਬ, ਅਪਣੇ ਵਜ਼ੀਰਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਤੀਹਾਂ ਪਿੰਡਾਂ ਵਿਚ ਮੈਂ ਗਿਆ ਉਨ੍ਹਾਂ ਦਾ ਇਹ ਹਾਲ ਸੀ ਕਿ ਉਹ ਬਿਲਕੁਲ ਤਬਾਹ ਹੋ ਚੁਕੇ ਹੋਏ ਸਨ। ਉਨ੍ਹਾਂ ਦੀਆਂ ਫਸਲਾਂ ਬਿਲਕੁਲ ਨਹੀਂ ਰਹੀਆਂ, ਲੋਕਾਂ ਦੇ ਕੋਠੇ ਡਿਗ ਗਏ ਹੋਏ ਸਨ। ਕੋਠਿਆਂ ਵਿਚ ਜਿਹੜੇ ਦਾਣੇ ਪਏ ਹੋਏ ਸਨ ਉਹ ਵੀ ਪਾਣੀ ਦੀ ਭੇਟਾ ਹੋ ਗਏ। ਦਾਣਾ-ਫੱਕਾ, ਮੰਜਾ-ਪੀਹੜਾ ਕੁਝ ਵੀ ਨਹੀਂ ਰਿਹਾ ਜਿਸ ਨਾਲ ਕਿ ਉਹ ਗੁਜ਼ਾਰਾ ਕਰ ਸਕਨ। ਇਸ ਲਈ ਇਹ ਜ਼ਰੂਰੀ ਹੈ ਆਬਿਆਨੇ ਅਤੇ ਮਾਮਲੇ ਦੀ ਮੁਆਫ਼ੀ ਤੋਂ ਇਲਾਵਾ ਉਨ੍ਹਾਂ ਨੂੰ ਹੌਸਲਾ ਦੇਣ ਲਈ

ਹੋਰ ਵੀ ਮਦਦ ਕੀਤੀ ਜਾਏ।

ਦੂਜੀ ਗੱਲ ਇਹ ਹੈ ਕਿ ਦਰਿਆਵਾਂ ਦੇ ਹੜ੍ਹ, ਸੜਕਾਂ ਅਤੇ ਨਹਿਰਾਂ ਦੇ ਟੁਟਣ ਨਾਲ, ਬੰਨ੍ਹਾਂ ਦੇ ਬਹਿ ਜਾਣ ਨਾਲ ਲੋਕਾਂ ਦਾ ਹਦ ਤੋਂ ਜ਼ਿਆਦਾ ਨੁਕਸਾਨ ਹੋਇਆ ਹੈ ਅਤੇ ਪਿੰਡਾਂ ਦੇ ਪਿੰਡ ਢਾਏ ਹਨ। ਅੱਜ ਕਿਹਾ ਜਾ ਰਿਹਾ ਹੈ ਕਿ ਕੱਲੇ ਨਹਿਰਾਂ ਨੇ ਹੀ ਨੁਕਸਾਨ ਕੀਤਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੀਂਹ ਇੰਨਾ ਵਸਿਆ ਕਿ ਉਸਦਾ ਪਾਣੀ ਹਰ ਪਿੰਡ ਨੂੰ ਰੋੜ੍ਹ ਕੇ ਲੈ ਗਿਆ ਜਿਹੜਾ ਉਸਦੀ ਜ਼ਦ ਵਿਚ ਆਇਆ। ਹਰ ਪਾਸੇ ਪਾਣੀ ਹੀ ਪਾਣੀ ਹੋ ਗਿਆ ਤੇ ਇਕ ਤਰ੍ਹਾਂ ਦਾ ਕਹਿਰ ਮਚ ਗਿਆ। ਨਹਿਰਾਂ ਕਟੀਆਂ ਗਈਆਂ ਨਾਲੇ ਅਤੇ ਟੁਟ ਗਈਆਂ। ਮੈਨੂੰ ਬਿਆਸ ਦੇ ਛੋਟੇ ਥਾਣੇਦਾਰ ਨ ਦਸਿਆ ਹੈ ਕਿ ਨਹਿਰਾਂ ਵਾਲਿਆਂ ਨੇ ਨਹਿਰਾਂ ਕੱਟਣ ਦੇ ਪਰਚੇ ਦਿਤੇ ਹਨ। ਮੈਂ ਨਹਿਰ ਦੇ ਮਹਿਕਮੇ ਪਾਸ ਬੇਨਤੀ ਕਰਦਾ ਹਾਂ ਕਿ ਇਸ ਮੌਕੇ ਤੇ ਜਿਸ ਵੇਲੇ ਕਿ ਲੋਕਾਂ ਨੂੰ ਇਸ ਮੁਸੀਬਤ ਵਿਚ ਆਪਣੇ ਆਪ ਦਾ ਵੀ ਪਤਾ ਨਹੀਂ ਇਹ ਨਹਿਰਾਂ ਕੱਟਣ ਦੇ ਪਰਚੇ ਨਹੀਂ ਦੇਣੇ ਚਾਹੀਦੇ। ਇਸ ਵੇਲੇ ਲੋਕੀ ਆਪਣੇ ਘਰਾਂ ਨੂੰ, ਮਲਬੇ ਨੂੰ ਸਾਂਭਣਗੇ ਜਾਂ ਆਪਣੀ ਹਿਫਾਜ਼ਤ ਲਈ ਕੋਈ ਮਹਿਫੂਜ਼ ਜਗ੍ਹਾ ਢੂੰਡਣਗੇ ਜਾਂ ਤਫ਼ਤੀਸ਼ ਲਈ ਪਹੁੰਚਣਗੇ। ਜੇ ਇਹ ਗੱਲ ਕੀਤੀ ਗਈ ਤਾਂ ਬੜੀ ਮਾੜੀ ਚੀਜ਼ ਹੋਵੇਗੀ, ਇਸਨੂੰ ਰੋਕਿਆ ਜਾਵੇ।

ਅਸੀਂ ਅਖਬਾਰਾਂ ਵਿਚੋਂ ਇਹ ਵੀ ਸੁਣਿਆ ਹੈ ਕਿ ਹੜ੍ਹ ਤੋਂ ਪੀੜਤ ਲੋਕਾਂ ਦੀ ਮਦਦ ਕਰਨ ਲਈ ਅਮਰੀਕਾ ਅਤੇ ਦੂਜੇ ਮੁਲਕਾਂ ਨੇ ਅਨਾਜ ਦੀ ਮਦਦ ਦਿਤੀ ਹੈ। ਮੈਂ ਇਹ ਸਿਫਾਰਿਸ਼ ਕਰਦਾ ਹਾਂ ਕਿ ਉਸ ਅਨਾਜ ਦੇ ਡਿਪੂ ਪਿੰਡਾਂ ਵਿਚ ਖੋਲ੍ਹੇ ਜਾਣ। ਰਈਆ ਮੰਡੀ ਦੇ ਸਾਰੇ ਦਾਣੇ ਪਾਣੀ ਨਾਲ ਭਿਜ ਗਏ ਹਨ। ਉਨ੍ਹਾਂ ਦੇ ਵੇਚਨ ਜਾਂ ਦੇਣ ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾਣਿਆਂ ਨੂੰ ਖਾ ਕੇ ਲੋਕੀ ਬੀਮਾਰ ਨਾ ਹੋ ਜਾਣ। ਜਿਹੜਾ ਵੀ ਦਾਣਾ-ਫੱਕਾ ਉਨ੍ਹਾਂ ਨੂੰ ਦੇਣਾ ਹੋਵੇ ਉਸਦਾ ਇੰਤਜ਼ਾਮ ਸਰਕਾਰ ਆਪਣੇ ਆਪ ਅਤੇ ਜਲਦੀ ਤੋਂ ਜਲਦੀ ਕਰੇ। ਬੀਮਾਰੀ ਹਮੇਸ਼ਾ ਮਾੜੀ ਚੀਜ਼ ਖਾਣ ਨਾਲ ਪੈਂਦੀ ਹੈ। ਮੈਂ ਇਹ ਸਮਝਦਾ ਹਾਂ ਕਿ-ਇਕ ਨਹੀਂ ਸਗੋਂ ਸਾਰੀਆਂ ਮੰਡੀਆਂ ਦੇ ਦਾਣੇ ਮੀਂਹ ਜਾਂ ਹੜ੍ਹ ਦੇ ਪਾਣੀ ਨਾਲ ਭਿਜ ਗਏ ਹਨ ਉਨ੍ਹਾਂ ਦੀ ਬਜਾਏ ਚੰਗਾ ਅਨਾਜ ਲੋਕਾਂ ਨੂੰ ਭੇਜਿਆ ਜਾਏ। ਇਹ ਸਾਰੀਆਂ ਗੱਲਾਂ ਛੇਤੀ ਤੋਂ ਛੇਤੀ ਕੀਤੀਆਂ ਜਾਣ ਤਾਂ ਜੋ ਲੋਕੀ ਹੌਸਲੇ ਨਾਲ ਮੁੜ ਕਿਧਰੇ ਨਾ ਕਿਧਰੇ ਬੈਠ ਸਕਣ।

(Shri Samar Singh rose to speak but was interrupted).

ਪ੍ਰੋਫੈਸਰ ਮੋਤਾ ਸਿੰਘ : ਸਪੀਕਰ ਸਾਹਿਬ! ਕੀ ਆਪੋਜ਼ੀਸ਼ਨ ਨੂੰ ਕੋਈ ਟਾਈਮ ਨਹੀਂ ਮਿਲੇਗਾ?

अध्यक्ष महोदय : आपोज़ीशन में आप अकेले तो नहीं हैं। (You are not the only member on the Opposition Benches.)

ਸਰਦਾਰ ਉੱਤਮ ਸਿੰਘ : On a point of information ....

अध्यक्ष महोदय : Point of information इस वक्त raise नहीं किया जा सकता। (At this time no point of information can be raised.)

ਸਰਦਾਰ ਉੱਤਮ ਸਿੰਘ : ਇਕ ਦੋ ਗੱਲਾਂ ਅਰਜ਼ ਕਰਨੀਆਂ ਚਾਹੁੰਦਾ ਹਾਂ।

अध्यक्ष महोदय : पहिले चौधरी समर सिंह को बोल लेने दो। (Let Chaudhri Samar Singh speak first).

श्री समर सिंह (गरौंडा) : स्पीकर साहिब! अम्बाला डिवीज़न के अन्दर कोई जिला अगर पानी की ज़द में आया है तो वह करनाल है ज़िला करनाल के एक तरफ दरियाए जमुना और दूसरी तरफ घघर बहता है। इसके अलावा पांच छः बरसाती नाले हैं जो बीच बीच में चलते हैं। यहीं बस

[श्री समर सिंह]

नहीं होता । वहां एक पुरानी ड्रेन है जिस की खुदाई वर्षों से नहीं हुई । इस तरह से सब नदियों नालों और ड्रेन का पानी मिल कर सारे ज़िला में बेमिसाल नुक्सान हुआ है सिवाए कैथल तहसील के जहां कुछ गांव बचे हों [interruptions]

"जिस के पांव न पड़ी बिवाई
वह क्या जाने पीड़ पराई,,

इस दफा खास तौर पर अमृतसर पर यह मुसीबत आई तो लोगों को महसूस हुआ कि बारिश से क्या क्या नुक्सान होता है। हमारे ज़िला में तो इस साल की पहली मुसीबत सितम्बर के आखरी हफ्ते में आई । तीन चार दिन मूसलाधार बारिश हुई जिससे फसलें तबाह हो गईं और गांव के गांव पानी में बह गए । इस सिलसिला में हमारा एक deputation चौधरी लहरी सिंह जी से मिला कि कोई इन्तज़ाम करवा दो ताकि फसलों को बचाया जा सके । एक गांव से पानी निकाला जाता है तो दूसरे गांव वाले कहते हैं कि हमें क्यों पानी में डुबोते हो । इस तरह वहां गांव वालों के आपस में झगड़े होते हैं । इस तरह यह मुसीबत हमारे ज़िला में कोई पहली बार नहीं आई । तीन बार आ चुकी है । जैसा कि मैं ने बताया पहली मुसीबत पिछले महीने के आखीरी हफ्ते में आई । इस महीने के शुरु के हफ्ते और अब की मुसीबत तो किस से छिपी है, इस से इतनी मुसीबत आई है कि जिस का बयान नहीं किया जा सकता । पुरानी ड्रेन ने तबाही मचाई । जमुना के आस पास कई कई मीलों तक कुछ नज़र ही नहीं आता सिवाए पानी के । आदमियों का नुक्सान; कोई छप्पर नहीं बचा, कोई डंगर नहीं बचा । बेहद माली और जानी नुकसान हुआ है। पहली जो फसलें थीं; वह तो तबाह हो चुकी हैं । और अगली फसलों के सिलसिला में मुसीबत यह है कि वह कहां और कैसे बोई जाएं। पानी को कैसे रोका जाए ताकि लोगों को कोई रास्ता मिले और उन्हें हौसला हो । इस लिए यह ज़रूरी है कि वहां के लोगों की मुसीबत को कम करने के लिए फौरन पानी को निकालने का कोई न कोई इन्तज़ाम किया जाए और सिलसिले वार इन्तज़ाम किया जाए कि पहले एक गांव फिर दूसरे और इसी तरह आगे को चलते जाएं। यह इन्तज़ाम बहुत जल्दी होना चाहिए। चाहिए तो यह कि जैसा कि सच्चर साहिब ने कहा था; फौरन से पेशतर drain की खुदाई शुरु करा देनी चाहिए ।

यह ठीक है कि सारे सूबे के लिए ही मुसीबत आई है लेकिन यहां तो बहुत ही ज्यादा नुक्सान हुआ है। और ज़िलों में तो कभी कभी मुसीबत आती हैं यहां तो हर साल यही सिलसिला चलता रहता है । दरिया और पहाड़ी नालों का पानी आ जाता है। पहाड़ों में जो बारिश होती है उसका पानी नालों में हो कर मेरे ज़िला में हर साल सैलाब लाता है। यहां पर चंडीगढ़ और दूसरे इलाके तो फिर कुछ ऊंची सतह पर होंगे; पानी यहां ठहरता नहीं मगर हमारे ज़िला में ज़मीन और पानी की सतह बराबर हो जाती है । फसलों का तो नुक्सान एक तरफ, चारा तो मेरे इलाके में बिल्कुल खत्म ही हो चुका है। एक दो महीने के गुज़ारे के लिए अनाज तो फिर भी निकल ही आएगा लेकिन घास चारा बिल्कुल तबाह हो गया है; इस का नामो निशान नहीं रहा । इस लिए जहां गवर्नमेंट का यह फर्ज़ है कि मुसीबत ज़दा लोगों के लिए खाने, रिहायश और कपड़े का इन्तज़ाम करे वहां मवेशियों के लिए चारे का इन्तज़ाम भी निहायत ज़रूरी है ।

हमें यह बताया गया है कि उन लोगों को तकावियां दी जाएंगी । मैं गवर्नमेंट से appeal करता हूं कि उन लोगों की ग्रांटों की शक्ल में भी मदद की जाए इस से उन लोगों को ज्यादा फायदा

पहुंच सकता है ।

स्पीकर साहिब, इन सैलाबों से ज्यादा तर हरिजनों के मकान गिर गए हैं क्योंकि उन के मकान कच्चे बने हुए थे । इस सिलसिले में मैं अर्ज करना चाहता हूँ कि अब उन के मकान जो बनवाए जाएं वे एक अच्छे ढंग से बनवाए जाएं जैसे कि आज कल दिल्ली में बन रहे हैं । पहले उन लोगों के मकान बड़े अजीब तरीके से बने हुए थे । किसी का मुह किधर को होता था और किसी का किधर को । यह बेहतर होगा कि अब उन के मकान कोई ऊंची जगह देख कर वहां बनवाए जाएं और बलाकस की शक्ल में पक्के बनवाए जाएं । उन को मकान बनाने के लिए सामान मुहैया कर दिया जाए तां वे उन के बनाने के लिए labour खुद देंगे । वे इस काम के लिए मेहनत खूब करेंगे । उन के लिए एक अच्छी बस्ती बनवा दी जाए।

ਸਰਦਾਰ ਉੱਤਮ ਸਿੰਘ (ਸ੍ਰੀ ਗੋਬਿੰਦਪੁਰ) : ਪ੍ਰਧਾਨ ਜੀ ! ਜਿਹੜਾ ਗੁਰਦਾਸਪੁਰ ਜ਼ਿਲਾ ਹੈ ਇਸ ਵਿਚ ਤਿੰਨ ਦਰਿਆ ਬਹਿੰਦੇ ਹਨ । ਇਸ ਦੇ ਇਕ ਪਾਸੇ ਰਾਵੀ ਦਰਿਆ ਹੈ, ਦੂਜੇ ਪਾਸੇ ਬਿਆਸ ਦਰਿਆ ਹੈ ਅਤੇ ਤੀਜਾ ਚੱਕੀ ਦਰਿਆ ਹੈ । ਇਹ ਤਿੰਨੋ ਦਰਿਆ ਮਿਲ ਕੇ ਇਸ ਜ਼ਿਲੇ ਨੂੰ ਬਰਬਾਦ ਕਰਦੇ ਹਨ । ਅਤੇ ਜਿਹੜੀ ਬਰਬਾਦੀ ਇਸ ਵੇਰ ਇਨ੍ਹਾਂ ਦਰਿਆਵਾਂ ਨਾਲ ਇਸ ਜ਼ਿਲੇ ਦੀ ਹੋਈ ਹੈ ਉਹ ਕਿਸੇ ਕੋਲੋਂ ਛਿਪੀ ਹੋਈ ਨਹੀਂ ਹੈ । ਇਸ ਸੈਲਾਬ ਨਾਲ ਖਾਸ ਕਰ ਜਿਹੜਾ ਬੇਟ ਦਾ ਇਲਾਕਾ ਹੈ ਉਸਦੀ ਬੜੀ ਬਰਬਾਦੀ ਹੋਈ ਹੈ । ਇਸ ਇਲਾਕੇ ਵਿਚ ਬਹੁਤ ਸਾਰੇ ਮਵੇਸ਼ੀ ਰੁੜ੍ਹ ਗਏ ਹਨ । ਚਾਰੇ ਦੇ ਮੂਸਲ ਵੀ ਟੁਟ ਕੇ ਰੁੜ੍ਹ ਗਏ ਹਨ । ਮੈਨੂੰ ਪਤਾ ਹੈ ਕਿ ਕਈ ਕਈ ਜ਼ਿਮੀਂਦਾਰਾਂ ਦੇ ਪੰਜ ਪੰਜ ਸੌ ਵਿਘੇ ਵਿਚ ਮੱਕੀ ਦੇ ਖੇਤ ਸਨ ਉਹ ਵੀ ਰੁੜ੍ਹ ਗਏ ਹਨ । ਉਨ੍ਹਾਂ ਲੋਕਾਂ ਦੇ ਪਾਸ ਨਾ ਤਾਂ ਅਨਾਜ ਹੀ ਰਿਹਾ ਹੈ, ਨਾ ਮਕਾਨ ਰਹੇ ਹਨ ਅਤੇ ਨਾ ਹੀ ਪਾਣ ਨੂੰ ਕਪੜਾ ਰਿਹਾ ਹੈ । ਇਸ ਕਿਸਮ ਦੀ ਮੁਸੀਬਤ ਦਾ ਲੋਕਾਂ ਨੂੰ ਸਾਮ੍ਹਣਾ ਕਰਨਾ ਪੈ ਰਿਹਾ ਹੈ ਜਿਹੜਾ ਕਿ ਪਹਿਲੇ ਸ਼ਾਇਦ ਹੀ ਕਦੀ ਪਿਆ ਹੋਏ । ਕਈ ਥਾਵਾਂ ਤੇ ਲੋਕਾਂ ਨੂੰ ਪੀਣ ਦਾ ਪਾਣੀ ਵੀ ਨਹੀਂ ਮਿਲ ਰਿਹਾ ਕਿਉਂ ਜੋ ਉਥੇ ਖੂਹ ਵੀ floods ਦੇ ਨਾਲ ਤਰ ਗਏ ਹਨ । ਉਨ੍ਹਾਂ ਦੇ ਪਾਸ ਖਾਣ ਨੂੰ ਕੁਝ ਵੀ ਨਹੀਂ ਰਿਹਾ । ਇਥੋਂ ਤਕ ਉਨ੍ਹਾਂ ਪਾਸ ਮਜੀਆਂ ਤਕ ਨਹੀਂ ਰਹੀਆਂ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਹਾਲਤ ਕਿਸੇ ਕੋਲੋਂ ਬਿਆਨ ਨਹੀਂ ਕੀਤੀ ਜਾ ਸਕਦੀ । ਇਸ ਲਈ ਇਨ੍ਹਾਂ ਦਰਿਆਵਾਂ ਤੋਂ affected areas ਵਲ ਖਾਸ ਤੌਰ ਤੇ ਧਿਆਨ ਦੀ ਲੋੜ ਹੈ । ਜੇਕਰ ਸਾਡੀ ਗਵਰਨਮੈਂਟ ਚਾਹੁੰਦੀ ਹੈ ਕਿ ਉਥੇ ਦੇ ਲੋਕੀ ਉਥੇ ਹੀ ਬੈਠੇ ਰਹਿਣ ਤਾਂ ਇਨ੍ਹਾਂ ਲੋਕਾਂ ਨੂੰ ਮਾਲੀ ਇਮਦਾਦ ਦਿਤੀ ਜਾਣੀ ਜ਼ਰੂਰੀ ਹੈ । ਭਾਵੇਂ ਇਹ ਇਮਦਾਦ ਉਨ੍ਹਾਂ ਨੂੰ Co-operative basis ਤੇ ਦਿਤੀ ਜਾਏ ਭਾਵੇਂ individual basis ਤੇ ਤਾਂ ਜੋ ਉਹ ਆਪਣੇ ਮਕਾਨ ਮੁੜ ਕੇ ਬਣਾ ਸਕਨ ।

ਦੂਜੀ ਬੇਨਤੀ ਮੇਰੀ ਇਹ ਹੈ ਜਿਹੜੇ ਤਕਾਵੀ loans ਜਾਂ grants ਉਨ੍ਹਾਂ ਨੂੰ ਦਿਤੀਆਂ ਜਾਣੀਆਂ ਹਨ ਜਿਦਾਂ ਕਿ ਸਾਡੇ ਚੀਫ ਮਿਨਿਸਟਰ ਸਾਹਿਬ ਨੇ ਇਥੇ ਹਾਉਸ ਨੂੰ ਦਸਿਆ ਹੈ ਉਹ ਆਲ੍ਹਾ ਅਫਸਰ ਮੌਕੇ ਤੇ ਜਾ ਕੇ ਉਨ੍ਹਾਂ ਲੋਕਾਂ ਨੂੰ ਦੇਣ । ਇਸ ਕੰਮ ਲਈ ਉਹ ਪੰਚਾਇਤਾਂ ਦੀ ਮਦਦ ਲੈ ਸਕਦੇ ਹਨ । ਇਹ ਕਰਜ਼ੇ ਜਾਂ grants ਮੌਕੇ ਤੇ ਇਸ ਲਈ ਦਿਤੇ ਜਾਣੇ ਚਾਹੀਦੇ ਹਨ ਕਿਉਂ ਜੋ ਜਿਹੜੇ ਬੱਚੇ ਇਨ੍ਹਾਂ floods ਕਰਕੇ ਯਤੀਮ ਹੋ ਗਏ ਹਨ ਜਾਂ ਜਿਹੜੀਆਂ ਔਰਤਾਂ ਵਿਧਵਾ ਹੋ ਗਈਆਂ ਹਨ ਉਨ੍ਹਾਂ ਲਈ ਜ਼ਿਲਾ Head Quarters ਤੇ ਇਹ ਲੈਣ ਲਈ ਜਾਣਾ ਬੜਾ ਮੁਸ਼ਕਲ ਹੈ ।

(ਇਸ ਵੇਲੇ ਸਪੀਕਰ ਸਾਹਿਬ ਨੇ ਘੰਟੀ ਵਜਾਈ)

ਸਪੀਕਰ ਸਾਹਿਬ, ਮੇਰੀ ਕਹਾਣੀ ਬੜੀ ਦਰਦ ਭਰੀ ਹੈ, ਇਸ ਲਈ ਮੈਨੂੰ ਕੁਝ ਕਹਿਣ ਲਈ ਹੋਰ ਸਮਾਂ ਦਿਤਾ ਜਾਏ ।

(ਲੇਕਿਨ ਸਪੀਕਰ ਸਾਹਿਬ ਨੇ ਸ੍ਰੀ ਨਰਿੰਜਨ ਦਾਸ ਧੀਮਾਨ ਨੂੰ ਤਕਰੀਰ ਕਰਨ ਲਈ ਕਹਿ ਦਿਤਾ)

ਸ਼੍ਰੀ ਨਰਿੰਜਨ ਦਾਸ ਧੀਮਾਨ (ਫਿਲੌਰ) : ਸਪੀਕਰ ਸਾਹਿਬ ! ਜਿਹੜੇ ਆਮ ਹਾਲਾਤ ਹਨ ਸਾਰੇ ਸੂਬੇ ਦੇ ਉਨ੍ਹਾਂ ਬਾਰੇ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਹਾਊਸ ਨੂੰ ਦਸਿਆ ਹੈ। ਕੋਈ ਇਲਾਕਾ ਅਤੇ ਕੋਈ ਜ਼ਿਲਾ ਇਹੋ ਜਿਹਾ ਨਹੀਂ ਜਿਹੜਾ ਇਨ੍ਹਾਂ floods ਤੋਂ affected ਨਾ ਹੋਇਆ ਹੋਵੇ। ਲੇਕਿਨ ਇਸ ਗੱਲ ਦੇ ਬਾਵਜੂਦ ਖਾਸ ਕਰ ਉਹ ਇਲਾਕੇ-ਚਾਹੇ ਉਹ ਕਿਸੇ ਵੀ ਜ਼ਿਲੇ ਵਿਚ ਵਾਕਿਆ ਹੋਣ-ਜਿਹੜੇ ਦਰਿਆਵਾਂ ਦੇ ਕਿਨਾਰੇ ਵਾਕਿਆ ਹਨ ਉਹ ਖਾਸ ਤੌਰ ਤੇ ਇਨ੍ਹਾਂ floods ਨਾਲ affected ਹੋਏ ਹਨ। ਇਨ੍ਹਾਂ ਇਲਾਕਿਆਂ ਵਿਚ ਇਨ੍ਹਾਂ ਦਿਨਾਂ ਵਿਚ ਮੈਂ ਜਿਹੜੇ ਵੀ ਪਿੰਡ ਵਿਚ ਗਿਆ ਹਾਂ ਉਹ ਸਾਰੇ ਤਬਾਹ ਹੋਏ ਵੇਖੇ ਹਨ। ਕਈ ਥਾਵਾਂ ਤੇ ਉਨ੍ਹਾਂ ਪਿੰਡਾਂ ਦੇ ਨਾਂ ਨਿਸ਼ਾਨ ਵੀ ਨਹੀਂ ਰਹੇ। ਜੇਕਰ ਬਾਰਸ਼ਾਂ ਤੋਂ ਕੋਈ ਖੁਸ਼ਕਿਸਮਤੀ ਨਾਲ ਬਚ ਵੀ ਗਿਆ ਹੈ ਤਾਂ ਉਸਨੂੰ ਵੀ ਦਰਿਆ ਰੋਹੜ ਲੈ ਗਿਆ ਹੈ। ਮੇਰੇ ਇਲਾਕੇ ਵਿਚ ਇਕ ਪਿੰਡ ਵੀ ਨਹੀਂ ਬਚ ਸਕਿਆ। ਇਸ ਗੱਲ ਦੇ ਬਾਵਜੂਦ ਕਿ ਸਾਡੀ ਗਵਰਨਮੈਂਟ ਨੇ ਉਨ੍ਹਾਂ ਲੋਕਾਂ ਦੀ ਬੜੀ ਮਦਦ ਕੀਤੀ ਹੈ ਮੈਂ ਇਸਨੂੰ ਇਸ ਬਾਰੇ ਵਿਚ ਕੁਝ suggestions ਦੇਣਾ ਚਾਹੁੰਦਾ ਹਾਂ। ਮੇਰੀ ਪਹਿਲੀ suggestion ਸਪੀਕਰ ਸਾਹਿਬ, ਇਹ ਹੈ ਕਿ ਸਭ ਤੋਂ ਜ਼ਰੂਰੀ ਗੱਲ ਹੈ ਕਿ ਉਨ੍ਹਾਂ ਲੋਕਾਂ ਲਈ ਮਕਾਨ ਬੜੀ ਜਲਦੀ ਬਣਾਏ ਜਾਣ ਕਿਉਂ ਜੋ ਉਤੋਂ ਸਰਦੀ ਦਾ ਮੌਸਮ ਆ ਰਿਹਾ ਹੈ। ਪਰ ਜੇਕਰ ਉਨ੍ਹਾਂ ਨੂੰ ਸਿਰਫ਼ ਇਹ 50, 50 ਰੁਪੈ ਦੀਆਂ ਗਰਾਂਟਾਂ ਹੀ ਦਿੱਤੀਆਂ ਗਈਆਂ ਤਾਂ ਉਹ ਲੋਕ ਇਸ ਥੋੜੀ ਰਕਮ ਨਾਲ ਮਕਾਨ ਨਹੀਂ ਬਣਾ ਸਕਣਗੇ ਅਤੇ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਇਹ ਮਸਲਾ ਪੂਰੇ ਤੌਰ ਤੇ ਹੱਲ ਨਹੀਂ ਹੋ ਸਕਦਾ। ਇਸ ਲਈ ਇਨ੍ਹਾਂ ਨੂੰ ਲੰਬੇ ਤੋਂ ਲੰਬੇ ਅਰਸੇ ਲਈ ਕਰਜ਼ੇ ਦਿਤੇ ਜਾਣੇ ਚਾਹੀਦੇ ਹਨ ਜਿਹੜੇ ਕਿ ਇਨ੍ਹਾਂ ਕੋਲੋਂ ਦਸ ਜਾਂ ਵੀਹ ਸਾਲਾਂ ਵਿਚ ਵਸੂਲ ਕੀਤੇ ਜਾਣ ਤਾਂ ਜੋ ਉਹ ਆਪਣੇ ਮਕਾਨ ਬਣਾ ਸਕਨ। ਦੂਜੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਸਾਡੇ ਚੀਫ ਮਿਨਿਸਟਰ ਸਾਹਿਬ ਨੇ ਇਲਾਨ ਕੀਤਾ ਹੈ ਕਿ ਉਨ੍ਹਾਂ ਨੂੰ loans ਦਿਤੇ ਜਾਣਗੇ ਇਹ ਉਨ੍ਹਾਂ ਨੂੰ ਜਲਦੀ ਮਿਲਣੇ ਚਾਹੀਦੇ ਹਨ ਤਾਂ ਜੋ ਉਹ ਆਪਣੇ ਮਕਾਨ ਬਣਾ ਸਕਨ। ਫੇਰ ਜਿਹੜੀਆਂ ਤਕਾਵੀਆਂ ਜਾਂ ਕਰਜ਼ੇ ਉਨ੍ਹਾਂ ਲੋਕਾਂ ਨੇ ਅੱਗੇ ਲਏ ਹੋਏ ਹਨ ਉਹ ਉਨ੍ਹਾਂ ਨੂੰ ਮਾਫ ਕਰ ਦੇਣੇ ਚਾਹੀਦੇ ਹਨ ਕਿਉਂ ਜੋ ਉਹ ਇਨ੍ਹਾਂ ਦੇ ਵਾਪਸ ਦੇਣ ਦੀ ਹਾਲਤ ਵਿਚ ਨਹੀਂ ਰਹੇ।

ਫੇਰ ਉਨ੍ਹਾਂ ਨੂੰ ਮਕਾਨ ਬਨਾਣ ਲਈ ਸੀਮਿੰਟ ਦੀ ਬੜੀ ਲੋੜ ਹੈ। ਉਹ ਮਕਾਨ ਮੁੜ ਕੇ ਬਨਾਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਨ੍ਹਾਂ ਨੂੰ Cement ਨਹੀਂ ਮਿਲ ਰਿਹਾ ਅਤੇ ਹੋਰ ਕਈ ਚੀਜ਼ਾਂ ਨਹੀਂ ਮਿਲ ਰਹੀਆਂ। ਇਸ ਲਈ ਸਾਡੀ ਸਰਕਾਰ ਨੂੰ ਇਨ੍ਹਾਂ ਨੂੰ ਇਹ ਚੀਜ਼ਾਂ ਮੁਹੱਈਆ ਕਰਨੇ ਦੇ ਜਲਦ ਪ੍ਰਬੰਧ ਕਰਨੇ ਚਾਹੀਦੇ ਹਨ। ਇਹ ਗੱਲ ਮੈਂ ਖਾਸ ਤੌਰ ਤੇ ਫਿਲੌਰ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਉਸ ਸ਼ਹਿਰ ਵਿਚ Property Tax ਦਾ ਪਹਿਲੇ ਹੀ ਝਗੜਾ ਪਿਆ ਹੋਇਆ ਹੈ ਪਰ ਹੁਣ ਇਸ ਸ਼ਹਿਰ ਦਾ ਇਕ ਤਿਹਾਈ ਹਿੱਸਾ ਸਮੁੱਚੇ ਤੌਰ ਤੇ ਗਿਰ ਗਿਆ ਹੈ। ਇਸ ਲਈ ਜਿਹੜਾ Property Tax ਉਥੇ ਲਗਿਆ ਹੋਇਆ ਹੈ ਉਹ ਮਾਫ ਕਰ ਦਿਤਾ ਜਾਵੇ।

श्री प्रबोध चन्द्र (चीफ़ पार्लियामैंटरी सैक्रेटरी): स्पीकर साहिब ! जो नुक्सान पंजाब के मुख्तलिफ़ इज़ला में इन सैलाबों की वजह से हुआ है उस के अन्दाज़े का बयान करना नामुमकिन है। मैं आज सुबह ही अपने ज़िला से वापिस आया हूँ। मगर मेरे कानों में अभी तक एक ही आवाज़ गूंज रही है और वह यह है कि हमें बचावो हमें बचावो। मैं पिछले चार-पांच दिन वहां अपने जिला में रहा हूँ और जिस किसी गांव में भी हम गए वहां हमें यह आवाज सुनाई देती थी कि किसी तरह हमें मौत के देव से जो हमें घेरे खड़ा है आज़ादी दिलावो। मैं ने खुद वहां अपनी आंखों से देखा है कि कई औरतों ने दरख्तों पर चारपाईयां बान्ध कर उन पर बच्चे जने। एक दिन एक गांव पर हवाई जहाज के ज़रिये आटा फैंका गया तो दूसरे दिन हम जब वहां गए तो हमें पता चला कि वह आटा नीचे पानी में गिर गया था इस लिए उस रोज़ हम ने दूध के डब्बे उन लोगों के लिए फैंके। उस से अगले रोज़ जब हम वहां

फिर गए तो मुझ से एक औरत कहने लगी कि कल जो आप हमें आटे के डबे दे गए थे उन से तो रोटी पक नहीं सकी । मैं ने उसे बताया कि वह आटे के डबे नहीं थे उन में तो दूध था । तो इस पर तो वह हैरान हो कर कहने लगे कि हम तो यह समझते थे कि यह दूध के डबे सिर्फ साहिब लोगों के बच्चों के लिए होते हैं हमारे लिए यह कैसे हो सकते हैं । पर हमें बड़ी खुशी है कि हमारा देश आज़ाद हो जाने के बाद हमारी सरकार हमें यह सारी चीजें मुहैया करती है । तो, स्पीकर साहिब, आप इस से अन्दाज़ा लगा लें कि हमारी सरकार हमारे लोगों के लिए क्या कुछ कर रही है । लेकिन Opposition ने अपनी आदत से मजबूर हो कर यह कह दिया है कि कहीं कहीं कुछ अफसरों ने कुछ भी नहीं किया मगर मैं कहना चाहता हूँ कि आम तौर पर गवर्नमेंट ने काफी कुछ किया है ।

स्पीकर साहिब, मैं आप की विसातत से एक suggestion अपनी गवर्नमेंट को दूंगा कि अगर इन लोगों को दस या बीस करोड़ रुपया की इमदाद दी भी जाए तो भी इन के नुक्सान की तलाफी नहीं होगी । सवाल इस वक्त हमारे सामने यह है कि उन्हें रहने के लिए जगह दी जाए। जैसा कि बताया गया है कि सात लाख मकान गिर कर तबाह हो गए हैं और अगर एक family के पांच मैम्बर ही हों तो इस का मतलब यह हुआ कि 35 लाख इनसानों के मकान बना देने होंगे और उन को कम अज़ कम छः महीने रोटी देने का इन्तजाम करना होगा क्योंकि उन की पिछली फसलें तो तबाह हो ही चुकी हैं और अभी अगली फ़सलों की बिजाई हो नहीं सकती । इस चीज़ का इन्तज़ाम करने की जिम्मेदारी गवर्नमेंट पर आयद होती है इस लिए उन लोगों को काम देना चाहिए क्योंकि वह अपनी ज़मीनों में अभी जोताई तो कर नहीं सकते । तो मैं गवर्नमेंट को suggestion दूंगा कि जैसा कि लड़ाई के बाद Post War Reconstruction Schemes होती हैं उसी तरह हमारी गवर्नमेंट भी करे । 40, 50 करोड़ या जितना भी ज्यादा से ज्यादा गवर्नमेंट कर्ज़ा ले सकती है ले और वह ले कर सूबे में Post War Reconstruction schemes की तरह की schemes जारी करे जिस में पहली priority उन drains वगैरा की दी जाए जो बन्द हो गई हैं, उन की खुदाई कराए ।

दूसरी बात जो मैं कहना चाहता हूँ वह यह है कि जहां हमारे ज़िला में दरिया ने नुक्सान किया है वहां धुस्सी का भी ज़िक्र किया गया है । मैं आप से दरखास्त करूंगा कि खुदा के वास्ते किसी ऐसी चीज़ को हाथ में न लें जिस के बारे यकीन न हो जाए कि यह मुकम्मल हो जाएगी । इस धुस्सी ने सैकड़ों घर तबाह किए हैं । जब हम गांव में जाते हैं तो लोग यही बातें कहते हैं । ये जो मैं ने बातें कही हैं ये निहायत ज़रूरी हैं इन का ख्याल रखें ।

चौधरी स्वरूप सिंह (नारनौल) : स्पीकर साहिब ! चूंकि मेरे पास वक्त थोड़ा है इस लिए मैं सिर्फ दो, तीन suggestions ही देना चाहता हूँ । House में जितनी speeches हुई हैं उन से यह ज़ाहिर होता है कि ज़्यादा तर नुक्सान जालन्धर Division के ज़िलों में हुआ है । नुक्सान दो किस्म का हुआ है । एक तो फसलों का जिस से ज़मींदार तबाह हो गए हैं । दूसरा नुक्सान जानी हुआ है । यह ठीक है कि अम्बाला Division में जानी नुक्सान बहुत कम हुआ है सिवाए करनाल ज़िला के । जहां तक फसलों के नुक्सान का ताल्लुक है यह

[चौधरी स्वरूप सिंह]
सारे प्रान्त में हुआ है। हमारे ज़िला हिसार की तहसील हांसी में पानी पहले ही ज़्यादा रहता है। जगह ऐसी है कि पानी खड़ा हो जाता है। और सेम पैदा हो जाती है। पानी इकट्ठा होने की वजह से फसल तबाह हो गई है। जो अगली फसल है उस के लिए कोई उम्मीद नहीं। हम अपने वज़ीर मुताल्लिका से दरखास्त करते हैं कि वह वहां से पानी निकालने का प्रबन्ध करें। यह आवाज़ 3, 4 साल से उठाई जा रही है लेकिन drainage का इन्तज़ाम नहीं हुआ। तहसील सेमज़दा है और अगर इस का जल्दी इन्तज़ाम न किया गया तो ज़िमींदार अगली फसल से भी हाथ धो बैठेंगे।

बाकी गरीब किसानों और हरिजनों के सारे मकान कच्चे थे और सब बरबाद हो गए हैं। सरकार को चाहिए कि इन हरिजनों के मकान खड़े करा दे, grants की शक्ल में पैसे दे। गरीब घरों से बाहर बैठे हैं न खाने को कोई चीज़ है न पहनने को कपड़ा, मवेशी भी बिल्कुल तबाह हो गए हैं। ज़मीन काश्त करने के लिए नहीं है। इस लिए मैं दरखास्त करूंगा कि हरिजनों को खास तौर पर मकानों के लिए ग्रांटें दें और सेमज़दा इलाके का ख्याल रखें।

ਸ੍ਰੀ ਚੰਦਨ ਲਾਲ ਜੌੜਾ (ਅੰਮ੍ਰਿਤਸਰ ਸ਼ਹਿਰ, ਉੱਤਰੀ) : ਪ੍ਰਧਾਨ ਜੀ ! ਇਹ ਠੀਕ ਹੈ ਕਿ ਸਾਡੇ ਤੇ ਬੜੀ ਭਾਰੀ ਮੁਸੀਬਤ ਆਈ ਹੈ ਮਗਰ ਅੱਜ ਜਿਸ ਤਰ੍ਹਾਂ ਅੰਮ੍ਰਿਤਸਰ ਦੇ ਲੋਕਾਂ ਨੇ ਪੂਰੀਆਂ, ਰੋਟੀਆਂ ਅਤੇ ਕਪੜੇ ਆਦਿ ਨਾਲ ਦੁਖੀ ਲੋਕਾਂ ਦੀ ਸੇਵਾ ਕੀਤੀ ਹੈ, ਮੈਂ ਸਮਝਦਾ ਹਾਂ ਕਿ ਇਹ ਚੀਜ਼ ਸਾਡੀ nation ਦੇ character ਨੂੰ ਜ਼ਾਹਰ ਕਰਦੀ ਹੈ।

(ਇਸ ਸਮੇਂ ਸਪੀਕਰ ਸਾਹਿਬ ਨੇ ਘੰਟੀ ਬਜਾਈ)

ਦੂਜੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਵਿਚ ਪਾਣੀ ਬਾਰਸ਼ ਦਾ ਨਹੀਂ ਨਹਿਰ ਦਾ ਪਹੁੰਚਿਆ ਹੈ। ਇਸ ਤਰ੍ਹਾਂ ਪਹਿਲਾਂ ਕਦੇ ਪਾਣੀ ਅੰਮ੍ਰਿਤਸਰ ਦੇ heart ਵਿਚ ਕਦੇ ਨਹੀਂ ਸੀ ਪਹੁੰਚਿਆ। ਇਸਦੀ ਵਜ੍ਹਾ ਦੀ ਤਹਿਕੀਕਾਤ ਹੋਣੀ ਚਾਹੀਦੀ ਹੈ, enquiry ਹੋਣੀ ਚਾਹੀਦੀ ਹੈ। ਅਤੇ ਜੇ ਕਿਸੇ ਸੱਜਨ ਦਾ ਕੋਈ ਕਸੂਰ ਹੋਵੇ ਤਾਂ ਉਸਨੂੰ ਸਜ਼ਾ ਹੋਣੀ ਚਾਹੀਦੀ ਹੈ।

ਦੂਸਰੀ ਗੱਲ ਜੋ ਮੈਂ ਕਹਿਣਾ ਚਾਹੁੰਦਾ ਹਾਂ ਉਹ ਮੈਂ evacuee property ਦੇ ਮਕਾਨਾਂ ਬਾਰੇ ਕਹਿਣਾ ਚਾਹੁੰਦਾ ਹਾਂ। ਹੁਣ ਤਾਂ ਖੈਰ ਸਾਰੇ ਮਕਾਨ ਹੀ evacuee property ਬਣ ਗਏ ਹਨ। ਉਨ੍ਹਾਂ ਮਕਾਨਾਂ ਵਿਚ ਜੋ ਕਿਰਾਏਦਾਰ ਰਹਿੰਦੇ ਹਨ, ਉਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਮਕਾਨਾਂ ਦੀ ਮੁਰੱਮਤ ਨਹੀਂ ਕੀਤੀ ਜਾ ਰਹੀ। ਜੋ ਮਕਾਨ ਗਵਰਨਮੈਂਟ ਪਾਸ ਹਨ ਉਨ੍ਹਾਂ ਦੀ ਮੁਰੱਮਤ ਦੀ ਇਜਾਜ਼ਤ ਕਿਰਾਏ ਵਿਚੋਂ ਦਿਤੀ ਜਾਵੇ ਤਾਂ ਜੋ ਉਨ੍ਹਾਂ ਮਕਾਨਾਂ ਦੀ ਮੁਰੱਮਤ ਹੋ ਸਕੇ। ਦੂਸਰੇ ਜੋ ਮਾਲਕ ਮਕਾਨ ਹਨ ਉਹ ਕਿਰਾਏਦਾਰਾਂ ਨੂੰ ਮਕਾਨ ਖਾਲੀ ਕਰਨ ਲਈ ਤੰਗ ਕਰ ਰਹੇ ਹਨ। ਫਿਰ ਜੋ ਆਦਮੀ claims ਦਾਰ ਹਨ ਅਤੇ ਕਿਰਾਇਆ ਨਹੀਂ ਦੇ ਸਕਦੇ, ਉਨ੍ਹਾਂ ਦੇ ਮਕਾਨ ਢੱਠ ਗਏ ਹਨ, ਉਨ੍ਹਾਂ ਦਾ ਕਿਰਾਇਆ ਉਨ੍ਹਾਂ ਦੇ claims ਵਿਚੋਂ ਕਟ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ।

श्री देव राज आनन्द (अम्बाला छावनी) : स्पीकर साहिब गुज़ारिश यह है कि 1947 के बाद आज फिर वही मनाज़र देखने पड़े हैं। जो कुछ Displaced Persons का बाकी रह गया था वह तमाम अब खत्म हो गया है। गवर्नमैंट को अब लोगों की मदद करनी चाहिए। गवर्नमैंट ने फैसला किया है कि उन मकानों की मुरम्मत न की जाए जिन की मालियत 10 हज़ार रुपए से ज़्यादा है। मैं अर्ज़ करनी चाहता हूँ कि अम्बाला छावनी में जो evacuee houses हैं उन में से 90 फी सदी गिर गए हैं, मसमार

हो गए हैं। दूसरा तबका ऐसा है जो हिन्दू मालिकों की property में रह रहा है। जो हिन्दू property गिर चुकी है, उन के मालिक यह चाहते हैं कि किराएदार यहां से निकल जायें ताकि उन को ज्यादा से ज्यादा किराया मिल सके। उन की वे मुरम्मत करने के लिये तैयार नहीं हैं। इस लिये मैं सरकार से अर्ज़ करनी चाहता हूं कि उसे ऐसा action लेना चाहिये कि इन मकानों की जल्दी मुरम्मत हो सके। मालिक मकानों की यह खाहिश है कि इन को जल्दी मकानों से निकाला जाए और इस तरह वे किराएदारों को नेस्तो नाबूद कर देना चाहते हैं।

दूसरी बात जिस की तरफ मैं आप की तवज्जुह दिलाना चाहता हूं वह lists जो पटवारियों ने बनाई हैं। बबयाल, पंजोखड़ा गांव में पटवारी ने जो list बनाई उस में 9 नाम दर्ज थे जबकि पंजोखड़ा में 176 मकान गिर चुके हैं। अगर पटवारियों ने ऐसा किया तो हकदारों को किसी तरह भी रुपया नहीं मिलेगा। इस लिये उन्हें रुपया दें ताकि वह मकानों की मुरम्मत करा सकें।

ਸ੍ਰੀ ਸੰਤ ਰਾਮ (ਨਕੋਦਰ) : ਸਪੀਕਰ ਸਾਹਿਬ ! ਸਰਕਾਰ ਨੇ ਜੋ 10, 11 ਕਰੋੜ ਰੁਪਏ ਦੀ ਮਦਦ ਦਾ ਇਲਾਨ ਕੀਤਾ ਹੈ ਇਸ ਲਈ ਗਵਰਨਮੈਂਟ ਮੁਬਾਰਕਬਾਦ ਦੀ ਮੁਸਤਹਿਕ ਹੈ। ਪ੍ਰਧਾਨ ਜੀ, ਮੈਂ ਇਕ suggestion ਦੇਣਾ ਚਾਹੁੰਦਾ ਹਾਂ। ਇਥੇ ਮੇਰੇ ਇਕ ਸਾਥੀ ਨੇ ਦਸਿਆ ਹੈ ਕਿ ਹਰੀਜਨਾਂ ਦੇ ਮਕਾਨ ਬੜੀ ਨੀਵੀਂ ਥਾਂ ਤੇ ਹੁੰਦੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਜਿਵੇਂ ਕਿ ਪੰਡਤ ਜੀ ਨੇ ਕਿਹਾ ਹੈ, ਕਿ ਉਨ੍ਹਾਂ ਦੇ ਮਕਾਨ ਉੱਚੀਆਂ ਥਾਵਾਂ ਤੇ ਹੋਣੇ ਚਾਹੀਦੇ ਹਨ, ਲੇਕਿਨ ਹੁਣ ਵੀ ਇਹ ਗੱਲ ਨਹੀਂ ਹੈ ਅਤੇ ਮੈਂ ਪੰਜਾਬ ਸਰਕਾਰ ਨੂੰ ਦਰਖਾਸਤ ਕਰਾਂਗਾ ਕਿ ਉਨ੍ਹਾਂ ਦੇ ਮਕਾਨ ਉੱਚੀ ਜਗ੍ਹਾ ਬਣਾਏ ਜਾਣ ....

ਪ੍ਰਧਾਨ ਜੀ, ਦੂਜੀ ਅਰਜ਼ ਇਹ ਹੈ ਕਿ ਥਾਣਾ ਸ਼ਾਹ ਕੋਟ ਵਿਚ ਜਿਹੜਾ ਮਵੇਸ਼ੀਆਂ ਦਾ ਹਸਪਤਾਲ ਸੀ ਉਹ ਡਿਗ ਗਿਆ ਹੈ। ਮਵੇਸ਼ੀਆਂ ਨੂੰ ਲੈਕੇ ਪਿੰਡਾਂ ਵਿਚੋਂ ਜਿਹੜੇ ਲੋਕ ਆਉਂਦੇ ਹਨ, ਉਨ੍ਹਾਂ ਨੂੰ ਬੜੀ ਤਕਲੀਫ ਹੁੰਦੀ ਹੈ।

(A large number of Members rose in their seats to catch the eye of the Chair.)

Mr. Speaker : So many members are anxious to speak. It would be better if the House decides to sit up till 8-30 P. M. It would then be possible to accommodate most of the members. There should be a regular motion to this effect. Shri Rala Ram may now speak.

Professor Mota Singh Anandpuri : It appears no time is to be given to us.

(हमें वक्त नहीं मिलेगा)।

Mr. Speaker : Please withdraw ....

Shri Mool Chand Jain : Order, order ......

Mr. Speaker : The hon. Member should withdraw his remarks. I do not like his tone. He is casting aspersions on the Chair. He is the eldest Member of the House and deserves every regard ......

Professor Mota Singh Anandpuri : You are showing the greatest disregard to me.

Mr. Speaker : The hon. Member should withdraw it.

Professor Mota Singh Anandpuri : What is to be withdrawn ?

Mr. Speaker : I regret his tone. Is he prepared to withdraw ......

Professor Mota Singh Anandpuri : How can I withdraw the tone ?

Mr. Speaker : The hon. Member should withdraw the remarks that he has just now made.

Professor Mota Singh Anandpuri : I do not understand what you mean by this ......

Mr. Speaker : This is not the way of getting time. It is very sad on his part. He is the eldest Member of the House and should behave in a dignified manner ....

Chief Minister (Shri Bhim Sen Sachar) : Sir, I beg to move –

> That the House instead of adjourning at 7–30 P. M. shall adjourn at 8-00 P. M. to-day.

Mr. Speaker : Motion moved –

> That the House instead of adjourning at 7-30 P. M. shall adjourn at 8-00 P. M. to-day.

Mr. Speaker : Question is —

> That the House instead of adjourning at 7-30 P. M. shall adjourn at 8-00 P. M. to-day.

The motion was carried.

श्री रला राम (मुकेरियां) : अध्यक्ष महोदय ! जो तबाही हुई है उस का ज़िक्र करना आवश्यक नहीं, उस के बारे में काफ़ी कहा जा चुका है। 12 अक्तूबर, 2 बजे रात से फिर बारिश हो रही है। इस के पेशे नज़र मैं समझता हूँ कि यह बिल्कुल ज़रूरी हो गया है कि देहातों में सिरकियों का जल्द से जल्द इन्तज़ाम किया जाए वर्ना वसीह पैमाने पर बीमारी फैलेगी। मैं ने अपनी आंखों लोगों को बीमार बच्चों को साथ लिए बाहिर सोए हुये देखा है। Bet area में, इन इलाकों में जहां दरिया नज़दीक है tents और सिरकियों का इन्तज़ाम बहुत जल्द किया जाये।

इस सम्बन्ध में दूसरी बात मैं यह कहना चाहता हूं कि हमारे इलाके में, जो दरियाए ब्यास के नज़दीक है, देहातों में 95 फीसदी मकान गिर गए हैं। रोटी का मसला इतना बड़ा नहीं है जितना shelter का है। मकानों को बनाने के लिए मदद बहुत जल्द मिलनी चाहिए। फिर भी मकानात एक महीने मे पहले तैयार नहीं हो सकते। इस लिए सिरकियां या tents बहुत जल्द मुहैया किये जाने चाहियें।

मदद का जहां तक सवाल है, मैं आप के द्वारा गवर्नमेंट को कहना चाहता हूं कि refugees और local inhabitants में कोई तमीज़ नहीं होनी चाहिए। सब गरीब लोगों को मदद मिलनी चाहिये। हां, गवर्नमेंट कोई economic limits बेशक मुकर्रर कर दे—10 या 12 घुमाओं से ज़्यादा ज़मीन के मालिकों को केवल तकावी कर्ज़े और कम ज़मीन

वाले गरीब आदमियों को मकानात बनाने के लिये grants भी मिलनी चाहिये।

अब मैं एक ज़रूरी बात की तरफ Irrigation Minister साहिब का ध्यान दिलाना चाहता हूँ। अगरचि वह इस वक्त यहां नहीं बैठे। Dasuya के इलाके पर Dhussi Bund के टूटने से मुसीबत आई मगर नील थल का जो बन्द था ब्यास में पानी का pressure बहुत ज़्यादा होने के बावजूद नहीं टूटा क्योंकि इस की बनावट मुखतलिफ तरज़ की थी। आयंदा इस तरज के Dhussi Bund बनाने की कोशिश की जाए। अगर नील थल वाला बन्द टूट जाता तो टांडा से ले कर रोपड़ तक के 300 गांव बर्बाद हो जाते।

अब मैं एक ज़रूरी सुझाव देना चाहता हूं। अगर refugees को जो देहातों में रहते हैं और जिन के मकान गिर गए हैं मलबे का मालिक करार दे दिया जाये तो वे बहुत जल्द उन्हें दोबारा खड़ा करने के लिये तैयार हैं इस तरह refugees को मकानात देने का मसला हल हो जाएगा।

ਸਰਦਾਰ ਗੁਰਬੰਤਾ ਸਿੰਘ (ਆਦਮਪੁਰ) : ਸਪੀਕਰ ਸਾਹਿਬ ! ਸਾਨੂੰ ਬੜੀ ਖੁਸ਼ੀ ਹੈ ਕਿ Chief Minister ਸਾਹਿਬ ਨੇ ਬਹੁਤ ਸਾਰੀ ਮਦਦ ਦੇਣ ਦਾ ਵਾਇਦਾ ਕੀਤਾ ਹੈ। ਹੋਰ ਵੀ ਚੰਗਾ ਹੁੰਦਾ ਜੇ ਉਹ ਇਹ ਇਲਾਨ ਵੀ ਕਰ ਦਿੰਦੇ ਜਿਨ੍ਹਾਂ ੨ ਪਿੰਡਾਂ ਵਿਚ ਫਸਲਾਂ ਤਬਾਹ ਹੋਈਆਂ ਹਨ ਉਨ੍ਹਾਂ ਤੋਂ ਮਾਲੀਆ ਤੇ ਆਬਿਆਨਾ ਨਹੀਂ ਲਿਆ ਜਾਵੇਗਾ। Grants 50 ਤੇ 75 ਤੇ 100 ਦੀ ਬਜਾਏ 100 ਤੇ 150 ਤੇ 200 ਰੁਪਏ ਤਕ ਦੀਆਂ ਹੋਣੀਆਂ ਚਾਹੀਦੀਆਂ ਹਨ ਕਿਉਂ ਜੋ 100 ਰੁਪਏ ਵਿਚ ਲਕੜੀ ਤੇ ਸੀਮਿੰਟ ਨਹੀਂ ਆ ਸਕਦਾ। ਤਹਿਸੀਲਦਾਰ ਖੁਦ ਮੌਕੇ ਤੇ ਜਾ ਕੇ grants ਦੇਣ। ਜੇ ਰੁਪਿਆ ਪਟਵਾਰੀਆਂ ਦੇ ਹਵਾਲੇ ਕੀਤਾ ਗਿਆ ਤਾਂ ਉਹ ਖਾ ਜਾਣਗੇ। ਤਕਾਵੀਆਂ ਲਈ ਲੋਕਾਂ ਨੂੰ ਸ਼ਹਿਰਾਂ ਵਿਚ ਆਉਣਾ ਪਵੇਗਾ; ਇਸ ਲਈ ਕਰਜ਼ੇ Co-operative societies ਦੇ ਮੈਂਬਰਾਂ ਦੀ ਗਿਣਤੀ ਵਧਾਕੇ ਉਨ੍ਹਾਂ ਰਾਹੀਂ ਪਿੰਡਾਂ ਦੇ ਲੋਕਾਂ ਨੂੰ ਦਿਤੇ ਜਾਣ। Professional tax ਵੀ ਮਾਫ਼ ਕੀਤਾ ਜਾਣਾ ਚਾਹੀਦਾ ਹੈ। ਲੋਕ ਕਮਾਈ ਨਹੀਂ ਕਰਨਗੇ ਤਾਂ tax ਕਿਥੋਂ ਦੇਣਗੇ। ਹਰੀਜਨਾਂ ਦੇ ਬਹੁਤ ਸਾਰੇ ਮਕਾਨਾਤ ਡਿਗ ਗਏ ਹਨ, ਉਨ੍ਹਾਂ ਪਿੰਡਾਂ ਦੇ ਵੀ ਡਿਗ ਗਏ ਹਨ ਜਿਥੇ ਹੜ੍ਹ ਦਾ ਪਾਣੀ ਨਹੀਂ ਗਿਆ। ਰਸੋਈ ਕਰਨ ਲਈ ਵੀ ਉਨ੍ਹਾਂ ਪਾਸ ਥਾਂ ਨਹੀਂ ਰਹੀ। ਪੰਜਾਹ,ਸੱਠ ਪਿੰਡਾਂ ਵਿਚ ਜਾ ਕੇ ਮੈਂ ਖੁਦ ਉਨ੍ਹਾਂ ਦੀ ਹਾਲਤ ਵੇਖੀ ਹੈ। ਹਰੀਜਨਾਂ ਨੂੰ ਵਧ ਤੋਂ ਵਧ ਮਦਦ ਦਿਤੀ ਜਾਣੀ ਚਾਹੀਦੀ ਹੈ।

ਸਾਡੇ ਇਲਾਕੇ ਵਿਚ ਲਾਲਾ ਜਗਤ ਨਾਰਾਇਣ ਹੋ ਆਏ ਹਨ। ਆਦਮਪੁਰ ਦੇ ਕੋਲ ਪਿਛਲੇ ਸਾਲ ਥੋੜਾ ਜਿਹਾ ਹੜ੍ਹ ਦਾ ਪਾਣੀ ਆਇਆ ਸੀ ਤੇ ਲੋਕਾਂ ਨੇ ਮੰਗ ਕੀਤੀ ਸੀ ਕਿ ਨਹਿਰ ਦੇ ਸਾਈਫਨ ਵੱਡੇ ਤੇ ਉੱਚੇ ਬਣਾਏ ਜਾਣ ਨਹੀਂ ਤਾਂ ਜ਼ਿਆਦਾ ਹੜ੍ਹ ਆਉਣ ਨਾਲ ਪੱਕੇ ਤੇ ਸ਼ਾਨਦਾਰ ਮਕਾਨ ਵੀ ਰੁੜ੍ਹ ਜਾਣਗੇ ਪਰ ਨਹਿਰਾਂ ਦੇ ਵਜ਼ੀਰ ਸਾਹਿਬ ਨੇ ਇਸ ਗੱਲ ਵਲ ਧਿਆਨ ਨਾ ਦਿੱਤਾ। ਇਸ ਸਾਲ ਪਕੇ ਸ਼ਾਨਦਾਰ ਮਕਾਨ ਵੀ ਡਿਗ ਗਏ ਹਨ। ਕਈ ਥਾਵਾਂ ਤੇ ਨਹਿਰ ਆਪੇ ਟੁਟ ਗਈ। ਜੇ ਵਜ਼ੀਰ ਸਾਹਿਬ ਵੱਡੇ ਸਾਈਫਨ ਬਣਵਾਂਦੇ ਤਾਂ ਪਾਣੀ ਬੜੀ ਆਸਾਨੀ ਨਾਲ ਨਿਕਲ ਜਾਂਦਾ ਤੇ ਇਹ ਮਕਾਨ ਨਾ ਡਿਗਦੇ।

ਸਪੀਕਰ ਸਾਹਿਬ, ਪਿੰਡਾਂ ਵਿਚ ਗਰੀਬਾਂ ਦੇ ਡਿਗੇ ਪਏ ਮਕਾਨਾਂ ਦੀਆਂ ਤਕੜੇ ਲੋਕ ਕੜੀਆਂ ਅਤੇ ਸ਼ਤੀਰੀਆਂ ਉਤਾਰ ਉਤਾਰ ਕੇ ਲੈ ਜਾ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਗੱਲ ਦੀ ਰੋਕ ਥਾਮ ਲਈ ਪੁਲਸ ਨੂੰ ਹਦਾਇਤਾਂ ਦੇਵੇ। ਜਲੰਧਰ ਜ਼ਿਲੇ ਵਿਚ ਹੜ੍ਹਾਂ ਨੇ ਤਬਾਹੀ ਲਿਆਂਦੀ ਹੈ। ਬੇਟ ਦੇ ਇਲਾਕੇ ਵਿਚ ਪਿੰਡਾਂ ਦੇ ਪਿੰਡ ਰੁੜ੍ਹ ਗਏ ਹਨ। ਲੋਕਾਂ ਨੂੰ ਰਹਿਣ ਲਈ ਥਾਂ ਨਹੀਂ। ਗਰੀਬਾਂ ਨੂੰ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਤੋਂ ਸਰਦੀਆਂ ਆ ਰਹੀਆਂ ਹਨ। ਸਰਕਾਰ ਨੂੰ ਸਰਦੀਆਂ ਤੋਂ ਪਹਿਲਾਂ ਪਹਿਲਾਂ ਮਕਾਨਾਂ ਦਾ ਪਰਬੰਧ ਕਰਨਾ ਚਾਹੀਦਾ ਹੈ।

श्री मूल चन्द जैन (संभालका): स्पीकर साहिब! floods ने जो तबाही की है उस का ज़िक्र काफी मैम्बरों ने किया है। इस तबाही का मुकाबला सरकारी और गैर-सरकारी एजंसियों ने जिस तरीके से किया है वह काबले तारीफ है। ऐसी तबाही से कौमों के इमतिहान होते हैं। इस इमतिहान में हमारे सूबे ने पूरी ज़िन्दा दिली का सबूत दिया है। मिसाल के तौर पर खालसा कालेज के एक विद्यार्थी ने जिस बहादुरी का सबूत दिया उस का ज़िक्र सभा में किया जा चुका है। वह विद्यार्थी हमारे जिले करनाल का रहने वाला था हमारा यह फर्ज़ है कि उस के माता पिता को हमदर्दी का पैगाम भेजें।

स्पीकर साहिब, सरकार ने floods के बारे में जो स्कीम हाऊस के सामने रखी है और चीफ मिनिस्टर साहिब ने जो कुछ फरमाया है उस के बारे में मैं अपनी तजवीजें रखनी चाहता हूं। एक बात तो मैं यह कहनी चाहता हूँ कि landless labourers के लिये गुज़ारे का कोई इन्तजाम नहीं किया गया। यह तो ठीक है कि मकानों की तरफ तवज्जुह दी गई है, लेकिन इस बात को भी ध्यान में रखना चाहिए कि गरीब लोगों को खास तौर पर landless labourers के गुज़ारे के लिए कोई प्रबन्ध किया जाये। जब चौधरी लहरी सिंह जी करनाल गये तब मैं ने उन को तजवीज़ दी कि खादी के Centre खोलें जाएं जिन से लोगों को काम मिल सके। इस तजवीज़ पर सरकार को अमल करना चाहिए।

दूसरी चीज़ यह है कि बहुत देर से लोग शिकायत करते रहें हैं कि drains का मुनासिब प्रबन्ध नहीं है। इस बात में भी काफी सचाई है कि अगर पहले से ही इस ओर ध्यान दिया होता तो शायद floods से इतनी तबाही न होती जितनी हुई है। Drains की खुदाई के लिए जो सरकार ने 56 फीसदी की शर्त रखी हुई है। कि beneficiaries 56 फीसदी खर्च अपने पास से दें तो सरकार 44 फीसदी देगी। यह शर्त अच्छी नहीं और इस से काम रुका पड़ा है।

सिंचाई मन्त्री: अब तो यह $12\frac{1}{2}$ फीसदी कर दी गई है।

श्री मूल चन्द जैन: यह तो अगली पांच वर्षीय योजना में कमी की है; अब से तो नहीं। सो स्पीकर साहिब, मैं तो यही कहूंगा कि drains का ठीक प्रबन्ध होना चाहिये।

फिर, श्रीमान जी, एक बात जो मैं सरकार के सामने रखनी चाहता हूँ वह यह है कि केवल flood stricken लोगों के लिये मदद रखी गई है। इस का यह मतलब है कि महज़ उन लोगों को सहायता मिलनी है जहां floods आए हैं। क्या यह ज़्यादती नहीं कि बहुत से इलाकों में, जहां सख्त बारिशों से मकान गिरे हैं, कोई मदद न दी जाए? यह बुरी बात होगी।

विकास मन्त्री: नहीं, वहां भी मदद दी जाएगी।

श्री मूल चन्द जैन: यह खुशी की बात है कि मिनिस्टर साहिब ने फरमा दिया है कि मदद ऐसे इलाकों को भी दी जाएगी।

अगली बात जो मैं कहना चाहता हूं कपड़े के बारे में है। सरकार को चाहिये कि कम्बल और रज़ाइयों का फौरी प्रबन्ध हो। सर्दियों का मौसम आने वाला है, इस लिए इस बात की तरफ खास ध्यान देना चाहिए।

स्पीकर साहिब, आप को पता होगा कि जब कहित पड़ता है तो हमारे सामने Famine Code

बना हुआ है। War को meet करने के लिये भी set इन्तज़ाम हैं। मगर अफसोस की बात है कि कोई flood code नहीं है। चाहिये तो यह कि किशतियां और trained आदमी मौजूद हों जो आफत के समय marconed लोगों के पास पहुंच सकें और उन की मदद कर सकें। अगर ऐसा किया जाए तो बहुत हद तक flood की तबाही से बचा जा सकता है। मेरी यह थोड़ी सी तजवीज़ें हैं। मैं उम्मीद रखता हूं कि सरकार इन बातों की तरफ ध्यान देगी।

ਸਰਦਾਰ ਖੇਮ ਸਿੰਘ (ਅੰਮ੍ਰਿਤਸਰ) : ਸਪੀਕਰ ਸਾਹਿਬ ! ਸਾਡੇ ਚੀਫ਼ ਮਿਨਿਸਟਰ ਸਾਹਿਬ ਨੇ ਮੁਸੀਬਤ-ਜ਼ਦਾ ਲੋਕਾਂ ਲਈ ਇੰਤਜ਼ਾਮ ਕਰਨ ਲਈ ਜੋ ਸਕੀਮ ਪੇਸ਼ ਕੀਤੀ ਹੈ ਮੈਂ ਉਸ ਉੱਤੇ ਉਨ੍ਹਾਂ ਨੂੰ ਵਧਾਈ ਦੇਂਦਾ ਹਾਂ। ਉਨ੍ਹਾਂ ਨੇ ਫਰਮਾਇਆ ਹੈ ਕਿ ਸੌ, ਪਛੱਤਰ ਅਤੇ ਪੰਜਾਹ ਰੁਪਏ ਮਕਾਨ ਬਨਾਉਣ ਲਈ ਸਹਾਇਤਾ ਵਜੋਂ ਦਿਤੇ ਜਾਣਗੇ। ਇਸ ਬਾਰੇ ਮੈਂ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਇਹ ਰਕਮ ਕੁਝ ਥੋੜੀ ਹੈ। ਇਸ ਲਈ ਸਰਕਾਰ ਨੂੰ ਇਹ ਰਕਮਾਂ ਵਧਾਕੇ ਦੋ ਸੌ, ਡੇਢ੍ਹ ਸੌ ਅਤੇ ਸੌ ਰੁਪਏ ਕਰ ਦੇਣੀਆਂ ਚਾਹੀਦੀਆਂ ਹਨ।

ਦੂਜੀ ਗੱਲ ਰਾਸ਼ਨ ਸਬੰਧੀ ਕਹਿਣਾ ਚਾਹੁੰਦਾ ਹਾਂ। ਇਸ ਵੇਲੇ ਸਰਕਾਰ ਨੇ ਚਾਰ ਛਟਾਂਕ ਫੀ ਆਦਮੀ ਦੇਣ ਦਾ ਫੈਸਲਾ ਕੀਤਾ ਹੋਇਆ ਹੈ ਮੇਰੇ ਖਿਆਲ ਅਨੁਸਾਰ ਇਹ ਵੀ ਥੋੜਾ ਹੈ। ਚਾਰ ਛਟਾਂਕ ਦੀ ਥਾਂ ਛੇ ਛਟਾਂਕ ਮਿਲਣਾ ਚਾਹੀਦਾ ਹੈ। ਜਿਨ੍ਹਾਂ Relief Centres ਵਿਚ ਇਹ ਰਾਸ਼ਨ ਮਿਲਦਾ ਹੈ ਉਥੇ ਹਜ਼ਾਰਾਂ ਲੋਕ ਆਉਂਦੇ ਹਨ ਅਤੇ ਉਨ੍ਹਾਂ ਨੂੰ ਸਰਪੰਚਾਂ ਤੋਂ certify ਕਰਾਉਣਾ ਪੈਂਦਾ ਹੈ। ਹਰੀਜਨਾਂ ਨੂੰ ਇਸ ਵਿਚ ਬਹੁਤ ਤਕਲੀਫ ਹੁੰਦੀ ਹੈ ਕਿਉਂਕਿ ਹਰੀਜਨ ਪੰਚ ਤੇ ਨੰਬਰਦਾਰ ਬਹੁਤ ਥੋੜੇ ਹਨ। ਸਰਕਾਰ ਨੂੰ ਇਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਤਕਲੀਫ ਵੀ ਹੈ ਕਿ ਲੋਕਾਂ ਨੂੰ ਪੰਜ ਸੱਤ ਮੀਲਾਂ ਤੋਂ ਆਉਣਾ ਪੈਂਦਾ ਹੈ। ਸੈਂਟਰਾਂ ਦੇ ਨਾਲ ਨਾਲ ਮੇਰੇ ਖਿਆਲ ਵਿਚ ਪਿੰਡਾਂ ਵਿਚ ਡਿਪੋ ਵੀ ਖੋਲ੍ਹਣੇ ਚਾਹੀਦੇ ਹਨ ਜਿਥੋਂ ਸਸਤੀ ਕੀਮਤਾਂ ਤੇ ਰਾਸ਼ਨ ਖਰੀਦਿਆ ਜਾ ਸਕੇ। ਜੋ ਨਹੀਂ ਖਰੀਦ ਸਕਦੇ ਉਨ੍ਹਾਂ ਲਈ ਪਿੰਡਾਂ ਵਿਚ ਵੀ Relief Centres ਹੋਣੇ ਚਾਹੀਦੇ ਹਨ।

ਫੇਰ, ਸ਼੍ਰੀਮਾਨ ਜੀ, ਪਿੰਡਾਂ ਵਿਚ ਦਵਾਈਆਂ ਦਾ ਵੀ Relief ਪਹੁੰਚਣਾ ਚਾਹੀਦਾ ਹੈ। ਮੈਂ Health Minister ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਹ ਫੌਰਨ ਪਿੰਡਾਂ ਲਈ ਦਵਾਈਆਂ ਦਾ ਇੰਤਜ਼ਾਮ ਕਰਨ। ਆਮ ਗਰੀਬਾਂ ਅਤੇ ਖਾਸ ਕਰਕੇ ਹਰੀਜਨਾਂ ਨੂੰ ਦਵਾਈਆਂ ਲੈਣ ਦੀ ਬੜੀ ਤਕਲੀਫ਼ ਹੈ। ਇਹ ਮਦਦ ਬਹੁਤ ਛੇਤੀ ਪਹੁੰਚਣੀ ਚਾਹੀਦੀ ਹੈ।

ਇਸ ਤੋਂ ਬਾਅਦ, ਮੈਂ ਅਖੀਰ ਵਿਚ ਫੇਰ ਅਰਜ਼ ਕਰਾਂਗਾ ਕਿ ਮਕਾਨਾਂ ਦਾ ਪਰਬੰਧ ਸਭ ਤੋਂ ਜ਼ਰੂਰੀ ਹੈ ਤਾਂ ਜੋ ਸਰਦੀਆਂ ਆਉਣ ਤੋਂ ਪਹਿਲਾਂ ਪਹਿਲਾਂ ਗਰੀਬਾਂ, ਹਰੀਜਨਾਂ ਅਤੇ ਸ਼ਰਨਾਰਥੀਆਂ ਨੂੰ ਸਿਰ ਲੁਕਾਉਣ ਲਈ ਥਾਂ ਮਿਲ ਸਕੇ। ਉਨ੍ਹਾਂ ਦੇ ਮਕਾਨ ਗਿਰੇ ਪਏ ਹਨ, ਜ਼ਮੀਂਦਾਰ ਉਨ੍ਹਾਂ ਨੂੰ ਤੰਗ ਕਰ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਕਾਨਾਂ ਦਾ ਪਹਿਲਾਂ ਪਰਬੰਧ ਕਰੇ। ਆਰਜ਼ੀ ਤੌਰ ਤੇ ਟੈਂਟ ਮਿਲਣੇ ਚਾਹੀਦੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਸਮਾਪਤ ਕਰਦਾ ਹਾਂ।

ਸਰਦਾਰ ਜੋਗਿੰਦਰ ਸਿੰਘ (ਡੇਰਾ ਬਾਬਾ ਨਾਨਕ) : ਸਪੀਕਰ ਸਾਹਿਬ ! ਵੈਸੇ ਤਾਂ ਸਾਰੇ ਪੰਜਾਬ ਦੇ ਵਿਚ ਹੀ ਕਾਫ਼ੀ ਨੁਕਸਾਨ ਹੋਇਆ ਹੈ ਪਰ ਮੇਰੇ ਹਲਕੇ ਡੇਰਾ ਬਾਬਾ ਨਾਨਕ ਦੇ ਵਿਚ ਮੀਂਹਾਂ ਦਾ ਇੰਨਾ ਪਾਣੀ ਆਇਆ ਕਿ ਦਰਿਆ ਅਤੇ ਸੱਕੀ ਨਾਲਾ ਇਕ ਹੋ ਗਏ। ਸਪੀਕਰ ਸਾਹਿਬ, ਦਰਿਆ ਰਾਵੀ ਦੇ ਵਿਚ ਇੰਨਾ ਹੜ੍ਹ ਆਇਆ ਅਤੇ ਸੱਕੀ ਨਾਲੇ ਦੇ ਵਿਚ ਇੰਨਾ ਪਾਣੀ ਚੜ੍ਹਿਆ ਕਿ ਕੋਈ 8 ਅਤੇ 9 ਮੀਲ ਦਾ area ਘਿਰ ਗਿਆ ਹੋਇਆ ਹੈ। ਬਾਕੀ ਸਾਰੇ ਇਲਾਕੇ ਦੇ ਵਿਚ ਵੀ ਕੋਈ ਰਾਹ ਨਹੀਂ ਰਿਹਾ ਕਿ ਲੋਕੀਂ ਨਿਕਲ ਸਕਨ। ਉਥੇ ਇੰਨਾ ਪਾਣੀ ਜਮਾਂ ਹੋ ਗਿਆ ਹੈ ਕਿ ਉਹ ਪੱਕੀਆਂ ਹੋਈਆਂ ਫ਼ਸਲਾਂ ਦੇ ਉਤੋਂ ਦੀ ਲੰਘ ਗਿਆ ਹੈ ਜਿਸਦੇ ਕਾਰਨ ਉਹ ਸਭ ਤਬਾਹ ਹੋ ਗਈਆਂ ਹਨ। ਸੜਕਾਂ ਉਤੇ ਇਨੀ ਪੋਲੀ ਮਿੱਟੀ ਆ ਗਈ ਹੈ ਕਿ ਲੰਘਣਾ ਮੁਸ਼ਕਲ ਹੋ ਗਿਆ ਹੈ। ਬਹੁਤ ਸਾਰੀ ਆਬਾਦੀ ਜਿਹੜੀ

[ਸਰਦਾਰ ਜੋਗਿੰਦਰ ਸਿੰਘ]
ਪਿੰਡਾਂ ਦੇ ਵਿਚ ਰਹਿੰਦੀ ਸੀ ਉਨ੍ਹਾਂ ਦੇ ਸਾਰੇ ਘਰ ਤਬਾਹ ਹੋ ਗਏ ਹਨ। ਉਨ੍ਹਾਂ ਲਈ ਉਥੇ ਕੋਈ ਰੁਜ਼ਗਾਰ ਨਹੀਂ ਰਹਿ ਗਿਆ ਹੈ। ਸਾਉਣੀ ਦੀ ਜਿਹੜੀ ਫ਼ਸਲ ਸੀ ਉਹ ਸਾਰੀ ਦੀ ਸਾਰੀ ਤਬਾਹ ਹੋ ਗਈ ਹੈ। ਨਾ ਉਥੇ ਮਜ਼ਦੂਰ ਨੂੰ ਕੁਝ ਮਿਲ ਸਕਦਾ ਹੈ ਅਤੇ ਨਾ ਕਿਸਾਨ ਨੂੰ ਕੁਝ ਲੱਭ ਸਕਦਾ ਹੈ। ਅਤੇ ਨਾ ਉਨ੍ਹਾਂ ਨੂੰ ਅੱਗੇ ਲਈ ਫ਼ਸਲ ਬੀਜਣ ਦੀ ਆਸ ਹੈ। ਇਸ ਲਈ ਮੈਂ ਆਪ ਦੀ ਰਾਹੀਂ Government ਨੂੰ request ਕਰਦਾ ਹਾਂ ਕਿ ਉਥੇ ਦੇ ਲੋਕਾਂ ਦੀ ਵਧ ਤੋਂ ਵਧ ਮਦਦ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਮਦਦ ਕੀਤੀ ਜਾਵੇ। ਕਿਉਂਕਿ ਉਨ੍ਹਾਂ ਲੋਕਾਂ ਦੇ ਕੋਲ ਕੁਝ ਨਹੀਂ ਰਹਿ ਗਿਆ। ਨਾ ਉਨ੍ਹਾਂ ਦਾ ਘਰ ਹੈ ਅਤੇ ਨਾ ਦਰ। ਫੇਰ, ਸਪੀਕਰ ਸਾਹਿਬ, ਉਥੇ ਡੰਗਰਾਂ ਦੀਆਂ ਬੀਮਾਰੀਆਂ ਵੀ ਸ਼ੁਰੂ ਹੋ ਗਈਆਂ ਹਨ। ਉਥੇ ਟੀਕੇ ਲਗਣੇ ਤਾਂ ਸ਼ੁਰੂ ਹੋ ਗਏ ਹਨ ਪਰ ਮੈਂ ਕਹਿੰਦਾ ਹਾਂ ਕਿ ਹੋਰ ਵੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਲੋਕਾਂ ਨੇ ਰਹਿਣ ਲਈ ਮਕਾਨ ਬਨਾਣੇ ਹਨ ਇਸ ਲਈ ਉਥੇ ਜਲਦੀ ਤੋਂ ਜਲਦੀ ਪੈਸੇ ਭੇਜੇ ਜਾਣ। ਇਸਤੋਂ ਇਲਾਵਾ ਮਕਾਨਾਂ ਲਈ ਇੱਟਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਅਤੇ ਸੀਮਿੰਟ ਸਪਲਾਈ ਕੀਤਾ ਜਾਣਾ ਚਾਹੀਦਾ ਹੈ।

ਇਕ ਹੋਰ ਅਰਜ਼ ਜਿਹੜੀ ਮੈਂ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਉਥੇ ਸਕੂਲਾਂ ਵਾਲੇ ਬੜੇ ਤੰਗ ਕਰ ਰਹੇ ਹਨ। ਮੇਰੇ ਪਾਸ ਕਈ ਲੜਕੇ ਆਏ ਹਨ ਅਤੇ ਉਨ੍ਹਾਂ ਨੇ ਸ਼ਿਕਾਇਤ ਕੀਤੀ ਹੈ ਕਿ ਸਕੂਲਾਂ ਵਾਲੇ ਕਹਿੰਦੇ ਹਨ ਕਿ 20 ਤਾਰੀਖ ਤੋਂ ਪਹਿਲਾਂ ੨ ਫ਼ੀਸ ਦੇ ਦੇਵੋ ਨਹੀਂ ਤਾਂ ਤੁਹਾਡੇ ਨਾਂ ਕਟੇ ਜਾਣਗੇ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਉਨ੍ਹਾਂ ਲੋਕਾਂ ਦਾ ਸਭ ਕੁਝ ਰੁੜ੍ਹ ਗਿਆ ਹੈ ਉਨ੍ਹਾਂ ਦੇ ਪਾਸ ਕੁਝ ਨਹੀਂ ਰਿਹਾ। ਅਤੇ ਤੁਸੀਂ ਆਪ ਹੀ ਦੱਸੋ ਉਹ ਕਿਥੋਂ ਫੀਸਾਂ ਦੇਣ। ਇਸ ਲਈ ਮੈਂ Education Minister ਸਾਹਿਬ ਦੇ ਅੱਗੇ request ਕਰਦਾ ਹਾਂ ਕਿ ਘੱਟ ਤੋਂ ਘੱਟ ਛੇ ਮਹੀਨੇ ਤਕ ਲੜਕਿਆਂ ਤੋਂ ਕੋਈ ਫੀਸ ਨਾ ਲਈ ਜਾਵੇ। (ਘੰਟੀ)

ਫੇਰ, ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਉਥੇ ਖੂਹਾਂ ਦਾ level ਜ਼ਮੀਨ ਦੇ ਬਰਾਬਰ ਹੋ ਗਿਆ ਹੈ। (ਘੰਟੀ ਦੀ ਆਵਾਜ਼)

ਸਰਦਾਰ ਹਰੀ ਸਿੰਘ (ਦਸੂਆ) : ਸਪੀਕਰ ਸਾਹਿਬ! ਇਨ੍ਹਾਂ ਬਾਰਸ਼ਾਂ ਦੇ ਕਾਰਨ ਜਿਹੜੀ ਬਾਹੜ ਆਈ ਹੈ ਉਸਦੇ ਨਾਲ ਵੈਸੇ ਤਾਂ ਸਾਰੇ ਪੰਜਾਬ ਦੇ ਵਿਚ ਤਬਾਹੀ ਆਈ ਹੈ ਪਰ ਜ਼ਿਲਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਆ ਵਿਚ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਉਥੇ ਕੋਈ 50 ਹਜ਼ਾਰ ਦੀ ਆਬਾਦੀ ਬੇਘਰ ਹੋ ਗਈ ਹੈ। ਦਰਿਆ ਬਿਆਸ ਦੇ ਧੁਸੀ ਬੰਧ ਨੂੰ ਇਕ ਜਗ੍ਹਾ 18 ਸ਼ਿਗਾਫ਼ ਹੋ ਗਏ ਜਿਸ ਦੇ ਕਾਰਨ ਕਈ ਪਿੰਡ ਰੁੜ੍ਹ ਗਏ ਹਨ, ਪਾਣੀ ਦੇ ਜ਼ੋਰ ਦੇ ਨਾਲ ਸੜਕਾਂ Block ਹੋ ਗਈਆਂ ਅਤੇ ਲੋਕਾਂ ਨੂੰ ਨਿਕਲਣ ਲਈ ਕੋਈ ਰਸਤਾ ਨਹੀਂ ਰਿਹਾ। ਹਜ਼ਾਰਾਂ ਦੀ ਤਾਦਾਦ ਦੇ ਵਿਚ ਮਕਾਨ ਗਿਰ ਗਏ ਹਨ ਅਤੇ ਬਰਬਾਦ ਹੋ ਗਏ ਹਨ। ਦਸੂਆ ਦੇ ਵਿਚ ਮਕਾਨ ਡਿਗਣ ਨਾਲ 9 ਆਦਮੀ ਮਰ ਗਏ ਹਨ। ਲੱਖਾਂ ਰੁਪੈ ਦੀ property ਬਰਬਾਦ ਹੋ ਗਈ ਹੈ ਅਤੇ ਹਜ਼ਾਰਾਂ ਏਕੜ ਜ਼ਮੀਨ ਜਿਥੇ ਕਿ ਬੜੀਆਂ ਭਾਰੀ ਫ਼ਸਲਾਂ ਹੁੰਦੀਆਂ ਸਨ wash off ਹੋ ਗਈ ਹੈ। ਮਵੈਸ਼ੀਆਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ। ਮੈਥੋਂ ਪਹਿਲਾਂ ਪੰਡਿਤ ਜੀ ਨੇ ਅਤੇ ਚੌਧਰੀ ਸਾਹਿਬ ਨੇ ਭੀ ਸਭ ਹਾਲਾਤ ਦੱਸੇ ਹਨ ਕਿ ਉਥੇ ਅਜੇ ਤਕ ਲੋਕਾਂ ਦੇ ਰਹਿਣ ਦਾ ਕੋਈ ਇੰਤਜ਼ਾਮ ਨਹੀਂ ਅਤੇ ਲੋਕ ਬਾਹਰ ਬੈਠੇ ਹੋਏ ਹਨ। ਮੈਨੂੰ ਡਰ ਹੈ ਕਿ ਅੱਜ ਜੋ ਬਾਰਿਸ਼ ਹੋ ਰਹੀ ਹੈ ਉਸਦੇ ਨਾਲ ਦਰਿਆ ਦੇ ਵਿਚ ਫੇਰ ਪਾਣੀ ਨਾ ਆ ਗਿਆ ਹੋਵੇ। ਸਪੀਕਰ ਸਾਹਿਬ, ਉਥੇ ਲੋਕਾਂ ਨੂੰ ਜਲਦੀ ਤੋਂ ਜਲਦੀ tents supply ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਲੋਕ ਆਪਣਾ ਸਿਰ ਛੁਪਾ ਸਕਨ। ਕਲ ਗਵਰਨਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਗਏ ਸਨ। ਉਨ੍ਹਾਂ ਨੇ ਹੀ ਉਥੇ ਕਿਹਾ ਕਿ ਬਹੁਤ ਬਰਬਾਦੀ ਹੋਈ ਹੈ ਇਸ ਲਈ ਮੇਰਾ ਸੁਝਾਵ ਹੈ ਕਿ ਉਥੇ ਜਲਦੀ ਤੋਂ ਜਲਦੀ ਕੋਈ ਕੰਮ ਚਾਲੂ ਕੀਤਾ ਜਾਵੇ ਤਾਕਿ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।

ਇਸ ਤੋਂ ਇਲਾਵਾ ਮੇਰੀ ਅਰਜ਼ ਇਹ ਹੈ ਕਿ ਜਿਹੜਾ ਸੁਝਾਵ ਸਰਦਾਰ ਜੋਗਿੰਦਰ ਸਿੰਘ ਜੀ ਨੇ ਦਿਤਾ ਹੈ ਕਿ ਜਿਹੜੇ flood stricken areas ਹਨ ਉਥੇ ਲੜਕਿਆਂ ਦੀਆਂ ਫੀਸਾਂ ਮਾਫ਼ ਹੋਣੀਆਂ ਚਾਹੀਦੀਆਂ ਹਨ ਉਹ ਬਿਲਕੁਲ ਠੀਕ ਹੈ ਅਤੇ ਮੈਂ ਉਸਦੀ ਤਾਈਦ ਕਰਦਾ ਹਾਂ। ਫੇਰ, ਸਪੀਕਰ ਸਾਹਿਬ, ਸਰਦਾਰ ਸਾਹਿਬ ਨੂੰ ਪਤਾ ਹੈ ਕਿ ਲੋਕਾਂ ਨੇ ਅੱਗੇ ਵੀ ਤਕਾਵੀ loans ਲਏ ਹੋਏ ਹਨ। ਪਰ ਉਹ ਤਕਾਵੀ loans ਲੋਕਾਂ ਨੇ tub-wells ਲਗਾਣ ਲਈ ਲਏ ਸਨ। ਉਹ ਸਾਰੇ ਦੇ ਸਾਰੇ tube-wells ਮਿੱਟੀ ਦੇ ਥੱਲੇ ਆ ਗਏ ਹਨ। ਉਥੇ ਹੁਣ ਛੇ ਛੇ ਅਤੇ ਸੱਤ ਸੱਤ ਫੁਟ ਮਿੱਟੀ ਚੜ੍ਹ ਗਈ ਹੈ ਲੋਕਾਂ ਦੀ ਹਾਲਤ ਅੱਛੀ ਨਹੀਂ। ਇਸ ਲਈ ਉਨ੍ਹਾਂ ਨੂੰ loan ਦੇਣਾ ਚਾਹੀਦਾ ਹੈ। (ਘੰਟੀ)

ਸਪੀਕਰ ਸਾਹਿਬ ! ਮੈਂ ਸਿਰਫ ਇਕ ਅਰਜ਼ ਹੋਰ ਕਰਨੀ ਚਾਹੁੰਦਾ ਹਾਂ ਕਿ ਤਹਿਸੀਲ ਦਸੂਹਾ ਦੇ ਵਿਚ ਰਾਜਪੁਰਾ, ਮੋਹਲਾ, ਅਕੀਟੰਡਾ ਕੈਰੇ, ਭੁਨਛ, ਸ਼ਾਹ ਸ਼ਰਫ਼ ਕਾਸਵਾਂ, ਚੱਕ ਵਾਮੂੰ ਅਤੇ ਗੋਰਸੀਆਂ ਬਗੈਰਾ ਪਿੰਡ ਬਿਲਕੁਲ ਤਬਾਹ ਅਤੇ ਬਰਬਾਦ ਹੋ ਗਏ ਹਨ। ਉਥੇ ਰੇਤ ਅਤੇ ਮਿੱਟੀ ਬਹੁਤ ਪੈ ਗਈ ਹੈ। ਮੈਂ ਸਮਝਦਾ ਹਾਂ ਕਿ ਉਥੇ ਦਸ ਪੰਦਰਾਂ ਸਾਲ ਕੁਝ ਪੈਦਾ ਹੀ ਨਹੀਂ ਹੋ ਸਕਦਾ।

ਭਗਤ ਗੁਰਾਂ ਦਾਸ ਹੰਸ (ਹੁਸ਼ਿਆਰਪੁਰ) : ਸਪੀਕਰ ਸਾਹਿਬ ! ਇਹ ਜਿਹੜੇ floods ਪੰਜਾਬ ਦੇ ਵਿਚ ਆਏ ਹਨ ਅਤੇ ਜਿਹੜੀ ਉਨ੍ਹਾਂ ਤਬਾਹੀ ਕੀਤੀ ਹੈ ਉਸ ਦੇ ਬਾਰੇ ਸਭ ਨੇ ਆਪਣੇ ੨ ਵਿਚਾਰ ਇਸ ਹਾਊਸ ਦੇ ਵਿਚ ਰਖੇ ਹਨ। ਚੀਫ਼ ਮਿਨਿਸਟਰ ਸਾਹਿਬ ਨੇ ਵੀ ਇਲਾਨ ਕੀਤਾ ਹੈ ਕਿ ਬਾੜ੍ਹ ਪੀੜਤਾਂ ਦੀ ਸਹਾਇਤਾ ਲਈ ਦਸ ਕਰੋੜ ਰੁਪਇਆ ਖਰਚ ਕੀਤਾ ਜਾਵੇਗਾ ਇਹ ਬੜੀ ਚੰਗੀ ਗੱਲ ਹੈ ਅਤੇ ਦਿਹਾਤਾਂ ਦੀ ਗਰੀਬ ਜੰਤਾ ਜਦੋਂ ਇਹ ਸੁਣੇਗੀ ਤੇ ਬਹੁਤ ਖੁਸ਼ ਹੋਵੇਗੀ ਕਿ ਸਾਡੀ ਸਰਕਾਰ ਸਾਡੇ ਲਈ ਇੰਤਜ਼ਾਮ ਕਰ ਰਹੀ ਹੈ।

ਸਪੀਕਰ ਸਾਹਿਬ ! ਮੇਰੇ ਜ਼ਿਲਾ ਹੁਸ਼ਿਆਰਪੁਰ ਦੇ ਇਰਦ ਗਿਰਦ ਦੋ ਦਰਿਆ ਸਤਲੁਜ ਅਤੇ ਬਿਆਸ ਵਗਦੇ ਹਨ। ਇਸ ਤੋਂ ਇਲਾਵਾ ਉਥੇ ਬੇਸ਼ੁਮਾਰ ਚੋਆਂ ਹਨ। ਮੈਂ ਤਾਂ ਕਹਾਂਗਾ ਕਿ ਉਹ ਚੋਆਂ ਦਾ ਜ਼ਿਲਾ ਹੈ। ਜਿਹੜੇ ਸੱਜਨ ਚੋਆਂ ਦੀ ਬਾਬਤ ਜਾਣਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਜਦੋਂ ਇਨ੍ਹਾਂ ਚੋਆਂ ਦੇ ਵਿਚ ਪਾਣੀ ਆ ਜਾਂਦਾ ਹੈ ਤਾਂ ਉਹ ਦਰਿਆਵਾਂ ਨਾਲੋਂ ਵੀ ਜ਼ਬਰਦਸਤ ਹੁੰਦਾ ਹੈ ਅਤੇ ਜ਼ਿਆਦਾ ਨੁਕਸਾਨ ਕਰਦਾ ਹੈ। ਇਹ ਚੋ ਰੇਤ ਹੜਾ ਕੇ ਲਿਆਉਂਦੇ ਹਨ ਅਤੇ ਜਿਹੜੀ ਜ਼ਮੀਨ ਚਾਹੀ ਹੁੰਦੀ ਹੈ-ਚੰਗੀਆਂ ਫਸਲਾਂ ਉਗਾਣ ਵਾਲੀ ਹੁੰਦੀ ਹੈ-ਉਸਦੇ ਉੱਤੇ ਦੋ ਦੋ, ਤਿੰਨ ਤਿੰਨ, ਫੁਟ ਰੇਤ ਪਾ ਦਿੰਦੇ ਹਨ। ਚੌਧਰੀ ਅਮਰ ਸਿੰਘ ਜੀ ਨੇ ਵੀ ਦਸਿਆ ਹੈ ਕਿ ਬਟਾਲਾ ਦੇਬਰੀਆ ਬਗੈਰਾ ਜਿਹੜੇ ਪਿੰਡ ਹਨ ਉਹ ਚੋਆਂ ਨੇ ਬਿਲਕੁਲ ਤਬਾਹ ਕਰ ਦਿਤੇ ਹਨ। ਉਨ੍ਹਾਂ ਪਿੰਡਾਂ ਨੂੰ ਹੁਣ ਜਾ ਕੇ ਵੇਖੋ ਤਾਂ ਇਸ ਤਰ੍ਹਾਂ ਮਲੂਮ ਹੁੰਦਾ ਹੈ ਕਿ ਉਥੇ ਕਈਆਂ ਸਦੀਆਂ ਤੋਂ ਚੋ ਵਗ ਰਹੇ ਹਨ। ਮੈਂ ਆਪਣੇ ਮਿਨਿਸਟਰ ਸਾਹਿਬਾਨ ਦੀ ਤਵੱਜੋ ਉਨ੍ਹਾਂ ਪਿੰਡਾਂ ਵਲ ਦਿਵਾਉਣਾ ਚਾਹੁੰਦਾ ਹਾਂ। ਫੇਰ, ਸਪੀਕਰ ਸਾਹਿਬ, ਦੂਜਿਆਂ ਪਿੰਡਾਂ ਦੇ ਵਿਚ ਹੜ੍ਹਾਂ ਨੇ ਫਸਲਾਂ ਤਬਾਹ ਕਰ ਦਿਤੀਆਂ ਹਨ ਅਤੇ ਲੋਕਾਂ ਦੇ ਪਾਸ ਖਾਣ ਨੂੰ ਕੁਝ ਵੀ ਨਹੀਂ। ਇਸ ਲਈ, ਮੈਂ ਅਰਜ਼ ਕਰਦਾ ਹਾਂ ਕਿ ਜ਼ਮੀਨ ਦਾ ਮਸਲਾ ਸਾਫ਼ ਹੋਣਾ ਚਾਹੀਦਾ ਹੈ। ਉਹ ਇਸ ਤਰ੍ਹਾਂ ਸਾਫ਼ ਹੋਵੇ ਕਿ Government ਵਲੋਂ ਲੋਕਲ ਅਫ਼ਸਰਾਂ ਅਤੇ M. L. As. ਦੀ ਕਮੇਟੀ ਬਣਾਈ ਜਾਵੇ ਜਿਹੜੀ ਕਿ ਖੁਦ ਜਾ ਕੇ ਮੌਕਾ ਦੇਖੇ ਅਤੇ ਨੁਕਸਾਨ ਦਾ ਜਾਇਜ਼ਾ ਲਵੇ। ਜਿਹੜੇ ਲੋਕੀਂ ਇਮਦਾਦ ਦੇ ਮੁਸਤਹਿਕ ਹਨ ਉਨ੍ਹਾਂ ਨੂੰ ਇਮਦਾਦ ਦਿਤੀ ਜਾਵੇ। ਇਸ ਦੇ ਨਾਲ ਕਾਫ਼ੀ ਫਾਇਦਾ ਪਹੁੰਚ ਸਕਦਾ ਹੈ।

ਦੂਸਰੀ ਅਰਜ਼ ਮੈਂ ਸਪੀਕਰ ਸਾਹਿਬ, ਹਰੀਜਨਾਂ ਬਾਰੇ ਕਰਨਾ ਚਾਹੁੰਦਾ ਹਾਂ। ਹਰੀਜਨਾਂ ਬਾਰੇ ਇਕ ਕਹਾਵਤ ਹੈ ਕਿ :

'ਮਾੜੀ ਧਾੜ ਚਮਾਰੜੀ'

ਇਹ ਬਿਲਕੁਲ ਠੀਕ ਹੈ। ਇਹ ਜਿਹੜੀ ਮੁਸੀਬਤ ਸਾਡੇ ਉਤੇ ਪਈ ਹੈ ਇਹ ਕੁਦਰਤ ਵਲੋਂ ਹੀ ਪਈ ਹੈ। ਅਤੇ ਜਿਹੜੇ ਹਰੀਜਨ ਪਹਿਲਾਂ ਤੋਂ ਹੀ refugees ਹਨ ਉਹ ਹੁਣ ਹੋਰ ਗਰੀਬ ਹੋ ਗਏ ਹਨ। ਉਨ੍ਹਾਂ ਵਿਚਾਰਿਆਂ ਦੇ ਮਕਾਨ ਗਿਰ ਗਏ ਹਨ ਅਤੇ ਉਹ ਬਾਹਰ ਬੈਠੇ ਹੋਏ ਹਨ। ਇਹ

[ਭਗਤ ਗੁਰਾਂ ਦਾਸ ਹੰਸ]

ਜਿਹੜੀ ਕਲ ਦੀ ਬਾਰਿਸ਼ ਹੋ ਰਹੀ ਹੈ ਇਸ ਦੇ ਨਾਲ ਉਨ੍ਹਾਂ ਨਾਲ ਹੋਰ ਕਹਿਰ ਵਰਤੂਗਾ। ਜਿਹੜੇ ਡੰਗਰ ਪਸ਼ੂ ਬਾਹਰ ਪਏ ਹਨ ਉਹ ਹੋਰ ਮਰ ਜਾਣਗੇ। ਇਥੇ ਚੀਫ਼ ਮਿਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਸੌ ੨ ਅਤੇ ਡੇੜ ੨ ਸੌ ਰੁਪਇਆ ਮਕਾਨ ਬਨਾਣ ਲਈ ਮਿਲੇਗਾ। ਪਰ ਮੈਂ ਤਾਂ ਕਹਾਂਗਾ ਕਿ ਇਸਦੀ ਬਜਾਏ ਹਰੀਜਨਾਂ ਲਈ ਸਰਕਾਰ ਵਲੋਂ ਬਸਤੀਆਂ ਬਣਾ ਦਿਤੀਆਂ ਜਾਣ ਕਿਉਂਕਿ ਜਿਹੜੇ ਹਰੀਜਨ ਸਦੀਆਂ ਤੋਂ refugees ਹਨ ਉਹ..........

ਸਰਦਾਰ ਸਰੂਪ ਸਿੰਘ : ਕੀ ਇਥੇ ਹਰੀਜਨਾਂ ਉਤੇ ਲੈਕਚਰ ਹੋ ਰਿਹਾ ਹੈ ? ਕੋਈ relevant ਗੱਲ ਕਰੋ।

अध्यक्ष महोदय : Order, order. भगत जी आप का time हो गया है ।

(Order, order Hon. Member's time is now over.)

ਭਗਤ ਗੁਰਾਂ ਦਾਸ ਹੰਸ : ਸਪੀਕਰ ਸਾਹਿਬ ! ਮੈਂ ਸਿਰਫ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਮਕਾਨ ਪਹਿਲਾਂ ਹੀ ਸੌ, ਸੌ ਅਤੇ ਦੋ, ਦੋ ਸੌ ਰੁਪੈ ਦੀ ਮਾਲੀਅਤ ਦੇ ਸਨ। ਪਰ ਉਹ ਵੀ ਖਤਮ ਹੋ ਗਏ ਹਨ। ਇਸ ਲਈ, ਜੇ ਕਰ ਹੋਰ ਕੁਝ ਨਹੀਂ ਹੋ ਸਕਦਾ ਤੇ ਉਨ੍ਹਾਂ ਲਈ ਘਟ ਤੋਂ ਘਟ ਕਚੇ ਕਵਾਟਰ ਹੀ ਬਣਾ ਦਿਤੇ ਜਾਣ ਅਤੇ ਉਨ੍ਹਾਂ ਦੀ ਜ਼ਿੰਦਗੀ ਬਚਾਈ ਜਾਵੇ।

श्री राम स्वरूप [भुटाना] : स्पीकर साहिब ! यह इनसाफ की बात नहीं है कि जिन का कोई नुकसान नहीं हुआ है उन को तो टाईम मिल गया है मगर जिन का बहुत नुकसान हुआ है उन को बोलने के लिए कोई टाईम नहीं मिला । हमें भी जरूर टाईम मिलना चाहिए .....

(*interuptions*)

Mr. Speaker: order, order.

मुझे बहुत अफसोस है कि बहुत से मैम्बर साहिबान को वक्त नहीं मिल सका है । मगर क्या किया जाए ? Time बहुत थोड़ा है । और आपने जो कुछ यहां फरमाया है उस का जवाब भी मिनिस्टर साहिब ने आप को देना है । अब साढ़े सात बज गये हैं । इस लिये Development Minister साहिब आध घंटा यानी आठ बजे तक debate का जवाब देंगे ।

(I am sorry that quite a number of hon. Members could not get an opportunity to speak. But I am helpless in this matter as the time is very limited and the Minister has also to reply to whatever you have said here in this House. Now it is 7-30 P. M., from now up to 8 P. M. i. e. for half an hour the Minister for Development would make a reply to the debate.)

ਵਿਕਾਸ ਮੰਤਰੀ (ਸਰਦਾਰ ਪਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ ! ਮੈਨੂੰ ਬੋਲਣ ਲਈ ਅੱਧਾ ਘੰਟਾ ਮਿਲਿਆ ਹੈ। ਮੇਰੀ ਚਾਹ ਤੇ ਕੁਝ ਜ਼ਿਆਦਾ time ਲੈਣ ਦੀ ਸੀ ਪਰ ਸਮਾਂ ਥੋੜਾ ਹੋਣ ਕਰਕੇ ਇਹ ਨਹੀਂ ਹੋ ਸਕਿਆ।ਮੈਂ ਸਮਝਦਾ ਹਾਂ ਕਿ ਸਾਡੀ ਪਾਰਟੀ ਦੇ ਮੈਂਬਰਾਂ ਨੂੰ ਸਾਡੇ ਨਾਲ ਖਿਜ ਨਹੀਂ ਕਰਨੀ ਚਾਹੀਦੀ ਕਿਉਂਕਿ ਸਾਰੇ ਆਦਮੀ ਹਰ ਮਸਲੇ ਦੇ ਉੱਤੇ ਨਹੀਂ ਬੋਲ ਸਕਦੇ। ਜੇਕਰ ਸਾਰੇ ਹੀ ਬੋਲਣ ਤਾਂ ਮੇਰਾ ਖਿਆਲ ਹੈ ਕਿ ਇਹ discussion ਦਸਾਂ ਦਿਨਾਂ ਵਿਚ ਵੀ ਖਤਮ ਨਹੀਂ ਹੋ ਸਕਦੀ। ਇਸ ਲਈ ਇਹ ਨਾਵਾਜਬ ਚੀਜ਼ ਹੈ। (ਵਿਘਨ)। ਸਪੀਕਰ ਸਾਹਿਬ ! ਮੈਂ ਇਸ ਬਾਰੇ 'ਚ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਬੜਾ ਅਫ਼ਸੋਸ ਹੈ ਕਿ ਸਭ ਨੂੰ ਬੋਲਣ ਦਾ ਮੌਕਾ ਨਹੀਂ ਮਿਲ ਸਕਿਆ।

ਮੇਰੀ ਭੀ ਇਹ ਚਾਹ ਸੀ ਕਿ ਮੈਂ ਆਪਣਾ ਸਮਾਂ ਛੱਡ ਦੇਵਾਂ ਤਾਂ ਜੋ ਹੋਰ ਭਰਾ ਬੋਲ ਲੈਣ । ਪਰ, ਸਪੀਕਰ ਸਾਹਿਬ, ਉਸਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਉਨ੍ਹਾਂ ਨੂੰ ਸਾਰੀਆਂ ਗੱਲਾਂ ਦਾ ਜਵਾਬ ਨਹੀਂ ਮਿਲ ਸਕੇਗਾ ।

ਖੈਰ, ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਿਹੜੀ ਤਬਾਹੀ ਪੰਜਾਬ ਦੇ ਵਿਚ ਹੋਈ ਹੈ ਉਸ ਤਰ੍ਹਾਂ ਦੀ ਪਹਿਲਾਂ ਅੱਜ ਤਕ ਕਦੇ ਵੀ ਨਹੀਂ ਹੋਈ । ਪੰਜਾਬ ਦੇ ਉਤੇ ਇਹ ਕੁਦਰਤ ਦੀ ਸ਼ਕਤੀਆਂ ਦਾ ਕਹਿਰ ਸੀ । ਪਰ ਮੈਂ ਆਸ ਕਰਦਾ ਹਾਂ ਕਿ ਇਨ੍ਹਾਂ ਸਾਰਿਆਂ ਭਰਾਵਾਂ ਦੀ ਹਿੰਮਤ ਦੇ ਨਾਲ, ਸਰਕਾਰ ਦੀ ਫ਼ਰਾਖਦਿਲੀ ਦੇ ਨਾਲ, ਕਿਸਾਨਾਂ ਦੇ ਬੜੇ ਦਿਲ ਅਤੇ ਜਿਗਰੇ ਦੇ ਨਾਲ ਅਤੇ ਪਰਮਾਤਮਾ ਦੀ ਮਿਹਰ ਦੇ ਨਾਲ ਸ਼ਾਇਦ ਅਸੀਂ ਇਸ ਕਹਿਰ ਨੂੰ ਮੁਕਾ ਸਕੀਏ ਅਤੇ ਫੇਰ ਪੰਜਾਬ ਨੂੰ ਜਵਾ ਸਕੀਏ ।

ਸਪੀਕਰ ਸਾਹਿਬ ! ਇਸ ਵਕਤ ਜੇਕਰ ਵੇਖਿਆ ਜਾਵੇ ਤਾਂ ਤਕਰੀਬਨ ੨ 70 ਲੱਖ ਏਕੜ ਜ਼ਮੀਨ ਤਬਾਹ ਹੋ ਗਈ ਹੈ ਅਤੇ ਬੁਰੀ ਤਰ੍ਹਾਂ ਦੇ ਨਾਲ ਤਬਾਹ ਹੋ ਗਈ ਹੈ । ਕਹਿਣ ਨੂੰ ਤਾਂ ਇਹ 70 ਲੱਖ ਏਕੜ ਹੈ ਪਰ ਮੈਂ ਸਮਝਦਾ ਹਾਂ ਅੱਧਾ ਪੰਜਾਬ ਇਕ ਦਫ਼ਾ ਫੇਰ ਵੀਰਾਨ ਹੋ ਗਿਆ ਹੈ । 1947 ਦੇ ਸਾਲ ਦੇ ਵਿਚ ਵੀ ਉੱਧਰ ਤੋਂ ਆਉਣ ਵਾਲੇ ਭਰਾਵਾਂ ਦੀ ਕਾਫ਼ੀ ਬਰਬਾਦੀ ਹੋਈ ਸੀ । ਪਰ, ਸਪੀਕਰ ਸਾਹਿਬ, ਜਿਹੜੀ ਬਰਬਾਦੀ ਹੁਣ ਹੋਈ ਹੈ ਉਹ ਸਾਰੀਆਂ ਬਰਬਾਦੀਆਂ ਨੂੰ ਮਾਤ ਕਰ ਗਈ ਹੈ । ਇਸ ਪੰਜਾਬ ਦੇ ਵਿਚ ਵੱਸਣ ਵਾਲੇ ਸਾਡੇ ਭਰਾ ਕੁਝ ਹੜ੍ਹਾਂ ਦੇ ਵਿਚ ਰੁੜ੍ਹ ਗਏ ਹਨ ਅਤੇ ਕੁਝ ਕੋਠਿਆਂ ਦੇ ਥੱਲੇ ਆ ਗਏ ਹਨ । ਪੰਜਾਬ ਸਰਕਾਰ ਨੂੰ ਉਨ੍ਹਾਂ ਸਾਰਿਆਂ ਦੇ ਪਰਿਵਾਰਾਂ ਦੇ ਨਾਲ ਹਮਦਰਦੀ ਹੈ । ਅਤੇ ਇਸ ਮੁਸੀਬਤ ਦੇ ਸਮੇਂ ਵਿਚ ਅਸਾਡਾ ਦਿਲ ਚਾਹੁੰਦਾ ਹੈ ਕਿ ਅਸੀਂ ਉਨ੍ਹਾਂ ਦੇ ਦੁਖਾਂ ਦੇ ਵਿਚ ਆਪਣਾ ਭੀ ਹਿੱਸਾ ਵੰਡਾਈਏ । ਪਸ਼ੂ ਵੀ ਹੜ੍ਹ ਆਉਣ ਨਾਲ ਕਾਫ਼ੀ ਰੁੜ੍ਹੇ ਹਨ ਤੇ ਬਹੁਤ ਸਾਰੇ ਕੋਠੇ ਡਿਗ ਜਾਣ ਨਾਲ ਹੇਠਾਂ ਆ ਕੇ ਮਰ ਗਏ ਹਨ । ਪੰਜਾਬ ਸਰਕਾਰ ਇਸ ਸਾਰੇ ਨੁਕਸਾਨ ਨੂੰ ਦਿਲ ਨਾਲ ਮਹਿਸੂਸ ਕਰਦੀ ਹੈ ਤੇ ਦੁਖੀ ਜਨਤਾ ਦੀ ਬਿਪਤਾ ਨੂੰ ਦੂਰ ਕਰਨ ਦੇ ਜਤਨ ਕਰ ਰਹੀ ਹੈ । ਜੇ ਕੋਈ ਸਮਝੇ ਕਿ ਅਸੀਂ ਪੀੜਤ ਲੋਕਾਂ ਦੀ ਬਿਪਤਾ ਨੂੰ ਇਸ ਥੋੜ੍ਹੇ ਜਿਹੇ ਰੁਪਏ ਨਾਲ ਦੂਰ ਕਰ ਦਿਆਂਗੇ ਤਾਂ ਇਹ ਠੀਕ ਨਹੀਂ । ਪੰਜਾਬ ਸਰਕਾਰ ਆਪਣੀ ਤਰਫੋਂ ਇਨ੍ਹਾਂ ਨੂੰ ਸਹਾਇਤਾ ਦੇਣ ਵਿਚ ਕੋਈ ਕਸਰ ਨਹੀਂ ਛੱਡ ਰਹੀ । ਸਰਕਾਰ ਜਿਸ ਤਰ੍ਹਾਂ 100 ਰੁਪਿਆ ਦੇਣ ਦਾ ਵਿਚਾਰ ਕਰ ਰਹੀ ਹੈ ਉਸ ਨਾਲ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਸਾਰੀਆਂ problems ਤੇ ਹੱਲ ਨਹੀਂ ਹੋ ਸਕਦੀਆਂ ਪਰ ਮੈਂ ਦਾਵ੍ਹੇ ਨਾਲ ਕਹਿ ਸਕਦਾ ਹਾਂ ਕਿ 100 ਰੁਪਏ ਨਾਲ ਇਕ ਕੱਚਾ ਕੋਠਾ ਖੁਲ੍ਹਾ-ਡੁਲ੍ਹਾ ਬਣ ਸਕਦਾ ਹੈ । ਮੈਂ ਭੁਲਿਆ ਹੋਇਆ ਨਹੀਂ ਕਿ ਇਕ ਕੱਚਾ ਕੋਠਾ ਬਨਾਉਣ ਲਈ ਕਿੰਨੀਆਂ ਕੁ ਇੱਟਾਂ ਲਗ ਜਾਂਦੀਆਂ ਨੇ । ਇਨ੍ਹਾਂ ਸਾਰੀਆਂ ਗੱਲਾਂ ਦਾ ਅੰਦਾਜ਼ਾ ਲਾ ਕੇ ਅਸੀਂ ਉਸ ਆਦਮੀ ਨੂੰ ਜਿਸ ਦਾ ਇਕ ਕੱਚਾ ਕੋਠਾ ਵੀ ਨਾ ਰਹਿ ਗਿਆ ਹੋਵੇ 100 ਰੁਪਏ ਦੇਣ ਦਾ ਇਰਾਦਾ ਰਖਦੇ ਹਾਂ । ਜੇ ਕਿਸੇ ਆਦਮੀ ਕੋਲ ਇਕ ਕੱਚਾ ਕੋਠਾ ਹੈ ਤੇ ਉਹ ਇਹ ਖਾਹਿਸ਼ ਕਰੇ ਕਿ ਉਹਦੀਆਂ ਇਕ ਕੋਠੇ ਨਾਲ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤੇ ਉਸ ਨੂੰ ਵੀ ਸਰਕਾਰ ਹੋਰ ਕੋਠਾ ਬਨਾਉਣ ਲਈ ਮਾਲੀ ਸਹਾਇਤਾ ਦਏ ਤਾਂ ਅਸੀਂ ਇਸ ਵਿਚ ਮਜਬੂਰ ਹਾਂ ਕਿਉਂਕਿ ਅਸਾਂ ਇਸ ਵੇਲੇ ਜ਼ਿਆਦਾ ਲੋੜਵੰਦਾਂ ਵਲ ਖਿਆਲ ਰਖਣਾ ਹੈ । ਜੇ ਕੋਈ ਇਹ ਸਮਝੇ ਕਿ ਸਰਕਾਰ 7 ਲੱਖ ਮਕਾਨ ਜਿਹੜੇ ਮੀਂਹ ਨਾਲ ਡਿਗ ਪਏ ਹਨ ਉਨ੍ਹਾਂ ਨੂੰ ਮੁੜ ਕੇ ਬਨਾਉਣ ਦਾ ਜਤਨ ਕਰੇ ਤਾਂ ਇਹ ਗੱਲ ਸਰਕਾਰ ਲਈ ਬੜੀ ਮੁਸ਼ਕਲ ਹੈ । ਅਸੀਂ ਤਾਂ ਉਨ੍ਹਾਂ ਨੂੰ ਮਾਲੀ ਸਹਾਇਤਾ ਦੇਣੀ ਹੈ ਜਿਨ੍ਹਾਂ ਦਾ ਇਕ ਵੀ ਕੋਠਾ ਨਹੀਂ ਬਚਿਆ । ਤੇ ਜਿਨ੍ਹਾਂ ਦਾ ਇਕ ਬਚ ਗਿਆ ਹੈ ਉਨ੍ਹਾਂ ਨੂੰ ਤਕਾਵੀ ਕਰਜ਼ੇ ਦਿਆਂਗੇ ਤੇ ਉਹ ਇਸ ਕਰਜ਼ੇ ਦੀ ਮਦਦ ਨਾਲ ਦੂਜੇ ਕੋਠੇ ਬਣਾ ਸਕਦੇ ਹਨ । ਜੇ ਮੇਰੇ ਸਾਥੀ ਇਹ ਚਾਹੁੰਣ ਕਿ ਬਾਕਾਇਦਾ plan ਕਰਕੇ ਚੰਗੀਆਂ ਥਾਵਾਂ ਬਨਾਈਆਂ ਜਾਣ ਜਿਥੇ ਵੱਡੀਆਂ ਵੱਡੀਆਂ ਸੜਕਾਂ ਵੀ ਹੋਣ ਤਾਂ ਮੈਂ ਕਹਾਂਗਾ ਕਿ ਇਹੋ ਜਿਹੀਆਂ ਥਾਵਾਂ ਬਨਾਉਣੀਆਂ ਯਕਲਖਤ ਬੜੀਆਂ ਮੁਸ਼ਕਲ ਹਨ ਖਾਸ ਕਰ ਜਦੋਂ ਕਿ ਸਰਦੀ ਭੱਜੀ ਆ ਰਹੀ ਹੈ ਤੇ ਪੀੜਤ ਲੋਕਾਂ ਨੂੰ ਸਿਰ ਲੁਕਾਉਣ ਲਈ ਇਕ ਕੋਠੇ

[ਵਿਕਾਸ ਮੰਤਰੀ]

ਦੀ ਬੜੀ ਲੋੜ ਹੈ । ਮੈਂ ਮਾਨਯੋਗ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਦਿਲ ਤੇ ਚਾਹੁੰਦਾ ਹੈ ਕਿ ਜਿਨ੍ਹਾਂ ਲੋਕਾਂ ਦੇ ਮਕਾਨ ਇਨ੍ਹਾਂ ਹੜ੍ਹਾਂ ਦੇ ਕਾਰਨ ਡਿਗ ਪਏ ਹਨ ਉਨ੍ਹਾਂ ਨੂੰ ਚਗੇ ਮਕਾਨ ਬਣਾ ਕ ਦੇ ਜਾਈਏ । ਪਰ ਜਿਸ ਤਰ੍ਹਾਂ ਮੇਰੇ ਮਾਨਯੋਗ ਮਿਤਰਾਂ ਨੇ ਇਸ ਹੜ੍ਹ ਦਾ ਖਾਕਾ ਸਾਡੇ ਸਾਹਮਣੇ ਪੇਸ਼ ਕੀਤਾ ਹੈ ਤੇ ਸਰਕਾਰ ਨੂੰ ਛੇਤੀ ਤੋਂ ਛੇਤੀ ਬੰਦੋਬਸਤ ਕਰਨ ਲਈ ਕਿਹਾ ਹੈ ਇਸ ਲਈ ਅਸੀਂ ਉਹ ਚੰਗੇ ਮਕਾਨ ਜਿਨ੍ਹਾਂ ਦੇ ਬਨਾਉਣ ਦੀ ਸਾਡੀ ਖਾਹਿਸ਼ ਹੈ ਉਹ ਨਹੀਂ ਬਣਾ ਸਕਨ ਲਗੇ । ਫਿਰ ਵੀ ਅਸੀਂ ਜਤਨ ਕਰਾਂਗੇ ਕਿ ਲੋਕ ਪੈਸੇ ਦੀ ਵਰਤੋਂ ਕਰਕੇ ਸਰਦੀ ਤੋਂ ਬਚਨ ਲਈ ਤੇ ਬਾਰਿਸ਼ ਤੋਂ ਬਚਨ ਲਈ ਤੇ ਆਪਣਿਆਂ ਪਸ਼ੂਆਂ ਲਈ ਇਕ ਮਾੜਾ ਜਿਹਾ ਕੱਚਾ ਕੋਠਾ ਤਿਆਰ ਕਰ ਲੈਣ । ਜਦੋਂ ਮੈਂ ਕੋਠਾ ਕਹਿੰਦਾ ਹਾਂ ਤਾਂ ਉਸਦਾ ਇਹ ਹੀ ਮਤਲਬ ਹੈ ਕਿ ਜਿਹਦੇ ਵਿਚ ਪਸ਼ੂਆਂ ਲਈ ਵੀ ਇੰਤਜ਼ਾਮ ਹੋਵੇ । ਅਸਾਂ ਇਹ ਸਾਰਾ ਬੰਦੋਬਸਤ ਤੇ ਸਿਲਸਿਲਾ ਭਾਰਤ ਸਰਕਾਰ ਕੋਲੋਂ ਮਦਦ ਤੇ ਕਰਜ਼ਾ ਲੈ ਕੇ ਕਰਨਾ ਹੈ । ਮੈਨੂੰ ਪੂਰਾ ਵਿਸ਼ਵਾਸ ਹੈ ਕਿ ਪੰਜਾਬ ਫੇਰ ਆਪਣਿਆਂ ਪੈਰਾਂ ਤੇ ਉਠੇਗਾ ਤੇ ਛੇਤੀ ਨਾਲ ਉਠੇਗਾ । ਮੈਂ ਜਾਣਦਾ ਹਾਂ ਕਿ ਪੰਜਾਬੀ ਬਹਾਦਰ ਹਨ ਤੇ ਉਹ ਇਸ ਮੁਸੀਬਤ ਦਾ ਸਾਹਮਣਾ ਦਲੇਰੀ ਤੇ ਬਹਾਦਰੀ ਨਾਲ ਕਰਨਗੇ । ਅਸਾਂ 5 ਕਰੋੜ ਦੀ ਗਰਾਂਟ ਤੇ ਇਕ ਕਰੋੜ ਰੁਪਿਆ ਡਿਗੇ ਹੋਏ ਮਕਾਨਾਂ ਲਈ ਦੇਣਾ ਹੈ । ਇਹ ਰਕਮ ਕੋਈ ਥੋੜ੍ਹੀ ਜਿਹੀ ਨਹੀਂ । ਇਸ ਦੇ ਇਲਾਵਾ ਤਕਾਵੀ ਕਰਜ਼ੇ ਲੈਣ ਦੇ ਦਰਵਾਜ਼ੇ ਲੋਕਾਂ ਲਈ ਖੁਲ੍ਹੇ ਹਨ ।

ਮੇਰੇ ਇਕ ਮਾਨਯੋਗ ਮਿਤਰ ਨੇ suggestion ਪੇਸ਼ ਕੀਤੀ ਹੈ ਕਿ Co-operative Societies ਬਣਾ ਕੇ ਭੱਠੇ ਜਾਰੀ ਕਰਨ ਦਾ ਪ੍ਰਬੰਧ ਕੀਤਾ ਜਾਏ ਤਾਂ ਜੋ ਲੋਕਾਂ ਨੂੰ ਮਕਾਨ ਬਨਾਉਣ ਲਈ ਇੱਟਾਂ ਸਸਤੇ ਭਾ ਤੇ ਮਿਲ ਸਕਨ । ਜੇ ਇਹ ਮਹੀਨੇ ਚੇਤਰ ਵਿਸਾਖ ਦੇ ਹੁੰਦੇ ਤਾਂ ਇਸ ਤਜਵੀਜ਼ ਤੇ ਅਮਲ ਕੀਤਾ ਜਾ ਸਕਦਾ ਸੀ ਪਰ ਇਸ ਵੇਲੇ ਜਦੋਂ ਜ਼ਮੀਨ ਪਿਲ ਪਿਲ ਕਰ ਰਹੀ ਹੈ ਤੇ ਅੰਮ੍ਰਿਤਸਰ ਵਿਚ ਰੇਲ ਦੇ ਜ਼ਰੀਏ ਮਾਲ ਲੈ ਜਾਣ ਦਾ ਸਿਲਸਿਲਾ ਇਕ ਮਹੀਨਾ ਨਹੀਂ ਖੁਲ੍ਹ ਸਕਿਆ ਇਹੋ ਜਿਹਾ ਪ੍ਰਬੰਧ ਕਰਨਾ ਕਠਿਨ ਹੈ । ਅੰਮ੍ਰਿਤਸਰ ਜ਼ਿਲੇ ਵਿਚ 36 ਘੰਟੇ ਬਾਰਿਸ਼ ਹੋਈ । ਸ਼ਹਿਰ ਵਿਚ ਪੈਮਾਨਾ ਲਾ ਕੇ ਵੇਖਿਆ ਤੇ 36 ਘੰਟਿਆਂ ਵਿਚ 14 ਇੰਚ ਬਾਰਿਸ਼ ਹੋਈ । ਅੰਮ੍ਰਿਤਸਰ ਦੇ ਮੁਕਾਬਲੇ ਵਿਚ ਦੂਜਿਆਂ ਸ਼ਹਿਰਾਂ ਵਿਚ ਇਸ ਤੋਂ ਜ਼ਿਆਦਾ ਬਾਰਿਸ਼ ਹੋਈ । ਜਾਲੰਧਰ ਵਿਚ 21 ਇੰਚ ਬਾਰਿਸ਼ record ਕੀਤੀ ਗਈ, ਲੁਧਿਆਨੇ ਵਿਚ 23 ਇੰਚ ਤੇ ਗੁਰਦਾਸਪੁਰ ਵਿਚ 30 ਇੰਚ ਬਾਰਿਸ਼ ਹੋਈ । ਇਸ ਦੇ ਇਲਾਵਾ ਪਹਾੜਾਂ ਤੇ ਜਿਹੜਾ ਮੀਂਹ ਵਸਿਆ ਉਹ ਵਖਰਾ । ਧਰਤੀ ਪਹਿਲਾਂ ਹੀ ਰੱਜ ਕੇ ਪਾਣੀ ਲੈ ਚੁਕੀ ਸੀ ਤੇ ਇਸ ਬਾਰਿਸ਼ ਦੇ ਪਾਣੀ ਨਾਲ ਇਕ ਕਹਿਰ ਨਾਜ਼ਲ ਹੋਇਆ ਹੈ । ਮੈਨੂੰ ਖਬਰ ਮਿਲੀ ਹੈ-ਪਰ ਇਹ ਖਬਰ ਪੱਕੀ ਨਹੀਂ-ਕਿ ਦਰਿਆ ਬਦੋਬਦੀ Upper Bari Doab ਨਹਿਰ ਵਿਚ ਪੈ ਗਿਆ ਜਿਹਦੇ ਨਾਲ headworks ਨੂੰ ਵੀ ਨੁਕਸਾਨ ਪਹੁੰਚਿਆ ਹੈ । ਮੇਰੇ ਇਕ ਦੋਸਤ ਨੇ ਕਿਹਾ ਹੈ ਕਿ Upper Bari Doab ਤੋਂ ਖੇਤੀ ਬੀਜਣ ਵਾਲਿਆਂ ਨੂੰ ਸ਼ਾਇਦ ਪਾਣੀ ਨਾ ਮਿਲ ਸਕੇ । ਮੈਂ ਸਮਝਦਾ ਹਾਂ ਕਿ ਇਹ ਕੇਵਲ ਸ਼ੇਖ-ਚਿੱਲੀ ਵਾਲੀ ਗੱਲ ਹੈ । ਇਸ ਵੇਲੇ ਤੇ ਮੈਨੂੰ ਇਹ ਮਾਲੂਮ ਹੁੰਦਾ ਹੈ ਕਿ ਸ਼ਾਇਦ ਉਹ ਹਾੜੀ ਦੀ ਫਸਲ ਬੀਜ ਸਕਨ ਜਾਂ ਨਾ । ਧਰਤੀ ਵਿਚ ਬੜੀ ਸਿਮ ਆ ਗਈ ਹੈ ਤੇ ਉਹ ਪਾਣੀ ਨਾਲ ਪਿਲ ਪਿਲ ਕਰ ਰਹੀ ਹੈ । ਇਸ ਲਈ, ਇਸ ਸਮੇਂ ਹੋਰ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਅਸਾਂ ਦੋ ਦਿਨ 8 ਤੇ 9 ਤਾਰੀਖ ਹਵਾਈ ਜਹਾਜ਼ ਤੇ ਉਡਾਨ ਕਰਕੇ ਨੁਕਸਾਨ ਦਾ ਜਾਇਜ਼ਾ ਲਿਆ । ਅੰਮ੍ਰਿਤਸਰ ਤੇ ਤਰਨਤਾਰਨ ਚਾਰੇ ਪਾਸਿਉਂ ਪਾਣੀ ਨਾਲ ਘਿਰੇ ਹੋਏ ਸਨ । ਅੰਮ੍ਰਿਤਸਰ ਹਾਲ ਬਾਜ਼ਾਰ ਵਿਚ ਚਾਰ ਚਾਰ ਫੁਟ ਪਾਣੀ ਸੀ ਤੇ ਇਸ ਤਰ੍ਹਾਂ ਮਾਲੂਮ ਹੁੰਦਾ ਸੀ ਕਿ ਜਿਵੇਂ ਨੂਹ ਦਾ ਤੂਫਾਨ ਆਇਆ ਹੈ । ਮਨੁਖ ਦੀ ਯਾਦ ਵਿਚ ਇਹੋ ਜਿਹੇ ਹੜ੍ਹ ਨਹੀਂ ਆਏ ਜਿਹਦੇ ਨਾਲ ਇਹੋ ਜਿਹੀ ਬਰਬਾਦੀ ਹੋਈ ਹੋਵੇ ।

ਫਿਰ ਮੇਰੇ ਮਾਨਯੋਗ ਮਿੱਤਰਾਂ ਨੇ ਕਿਹਾ ਹੈ ਕਿ ਜਿਹੜੀ ਗਰਾਂਟ ਜਾਂ ਤਕਾਵੀ ਕਰਜ਼ੇ

ਗਵਰਨਮੈਂਟ ਦੇਣ ਦਾ ਇਰਾਦਾ ਰਖਦੀ ਹੈ ਉਹ ਰਕਮ ਪਟਵਾਰੀ ਖਾ ਜਾਣਗੇ। ਮੈਂ ਉਨ੍ਹਾਂ ਨੂੰ ਵਿਸ਼ਵਾਸ ਦੁਆਉਣਾ ਚਾਹੁੰਦਾ ਹਾਂ ਕਿ ਉਹ ਇਹੋ ਜਿਹਾ ਫਿਕਰ ਨ ਕਰਨ। ਸਾਡੇ ਅਫਸਰ ਖ਼ੁਦ ਪਿੰਡਾਂ ਵਿਚ ਜਾ ਕੇ ਇਹ ਤਕਾਵੀ ਕਰਜ਼ੇ ਵੰਡਣਗੇ।

ਜਿਹੜੇ ਅਫਸਰ ਨਹਿਰ ਦੇ ਮਹਿਕਮੇ ਦੇ ਹਨ ਜਾਂ ਤਸੀਲਦਾਰ ਗਿਰਦਾਵਰ ਅਤੇ ਐਸ. ਡੀ. ਓਜ਼ ਜਾਂ ਜੋ ਅਫਸਰ ਮੁਰੱਬੇਬੰਦੀ ਦੇ ਕੰਮ ਤੇ ਲਗੇ ਹੋਏ ਹਨ ਉਨ੍ਹਾਂ ਨੂੰ ਉਸ ਕੰਮ ਤੋਂ ਹਟਾ ਕੇ ਤਕਾਵੀਆਂ ਵੰਡਣ ਦੇ ਕੰਮ ਤੇ ਲਾਇਆ ਜਾਵੇਗਾ। ਅਸੀਂ ਹਰਿਕ ਅਫਸਰ ਨੂੰ ਤੀਹ ਤੀਹ ਜਾਂ ਚਾਲੀ ਚਾਲੀ ਪਿੰਡ ਦੇ ਕੇ ਤਕਾਵੀਆਂ ਵੰਡਾਂਗੇ ਅਤੇ ਇਹ ਵੀ ਖਿਆਲ ਰਖਾਂਗੇ ਕਿ ਕਿਸੇ ਇਕੱਲੇ ਅਫਸਰ ਨੂੰ ਇਸ ਕੰਮ ਤੇ ਨਾ ਲਾਇਆ ਜਾਵੇ। ਅਸੀਂ ਪੰਚਾਇਤ ਨੂੰ ਆਖਾਂਗੇ ਕਿ ਉਹ ਮਦਦ ਕਰੇ ਤੇ ਜਿਥੇ ਪੰਚਾਇਤ ਨਹੀਂ ਉਸ ਦੇ ਨਾਲ ਦੇ ਪਿੰਡਾਂ ਦੇ 3-4 ਪੰਚਾਂ ਨੂੰ ਕਹਾਂਗੇ ਕਿ ਉਹ ਵੀ ਤਕਾਵੀਆਂ ਵੰਡਣ ਸਮੇਂ ਮੌਜੂਦ ਹੋਣ। ਫਿਰ ਜੇਕਰ ਹੋਰ ਕੋਈ ਮੁਹਤਬਿਰ ਸੱਜਨ ਵੀ ਡਿਪਟੀ ਕਮਿਸ਼ਨਰ ਨਾਲ ਬਿਠਾਣਾ ਚਾਹੇ ਤਾਂ ਅਸਾਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਨ੍ਹਾਂ ਨੇ ਤਾਂ ਇਹ ਵੇਖਣਾ ਹੈ ਕਿ ਤਕਾਵੀ ਉਨ੍ਹਾਂ ਨੂੰ ਦਿਤੀ ਜਾਵੇ ਜਿਨ੍ਹਾਂ ਦੇ ਮਕਾਨਾਂ ਨੂੰ ਮੁਰੰਮਤ ਦੀ ਲੋੜ ਹੈ ਤਾਂ ਜੋ ਉਹ ਛੇਤੀ ਹੀ ਮਕਾਨਾਂ ਨੂੰ ਹੋਰ ਬਰਬਾਦੀ ਤੋਂ ਬਚਾ ਸਕਣ।

ਫਿਰ, ਅਸੀਂ ਇਹ ਵੀ ਚਾਹੁੰਦੇ ਹਾਂ ਕਿ ਮੁਰੰਮਤ ਦੇ ਕੰਮ ਲਈ evacuee property ਵਾਲੇ ਵੀ ਕੁਝ ਇਲਾਨ ਕਰਨ। ਇਸ ਤਰ੍ਹਾਂ ਸਰਕਾਰ ਦਾ ਭਾਰ ਕੁਝ ਹੌਲਾ ਹੋ ਜਾਵੇਗਾ। ਇਸ ਬਾਰੇ ਕਈ ਵੀਰਾਂ ਨੇ ਕਿਹਾ ਹੈ ਕਿ ਦਿਹਾਤਾਂ ਨਾਲ ਚੰਗਾ ਸਲੂਕ ਕੀਤਾ ਜਾ ਰਿਹਾ ਹੈ ਪਰ ਸ਼ਹਿਰਾਂ ਦੇ ਮਕਾਨਾਂ ਲਈ ਕੋਈ ਤਕਾਵੀ ਨਹੀਂ ਦਿਤੀ ਜਾ ਰਹੀ। ਇਸ ਸਬੰਧ ਵਿਚ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਦਿਹਾਤਾਂ ਅਤੇ ਸ਼ਹਿਰ ਵਿਚ ਕੋਈ ਫਰਕ ਨਹੀਂ ਰਖਿਆ ਗਿਆ। ਇਹ ਚੀਜ਼ ਜ਼ਰੂਰ ਹੈ ਕਿ ਕਸਟੋਡੀਅਨ ਦਾ ਫਰਜ਼ ਹੈ ਕਿ ਉਹ urban ਮਕਾਨਾਂ ਦੀ ਮੁਰੰਮਤ ਲਈ ਕੁਝ ਰੁਪਏ ਮਨਜ਼ੂਰ ਕਰੇ।

ਫਿਰ, ਪਿੰਡਾਂ ਦੇ ਮਾਮਲੇ ਬਾਰੇ ਕਿਹਾ ਗਿਆ ਹੈ ਕਿ ਮਾਮਲਾ ਮਾਫ ਕਰ ਦੇਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਹ ਪਤਾ ਨਹੀਂ ਕਿ ਕਿਸ ਨੂੰ ਮਾਫ ਕੀਤਾ ਜਾਵੇਗਾ ਤੇ ਕਿਸ ਨੂੰ ਨਹੀਂ। ਪਰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਮਾਮਲਾ ਅਤੇ ਆਬਿਆਨਾ ਦੇ ਮਾਫ ਕਰਨ ਦਾ ਫੈਸਲਾ ਹੈ, ਇਸ ਨੂੰ ਤਸੀਲਵਾਰ ਜਾਂ ਪਿੰਡ ਵਾਰ ਮਾਫ ਨਹੀਂ ਕੀਤਾ ਜਾਵੇਗਾ ਇਸ ਨੂੰ ਤਾਂ mass basis ਦੇ ਆਧਾਰ ਤੇ ਅਤੇ area ਦੇ ਹਿਸਾਬ ਨਾਲ ਮਾਫ ਕੀਤਾ ਜਾਵੇਗਾ। ਕਿਉਂ ਜੋ ਜੇ ਕਰ ਤਸੀਲਵਾਰ ਜਾਂ ਜ਼ਿਲੇਵਾਰ ਪਿੰਡਾਂ ਦਾ ਆਬਿਆਨਾ ਤੇ ਮਾਮਲਾ ਮਾਫ ਕੀਤਾ ਜਾਵੇ ਤਾਂ ਕਈ ਅਜਿਹੇ ਪਿੰਡ ਵੀ ਹਨ ਜਿਨ੍ਹਾਂ ਵਿਚ ਪਾਣੀ ਨਹੀਂ ਆਇਆ ਅਤੇ ਜੋ ਤਬਾਹੀ ਤੋਂ ਬਚ ਗਏ ਹਨ ਅਤੇ ਉਹ ਪਿੰਡ ਮੇਰੀ ਨਿਗਾਹ ਵਿਚ ਹਨ, ਇਸ ਲਈ ਮਾਮਲਾ ਪਿੰਡਾਂ ਵਿਚ ਜਾ ਕੇ ਪਿੰਡ ਵੇਖ ਕੇ ਅਤੇ ਇਹ ਵੇਖ ਕੇ ਕਿ ਪੈਲੀ ਨਹੀਂ ਅਤੇ ਇਲਾਕਾ ਨਹੀਂ ਬਚਿਆ ਤਾਂ ਮਾਲੀਆ ਮਾਫ ਕੀਤਾ ਜਾਵੇਗਾ। ਨਾਲ ਹੀ ਅਜਿਹਾ ਕਰਨ ਸਮੇਂ ਇਕ ਨਕਸ਼ੇ ਪਾਸ ਬੈਠ ਕੇ ਅਤੇ ਅਫਸਰਾਂ ਨਾਲ ਸਾਰੀ ਹਾਲਤ ਦਾ ਜਾਇਜ਼ਾ ਲੈਕੇ ਬਿਨਾਂ ਕਿਸੇ ਦੇਰ ਦੇ ਆਬਿਆਨਾ ਤੇ ਮਾਮਲਾ ਮਾਫ ਕੀਤਾ ਜਾਵੇਗਾ। ਆਬਿਆਨਾ ਮਾਫ ਕਰਨ ਦਾ ਪੁਰਾਣਾ ਤਰੀਕਾ ਨਹੀਂ ਵਰਤਿਆ ਜਾਵੇਗਾ। ਲੋਕਾਂ ਨੂੰ ਜੋ ਪੁਰਾਣੇ ਡਰ ਹਨ ਅਤੇ ਤਜਰਬੇ ਹਨ ਉਨ੍ਹਾਂ ਨੂੰ ਦਿਲ ਵਿਚੋਂ ਕੱਢ ਦੇਣਾ ਚਾਹੀਦਾ ਹੈ।

ਤੁਸੀਂ ਜਾਣਦੇ ਹੋ, ਸਪੀਕਰ ਸਾਹਿਬ, ਕਮਾਦ ਦਾ ਕਾਫੀ ਨੁਕਸਾਨ ਹੋਇਆ ਹੈ। ਤਿਲ ਦੀ ਫਸਲ ਦਾ ਨੁਕਸਾਨ ਹੋਇਆ ਹੈ। ਧਾਨ ਦੀ ਫਸਲ ਤਿੰਨ ਤਿੰਨ ਦਿਨ ਪਾਣੀ ਵਿਚ ਡੁਬੀ ਰਹੀ ਹੈ। ਗੰਨੇ ਦੀ ਝਾੜ ਘੱਟ ਹੋਵੇਗੀ। ਮੁਕੇਰੀਆਂ, ਟਾਂਡਾ ਆਦਿ ਇਲਾਕੇ ਮੈਂ ਵੇਖੇ ਹਨ ਉਥੇ ਧਾਨ ਦੀ ਫਸਲ ਦਾ ਕਾਫੀ ਨੁਕਸਾਨ ਹੋਇਆ ਹੈ ਅਤੇ ਜਿਥੇ ਕੁਝ ਬਚੀ ਹੈ ਉਹ ਉਥੇ ਹੀ ਜਿਥੇ ਅਜੇ ਸਿੱਟੇ ਨਹੀਂ ਸਨ ਨਿਕਲੇ। ਇਸ ਲਈ, ਤੁਸੀਂ ਪੁਰਾਣੇ ਤੌਖਲੇ ਦਿਲ ਵਿਚੋਂ ਕੱਢ ਦੇਵੋ ਮੈਂ ਆਪ ਬਰਬਾਦੀ ਅਤੇ ਤਬਾਹੀ ਵੇਖ ਕੇ

[ਵਿਕਾਸ ਮੰਤਰੀ]

ਆਇਆ ਹਾਂ। ਜਿਵੇਂ ਦੁਧ ਦਾ ਜਲਿਆ ਲੱਸੀ ਨੂੰ ਫੂਕਾਂ ਮਾਰਦਾ ਹੈ ਇਵੇਂ ਹੀ ਤੁਸੀਂ ਤੌਖਲੇ ਪਰਗਟ ਕਰਦੇ ਹੋ। ਤੁਸੀਂ ਸੱਪ ਦੇ ਡਰਾਏ ਰੱਸੀ ਤੋਂ ਵੀ ਡਰਦੇ ਹੋ ਪਰ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਜੋ ਆਬਿਆਨਾ ਮਾਫ ਕਰਨਾ ਹੈ ਉਹ ਲੋਕ-ਤੰਤਰ ਦੇ ਅਸੂਲਾਂ ਅਨੁਸਾਰ ਮਾਫ ਕਰਾਂਗਾ। ਕਿਸੇ ਅਫਸਰ ਦੀ ਮਰਜ਼ੀ ਅਨੁਸਾਰ ਮਾਫ ਨਹੀਂ ਕਰਾਂਗੇ। ਪੰਜਾਬ ਸਰਕਾਰ ਜਾਣਦੀ ਹੈ ਕਿ ਕਿਸ ਤਰੀਕੇ ਨਾਲ ਅਜਿਹੇ emergent ਹਾਲਾਤ ਤੇ ਕਾਬੂ ਪਾਉਣਾ ਹੈ।

ਫਿਰ, ਮੇਰੇ ਵੀਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਤਕਾਵੀਆਂ ਤੇ ਕਰਜ਼ਿਆਂ ਲਈ ਫਾਰਮ ਪਿੰਡਾਂ ਵਿਚ ਨਹੀਂ ਮਿਲਦੇ ਤੇ ਲੋਕਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਇਸ ਬਾਰੇ ਅਸੀਂ ਕੋਸ਼ਸ਼ ਕਰਾਂਗੇ ਕਿ ਲੋਕੀਂ ਫਾਰਮਾਂ ਟਾਇਪ ਕੀਤੀਆਂ ਹੋਈਆਂ ਦੇ ਦੇਣ। ਅਸੀਂ ਹਦਾਇਤ ਜਾਰੀ ਕਰ ਦੇਵਾਂਗੇ ਕਿ ਟਾਇਪ ਕੀਤੀਆਂ ਫਾਰਮਾਂ ਵੀ ਮਨਜ਼ੂਰ ਕੀਤੀਆਂ ਜਾਣ। ਅਸੀਂ ਹਰ ਪੱਖ ਤੇ ਜਾਗ ਰਹੇ ਹਾਂ ਅਤੇ ਗੁੰਮ ਸੁਮ ਨਹੀਂ ਬੈਠੇ ਹੋਏ ਅਤੇ ਨਾ ਹੀ ਅਸਾਡਾ ਇਰਾਦਾ ਹੈ ਕਿ ਫਲਾਣੇ ਪਿੰਡ ਵਿਚ ਕਰਜ਼ਾ ਦਿਤਾ ਜਾਵੇ ਤੇ ਫਲਾਣੇ ਵਿਚ ਨਹੀਂ। ਅਤੇ ਇਸ ਦੇ ਨਾਲ ਹੀ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਮੁਸੀਬਤ ਵਿਚ ਮਾਰੇ ਲੋਕ ਤਕਾਵੀਆਂ ਤੇ ਕਰਜ਼ੇ ਲੈਣ ਲਈ ਆਪ ਦਫਤਰਾਂ ਵਿਚ ਭੱਜੇ ਫਿਰਨ। ਅਸੀਂ ਆਪਣੀ ਵਲੋਂ ਅਫਸਰਾਂ ਨੂੰ ਪਿੰਡਾਂ ਵਿਚ ਭੇਜਾਂਗੇ ਤਾਂ ਜੋ ਉਹ ਲੋਕਾਂ ਦੇ ਘਰੋ ਘਰੀਂ ਜਾ ਕੇ ਫਾਰਮਾਂ ਹੱਥ ਵਿਚ ਲੈ ਕੇ ਉਨ੍ਹਾਂ ਪਾਸੋਂ ਭਰਵਾ ਲੈਣ ਤਾਂ ਜੋ ਛੇਤੀ ਤੋਂ ਛੇਤੀ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਢੱਠੇ ਹੋਏ ਮਕਾਨਾਂ ਵਿਚ ਜਾ ਕੇ ਕਰਜ਼ਾ ਦਿਤਾ ਜਾ ਸਕੇ।

ਫਿਰ, ਆਪ ਸੋਚ ਸਕਦੇ ਹੋ ਕਿ ਸਾਡੇ ਬਾਹਲੇ ਪਿੰਡਾਂ ਦੀ ਆਬਾਦੀ ਨੀਵੇਂ ਥਾਂ ਸੀ ਖਾਸ ਕਰਕੇ ਬੇਟ ਦੇ ਇਲਾਕੇ ਵਾਲੀ ਥਾਂ ਬਹੁਤ ਨੀਵੀਂ ਹੈ। ਇਸ ਲਈ ਸਰਕਾਰ ਸਮਝਦੀ ਹੈ ਕਿ ਪਿੰਡ ਦੀ ਆਬਾਦੀ ਨੂੰ ਉੱਚਿਆਂ ਕਰਨਾ ਵੀ ਜ਼ਰੂਰੀ ਹੈ। ਇਸ ਲਈ ਪੰਜਾਬ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਜੋ ਪਿੰਡ ਆਪਣੀ ਆਬਾਦੀ ਨੂੰ ਤਿੰਨ ਚਾਰ ਫੁਟ ਉੱਚਾ ਕਰਨਾ ਚਾਹੁਣ ਉਹ ਬੇਸ਼ੱਕ ਅਜਿਹਾ ਕਰਨ ਤਾਂ ਜੋ ਪਾਣੀ ਮਾਰ ਨਾ ਕਰ ਸਕੇ ਅਤੇ ਇਸ ਕੰਮ ਲਈ ਸਰਕਾਰ ਸਮੂਚੇ 750 ਰੁਪਏ ਫੀ ਪਿੰਡ ਦੇਵੇਗੀ।

ਸਪੀਕਰ ਸਾਹਿਬ, ਜਿਥੇ ਖੁਦਾਈ ਕਹਿਰ ਨੇ ਸਾਡੀ ਤਬਾਹੀ ਕੀਤੀ ਅਤੇ ਜਿਥੇ ਇਸ ਤਬਾਹੀ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ ਉਥੇ ਅਸਾਡੀ ਚੰਗਿਆਈ ਵੀ ਦੁਨੀਆਂ ਦੇ ਸਾਹਵੇਂ ਆ ਗਈ ਹੈ। ਅਸੀਂ ਇਸ ਚੰਗਿਆਈ ਤੇ ਮਾਣ ਕਰ ਸਕਦੇ ਹਾਂ ਕਿ ਕਿਵੇਂ ਅਸਾਡੀਆਂ ਭੈਣਾਂ ਤੇ ਭਰਾਵਾਂ ਨੇ ਮਦਦ ਕੀਤੀ ਅਤੇ ਲੋੜਵੰਦਾਂ ਤੇ ਦੁਖੀਆਂ ਦੀ ਸਹਾਇਤਾ ਕੀਤੀ। ਇਸ ਚੰਗਿਆਈ ਨੇ ਪੰਜਾਬ ਨੂੰ ਇਕ ਆਦਰ ਵਾਲੀ ਥਾਂ ਦੁਨੀਆਂ ਦੀਆਂ ਨਜ਼ਰਾਂ ਵਿਚ ਦਿਤੀ ਹੈ। ਪੰਜਾਬ ਸਰਕਾਰ ਦੇ ਅਫਸਰਾਂ ਨੇ ਅਤੇ ਫੌਜ ਨੇ ਜੋ ਮਦਦ ਕੀਤੀ ਮੈਂ ਉਸ ਦੀ ਵੀ ਸਲਾਹੁਣਾ ਕਰਦਾ ਹਾਂ। ਫੌਜ ਨੇ ਹਵਾਈ ਜਹਾਜ਼ਾਂ ਰਾਹੀਂ ਹੜ੍ਹ ਦੇ ਪੀੜਤਾਂ ਲਈ ਸੱਠ ਸੱਠ ਹਜ਼ਾਰ ਪਾਉਂਡ ਰੋਜ਼ਾਨਾ ਖੁਰਾਕ ਸੁਟੀ, ਫਿਰ, ਰੋਟੀਆਂ ਪਕਾ ਕੇ ਹਵਾਈ ਜਹਾਜ਼ਾਂ ਰਾਹੀਂ ਸੁਟੀਆਂ ਗਈਆਂ।

ਫਿਰ ਮੇਰੇ ਕਈ ਭਰਾ ਕਹਿੰਦੇ ਹਨ ਕਿ ਕਿਸੇ ਥਾਂ ਤੇ ਅਨਾਜ ਨਹੀਂ ਪਹੁੰਚਿਆ। ਮੈਨੂੰ ਹੈਰਾਨੀ ਹੁੰਦੀ ਹੈ ਉਨ੍ਹਾਂ ਦੀ ਇਹ ਗੱਲ ਸੁਣ ਕੇ। ਉਨ੍ਹਾਂ ਨੂੰ ਪਤਾ ਨਹੀਂ ਕਿ ਕਾਫ਼ੀ ਪਿੰਡਾਂ ਦੇ ਰਸਤੇ ਅਜੇ ਠੀਕ ਨਹੀਂ ਹੋਏ। ਰਸਤੇ ਪਾਣੀ ਨਾਲ ਭਰੇ ਪਏ ਹਨ। ਕਈ ਥਾਈਂ ਮੈਂ ਤਜਵੀਜ਼ ਕੀਤੀ ਕਿ ਘੋੜੀ ਨੂੰ ਵਰਤ ਲਿਆ ਜਾਵੇ ਪਰ ਰਾਹ ਐਨੇ ਕਠਨ ਹੋ ਗਏ ਹਨ ਕਿ ਘੋੜੀ ਵੀ ਉਨ੍ਹਾਂ ਰਾਹਾਂ ਤੇ ਨਹੀਂ ਤੋਰੀ ਜਾ ਸਕਦੀ। ਇਨ੍ਹਾਂ ਰਸਤਿਆਂ ਤੇ ਪੈਦਲ ਹੀ ਮੁਸ਼ਕਲ ਨਾਲ ਜਾਇਆ ਜਾ ਸਕਦਾ ਹੈ। ਅਜਿਹੀ ਹਾਲਤ ਵਿਚ ਮੈਂ ਵੇਖਿਆ ਕਿ ਕਿਵੇਂ ਫੌਜ ਦੀਆਂ ਕਿਸ਼ਤੀਆਂ ਨੂੰ ਵੇਖ ਦੁਖੀਆਂ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਸੀ ਤੇ ਮੈਂ ਵੇਖ ਕੇ ਹੈਰਾਨ ਹੋ ਗਿਆ ਲੋਕਾਂ ਦੇ ਹੌਸਲੇ। ਅਤੇ ਇਸ ਕੰਮ ਵਿਚ ਸਰਕਾਰੀ ਅਫਸਰਾਂ ਨੇ-ਵੀ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਮੈਂ ਆਮ ਪਿੰਡਾਂ ਵਿਚ ਗਿਆ ਹਾਂ ਤੇ ਲੋਕ ਕਹਿੰਦੇ ਸਨ ਕਿ ਅਸਾਡੀ ਮਦਦ ਇਸ ਐਸ. ਡੀ. ਓ. ਨੇ ਕੀਤੀ ਹੈ, ਇਸ ਡਿਪਟੀ ਕਮਿਸ਼ਨਰ ਨੇ ਕੀਤੀ ਹੈ। ਕਿਸੇ ਕਿਹਾ ਐਸ. ਪੀ. ਨੇ ਚੰਗਾ ਕੰਮ ਕੀਤਾ ਹੈ।

ਇਥੇ ਮੈਨੂੰ ਇਹ ਦਸਦਿਆਂ ਦੁਖ ਹੁੰਦਾ ਹੈ ਕਿ ਜਿਥੇ ਲੋਕੀਂ ਅਤੇ ਸਰਕਾਰੀ ਅਫ਼ਸਰ ਤੇ ਫ਼ੌਜ ਲੋਕਾਂ ਦੀ ਮਦਦ ਕਰ ਰਹੀ ਸੀ ਉਥੇ ਕੁਝ ਕੁ ਲਾਲਚੀ ਅਤੇ ਵਪਾਰੀ ਰੁਚੀਆਂ ਦੇ ਲੋਕਾਂ ਨੇ ਇਕ ਰੁਪਏ ਸੇਰ ਆਟਾ ਕਰ ਦਿਤਾ। ਇਸ ਭੈੜੀ ਰੁਚੀ ਨੂੰ ਦਬਾਣ ਲਈ, ਡਿਪਟੀ ਕਮਿਸ਼ਨਰ, ਐਸ. ਡੀ. ਓਜ਼, ਐਸ. ਪੀ. ਅਤੇ ਤਸੀਲਦਾਰਾਂ ਨੇ ਵਪਾਰੀਆਂ ਨੂੰ ਸੱਦ ਕੇ ਕਹਿ ਦਿਤਾ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ਼ ਆਣ ਨਹੀਂ ਤਾਂ ਅੰਦਰ ਦੇ ਦੇਵਾਂਗੇ ਅਤੇ ਬਾਅਦ ਵਿਚ ਪਏ ਵੇਖਾਂਗੇ ਕਿ ਕਾਨੂੰਨੀ ਤੌਰ ਤੇ ਅਸਾਨੂੰ ਅਜਿਹਾ ਕਰਨ ਦੀ ਆਗਿਆ ਵੀ ਸੀ ਜਾਂ ਨਹੀਂ। ਇਸ ਤਰ੍ਹਾਂ ਕਰਨ ਨਾਲ ਕੀਮਤਾਂ ਦੇ ਭਾਵਾਂ ਤੇ ਚੈਕ ਲਾਈ ਗਈ।

ਫਿਰ, ਮੈਂ ਵੇਖਿਆ ਹੈ ਕਿ ਲੋਕਾਂ ਨੇ ਆਟਾ ਪਕਾ ਪਕਾ ਕੇ ਪੱਕੀਆਂ ਪਕਾਈਆਂ ਰੋਟੀਆਂ ਹੜ੍ਹਾਂ ਦੇ ਦੁਖੀਆਂ ਨੂੰ ਦਿਤੀਆਂ। ਇਕ ਥਾਂ ਅੰਮ੍ਰਿਤਸਰ ਤੋਂ ਕੋਈ ਸੱਤ ਮੀਲ ਦੂਰ ਮੈਂ ਵੇਖਿਆ ਕਿ ਪੂਰੀਆਂ ਤੇ ਰੋਟੀਆਂ ਵਰਤੀਂਦੀਆਂ ਸਨ। ਅੰਮ੍ਰਿਤਸਰ, ਜਾਲੰਧਰ, ਅੰਬਾਲਾ, ਕਰਨਾਲ ਦੇ ਜੋ ਪਿੰਡ ਬਚੇ ਹਨ ਉਨ੍ਹਾਂ ਵਿਚੋਂ ਸੈਂਕੜੇ ਮਣ ਅਨਾਜ ਪੱਕ ਕੇ ਬਾਕੀ ਦੇ ਪਿੰਡਾਂ ਵਿਚ ਪਹੁੰਚਾਇਆ ਗਿਆ। ਇਸ ਤਰ੍ਹਾਂ ਉਨ੍ਹਾਂ ਮਦਦ ਕੀਤੀ ਅਤੇ ਪੱਕੇ ਅਤੇ ਦ੍ਰਿੜ੍ਹ ਇਰਾਦੇ ਨਾਲ। ਇਸ ਲਈ ਮੈਂ ਕਹਿੰਦਾ ਹਾਂ ਕਿ ਭਰਾਉ ਘਬਰਾਉ ਨਹੀਂ। ਅਸਾਡੇ ਵਿਚ ਜਿਥੋਂ ਤਕ ਵਿਤ ਹੈ, ਸ਼ਕਤੀ ਅਤੇ ਬਲ ਹੈ ਭਰਾਵਾਂ ਦੀ ਮਦਦ ਕਰਾਂਗੇ ਅਤੇ ਜਿਹੜੇ ਸੱਚੇ ਇਰਾਦੇ ਨਾਲ ਕੰਮ ਕਰ ਰਹੇ ਹਨ ਉਨ੍ਹਾਂ ਦੀ ਸਹਾਇਤਾ ਕਰਾਂਗੇ। ਅਸਾਨੂੰ ਉਹ ਚੇਹਰੇ ਨਹੀਂ ਭੁਲੇ ਜਿਨ੍ਹਾਂ ਨੇ ਅਸਾਡੀ ਮਦਦ ਅਤੇ ਲੋਕਾਂ ਦੀ ਮਦਦ ਕੀਤੀ ਹੈ। ਸਰਕਾਰ ਦਾ ਸਹਾਇਤਾ ਕਰਨ ਵਿਚ ਕੋਈ ਪਾਰਟੀ ਖਿਚਾਵ ਨਹੀਂ। ਇਸ ਭੀੜਾ ਵਿਚ ਤਾਂ ਕਈ ਹੋਰ ਪਾਰਟੀਆਂ ਨੇ ਵੀ ਮਦਦ ਕੀਤੀ ਹੈ।

ਸਪੀਕਰ ਸਾਹਿਬ! ਮੈਂ ਗੱਲ ਕਰ ਰਿਹਾ ਸਾਂ ਕਿ ਮੈਨੂੰ ਲੋਕ ਮਿਲੇ ਹਨ ਜਿਨ੍ਹਾਂ ਨੇ urban land contract ਉੱਪਰ ਲਈ ਹੋਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਤੁਸਾਂ ਲੋਕਾਂ ਦਾ ਆਬਿਆਨਾ ਛੱਡ ਦੇਣਾ ਹੈ, ਮਾਲੀਆ ਛੱਡ ਦੇਣਾ ਹੈ ਲੇਕਿਨ ਜਿਨ੍ਹਾਂ ਲੋਕਾਂ ਨੂੰ custodian ਨੇ 5, 6 ਏਕੜ ਜ਼ਮੀਨ ਨੀਲਾਮੀ ਵਿਚ ਦਿਤੀ ਹੋਈ ਹੈ ਅਤੇ ਉਨ੍ਹਾਂ ਦੀ ਤਬਾਹੀ ਹੋ ਗਈ ਹੈ ਉਨ੍ਹਾਂ ਦਾ ਪੈਸਾ ਵੀ ਮੁੜਵਾ ਦਿਉ। ਨਾਲੇ ਕਹਿੰਦੇ ਹਨ ਕਿ ਮੁਜ਼ਾਰਿਆਂ ਨੇ ਤੀਸਰਾ ਹਿੱਸਾ ਦੇਣਾ ਹੈ ਉਨ੍ਹਾਂ ਨੂੰ ਵੀ ਛੁਡਾਉ। ਮੇਰੀ ਅਰਜ਼ ਹੈ ਕਿ ਮੈਂ ਆਪਣੇ ਵੀਰ ਸਰਦਾਰ ਉੱਜਲ ਸਿੰਘ ਨੂੰ ਕਹਾਂਗਾ ਕਿ ਉਹ Central Government ਕੋਲ represent ਕਰਨ। ਫਿਰ ਬਿਜਲੀ ਦੇ ਬਿਲਾਂ ਦੇ ਬਾਰੇ ਵਿਚ ਕਿਹਾ ਗਿਆ ਹੈ ਮੈਂ ਚੌਧਰੀ ਲਹਿਰੀ ਸਿੰਘ ਨਾਲ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਪੈਸੇ ਫਸਲ ਖਰੀਫ ਲਈ ਜਮਾਂ ਕਰਵਾਏ ਗਏ ਹਨ ਉਹ ਅਸੀਂ ਮੁਜਰੇ ਲੈ ਲਵਾਂਗੇ। ਮੇਰਾ ਮਤਲਬ ਹੈ ਕਿ ਅਸੀਂ ਲੋਕਾਂ ਦੀ ਮਦਦ ਕਰ ਰਹੇ ਹਾਂ, ਅਤੇ ਸਾਡਾ ਦਿਲ ਵੀ ਹੈ ਉਨ੍ਹਾਂ ਦੀ ਮਦਦ ਕਰਨ ਵਾਸਤੇ। ਹੋਰ ਅਰਜ਼ ਮੇਰੀ ਇਹ ਹੈ ਕਿ ਵੱਡੇ ੨ ਕਾਰਖਾਨਿਆਂ ਦੀ ਮਦਦ ਵਾਸਤੇ ਅਸੀਂ Industrial Finance Corporation ਨੂੰ ਕਹਾਂਗੇ। ਅਸੀਂ ਚਾਹੁੰਦੇ ਹਾਂ ਕਿ ਛੋਟੀਆਂ ਛੋਟੀਆਂ ਦੁਕਾਨਾਂ ਵਾਲਿਆਂ ਦੀ ਵੀ ਮੱਦਦ ਕੀਤੀ ਜਾਵੇ ਕਿਉਂਕਿ ਮੈਂ ਵੇਖਿਆ ਹੈ ਕਿ ਪਾਣੀ ਉਨ੍ਹਾਂ ਦੇ ਅੰਦਰ ਵੜ ਕੇ ਮਸ਼ੀਨਾਂ ਵਿਚ ਜਾ ਵੜਿਆ ਹੈ ਅਤੇ ਉਨ੍ਹਾਂ ਦੀਆਂ ਮਸ਼ੀਨਾਂ ਖਰਾਬ ਹੋ ਗਈਆਂ ਹਨ ਅਤੇ ਕੋਠੇ ਵੀ ਡਿਗ ਪਏ ਹਨ। ਇਕ ਕਾਰਖਾਨਾਦਾਰ ਦਾ ਪਾਣੀ ਅੰਦਰ ਆ ਜਾਣ ਨਾਲ 75,000 ਰੁਪੈ ਦਾ ਨੁਕਸਾਨ ਹੋਇਆ ਹੈ। ਮੈਨੂੰ ਖਿਆਲ ਸੀ ਕਿ ਇਸ ਸਾਲ ਕਪਾਹ ਦਾ ਮੁਲ ਨਹੀਂ ਡਿਗੇਗਾ ਲੇਕਿਨ ਹੁਣ ਮੈਂ ਸੁਣਿਆਂ ਹੈ ਕਿ ਕਪਾਹ 20 ਰੁਪੈ ਮਣ ਵਿਕ ਰਹੀ ਹੈ। ਪੰਜਾਬ ਸਰਕਾਰ ਦੁਹਾਈ ਪਾਕੇ ਕਹਿ ਰਹੀ ਹੈ ਕਿ ਕਪਾਹ ਅਜੇ ਮੰਡੀਆਂ ਵਿਚ ਨਾ ਲਿਆਉ, ਜਦੋਂ ਭਾ ਚੜ੍ਹੇਗਾ ਤਾਂ ਲਿਆਇਉ। ਕਿਸੇ ਮੈਂਬਰ ਨੂੰ ਇਹ ਖਿਆਲ ਨਹੀਂ ਆਇਆ ਕਿ ਸਾਉਣੀ ਤੇ ਖਤਮ ਹੋ ਗਈ ਹੈ ਅੱਗੋਂ ਕੀ ਕਰਾਂਗੇ। ਇਕ ਜਾਂ ਦੋ ਮੈਂਬਰਾਂ ਦੇ ਬਿਨਾਂ ਕਿਸੇ ਨੇ ਇਹ ਸਵਾਲ ਨਹੀਂ ਡੀਲ ਕੀਤਾ। ਅਸੀਂ ਧੁੱਸੀ ਬਣਾਵਾਂਗੇ ਇਹ ਠੀਕ ਹੈ, ਧੁੱਸੀ ਟੁਟੀ ਹੈ ਲੇਕਿਨ ਉਹੋ ਹੀ ਟੁਟੀ ਹੈ ਜਿਸ ਦੇ ਉੱਪਰ ਤੋਂ ਪਾਣੀ ਵਗਿਆ ਹੈ। ਜਿਸ ਧੁੱਸੀ ਜਾਂ ਸੜਕ ਦੇ ਉੱਪਰ ਦੀ ਪਾਣੀ ਵਗ ਜਾਵੇ ਉਸ ਨੇ ਤੇ ਟੁਟਣਾ ਹੀ ਹੋਇਆ। ਹੜ੍ਹ ਹੀ ਐਨਾ ਆਇਆ ਹੈ ਕਿ ਜਿਸਦਾ ਆਰ ਪਾਰ ਕੋਈ ਨਹੀਂ ਰਿਹਾ। ਅੰਮ੍ਰਿਤਸਰ ਅਤੇ ਜੰਡਿਆਲੇ ਦੇ ਵਿਚਕਾਰ ਮਾਨਾਂਵਾਲਾ

[ਵਿਕਾਸ ਮੰਤਰੀ]

ਸਟੇਸ਼ਨ ਹੈ। ਉਥੇ ਰੇਲ ਦੇ girder ਵੀ ਨਹੀਂ ਮਿਲੇ, ਹੜ੍ਹ ਨੇ ਲੋਹੇ ਦੇ girder ਵੀ ਦੂਰ ਸੁਟ ਦਿਤੇ ਹਨ। ਖੈਰ, ਇਹ ਵੀ ਠੀਕ ਹੈ ਕਿ ਜੋ ਕੁਝ ਤੁਸੀਂ ਕਿਹਾ ਹੈ ਤੁਹਾਡੇ ਮਨ ਦਾ ਭਾਵ ਹੈ। ਤੁਸੀਂ ਲੋਕਾਂ ਦਾ ਭਲਾ ਕਰਨਾ ਚਾਹੁੰਦੇ ਹੋ ਅਤੇ ਚਾਹੁੰਦੇ ਹੋ ਕਿ ਪੰਜਾਬ ਸਰਕਾਰ ਵੀ ਤੁਹਾਡੀ ਤਰ੍ਹਾਂ ਹੀ ਕੰਮ ਕਰੇ, reciprocate ਕਰੇ। ਮੈਂ ਕਹਿੰਦਾ ਹਾਂ ਕਿ ਤੁਸੀਂ ਤਸੱਲੀ ਰਖੋ ਅਸੀਂ ਕੋਈ ਕਸਰ ਨਹੀਂ ਛੱਡਾਂਗੇ। ਤੁਸੀਂ ਆਪਣਿਆਂ ੨ ਹਲਕਿਆਂ ਦੀਆਂ ਤਕਲੀਫਾਂ ਸਰਕਾਰ ਦੇ ਸਾਹਮਣੇ ਰਖੋ ਅਤੇ ਜੇਕਰ ਸਰਕਾਰ ਧਿਆਨ ਨਾ ਦੇਵੇ ਤਾਂ ਤੁਸੀਂ ਸੱਚੇ ਅਤੇ ਸਰਕਾਰ ਝੂਠੀ। ਮੇਰੇ ਵੀਰ ਸਰਦਾਰ ਅੱਛਰ ਸਿੰਘ ਨੇ ਕਿਹਾ ਹੈ ਕਿ momentum ਲੇਟ ਹੋ ਗਿਆ ਹੈ। ਕਹਿੰਦੇ ਨੇ ਕਿ ਕੰਮ ਤਾਂ ਅੱਛਾ ਕੀਤਾ ਹੈ ਲੇਕਿਨ momentum ਲੇਟ ਆਇਆ। ਉਨ੍ਹਾਂ ਕੋਲੋਂ ਪੁਛਿਆ ਜਾਵੇ ਕਿ ਤੁਸੀਂ ਅੱਠ ਤਾਰੀਖ ਦੇ ਚੱਲੇ ਹੋਏ ਪਿੰਡ ਕਿਹੜੀ ਤਾਰੀਖ ਨੂੰ ਪਹੁੰਚੇ ਸਉ। ਉਹ ਆਪ ਪਰਸੋਂ ਪਹੁੰਚੇ ਸਨ ਤਾਂ ਉਨ੍ਹਾਂ ਨੇ momentum ਵੇਖਿਆ। ਮੈਂ ਪੁਛਦਾ ਹਾਂ ਕਿ ਜਿਥੇ ਇਹ ਹਾਲ ਹੋਵੇ ਓਥੇ momentum ਕਿਵੇਂ ਜਲਦੀ ਪਹੁੰਚ ਸਕਦਾ ਸੀ ?

ਕਈ ਹੋਰ ਵੀਰਾਂ ਨੇ ਤਜਵੀਜ਼ ਰਖੀ ਹੈ ਕਿ ਰਾਸ਼ਨ ਪਹੁੰਚਾਇਆ ਜਾਵੇ। ਮੇਰੀ ਅਰਜ਼ ਹੈ ਕਿ ਰਸਤੇ ਸਭ ਟੁਟ ਗਏ ਹਨ ਬਰਬਾਦ ਹੋ ਗਏ ਹਨ ਰਾਸ਼ਨ ਕਿਹੜੇ ਰਸਤੇ ਪਹੁੰਚਾਇਆ ਜਾਵੇ। ਅਸਾਂ ਤਕਾਵੀਆਂ ਦਾ ਕੰਮ ਸ਼ੁਰੂ ਕਰ ਦਿਤਾ ਹੈ। ਕਤਾਈ ਦੇ ਬਾਰੇ ਵਿਚ ਕਿਹਾ ਗਿਆ ਹੈ। ਮੈਂ ਨਹੀਂ ਕਹਿ ਸਕਦਾ ਕਿ ਕਿੰਨੇ ਆਦਮੀ ਕਤਾਈ ਕਰਨ ਵਾਲੇ ਹੋਣਗੇ। ਬਹੁਤ ਥੋੜੇ ਲੋਕਾਂ ਦੀ ਖਾਹਿਸ਼ ਹੁੰਦੀ ਹੈ ਕਤਾਈ ਕਰਨ ਦੀ। ਹੋਰ suggestion ਆਈ ਹੈ ਕਿ ਨਹਿਰਾਂ ਟੁਟ ਗਈਆਂ ਹਨ ਉਨ੍ਹਾਂ ਦੀ ਮੁਰੰਮਤ ਫੌਰਨ ਹੋਣੀ ਚਾਹੀਦੀ ਹੈ। ਅਸੀਂ ਕਹਿੰਦੇ ਹਾਂ ਕਿ ਜਲਦੀ ਬਣਾਈਆਂ ਜਾਣ। ਲੱਖਾਂ ਲੋਕ ਬੇਕਾਰ ਹੋ ਗਏ ਹਨ, ਲੇਬਰ ਨਹੀਂ ਲਗ ਸਕਦੀ। 20 ਦਿਨ ਜਾਂ 21 ਦਿਨ ਦੇ ਬਾਅਦ ਜ਼ਮੀਂਦਾਰ ਜਿੰਨਾਂ ਕੋਲ ਥੋੜੀ ੨ ਜ਼ਮੀਨ ਹੈ ਉਹ ਲਗ ਜਾਣਗੇ ਤਕਾਵੀਆਂ ਦਿਆਂਗੇ। ਲੇਕਿਨ ਕਿੰਨੇ ੨ ਆਦਮੀ ਕਿਸ ਕਿਸ ਕੰਮ ਉੱਪਰ ਲਗਾਉਣੇ ਹਨ ਪੰਜਾਬ ਸਰਕਾਰ ਨੇ ਅਜੇ ਨਹੀਂ ਸੋਚਿਆ। ਅਜੇ ਤਾਂ ਪਾਣੀ ਹੀ ਇਤਨਾ ਵਗ ਰਿਹਾ ਹੈ ਕਿ ਸਾਰਾ ਸਿਆਲ ਵਗਦਾ ਰਹੇਗਾ। ਮੈਂ ਖੁਦ ਜ਼ੀਰਾ, ਫਾਜ਼ਿਲਕਾ, ਅਜਨਾਲਾ, ਤਰਨਤਾਰਨ ਅਤੇ ਹੋਰ ਬੇਟ ਦੇ ਇਲਾਕੇ ਉੱਪਰ ਹਵਾਈ ਜਹਾਜ਼ ਵਿਚ ਉੱਡ ਕੇ ਵੇਖਿਆ ਹੈ। ਹੜ੍ਹ ਨੇ ਬਹੁਤ ਨੁਕਸਾਨ ਕੀਤਾ ਹੈ, ਬਹੁਤ ਤਬਾਹੀ ਕੀਤੀ ਹੈ। ਮੈਂ ਕਰਨਾਲ ਦੇ ਇਲਾਕੇ ਵਿਚ ਗਿਆ ਹਾਂ ਅਤੇ ਵੇਖਿਆ ਹੈ ਕਿ ਜਮਨਾ ਵਿਚ ਵੀ flood ਆਇਆ ਹੈ। ਮੈਂ ਵੇਖਿਆ ਹੈ ਕਿ ਅੰਬਾਲੇ ਦੇ ਇਲਾਕੇ ਨੂੰ ਨਦੀਆਂ ਨਾਲਿਆਂ ਨੇ ਕਿਵੇਂ ਨੁਕਸਾਨ ਪਹੁੰਚਾਇਆ ਹੈ। ਮੋਗੇ side ਵਲ ਜਾਈਏ ਤਾਂ ਵੇਖ ਕੇ ਦਿਲ ਘਬਰਾਉਂਦਾ ਹੈ। ਲੁਧਿਆਣੇ ਜ਼ਿਲੇ ਦਾ ਇਲਾਕਾ ਸਤਲੁਜ ਨੇ ਤਬਾਹ ਕਰ ਦਿਤਾ ਹੈ। ਜਿਹੜਾ ਇਲਾਕਾ ਅੱਛਾ ਗਿਣਿਆ ਜਾਂਦਾ ਸੀ ਉਸ ਨੂੰ ਹੜ੍ਹ ਨੇ ਕਿਵੇਂ ਰੋਲ ਦਿਤਾ ਹੈ। ਮੀਂਹ ਅਤੇ ਹੱਵਾ ਨੇ, ਨੱਕੇ ਨੇ ਕੀ ਕੁਝ ਕੀਤਾ ਹੈ ਵੇਖ ਕੇ ਅੱਖਾਂ ਅੱਥਰੂ ਸੁਟਦੀਆਂ ਹਨ। ਮੇਹਨਤ ਨਾਲ ਬਣਾਇਆ ਹੋਇਆ ਪੰਜਾਬ ਕਿਸ ਤਰ੍ਹਾਂ ਮਿੰਟਾਂ ਵਿਚ ਬਰਬਾਦ ਕਰ ਦਿਤਾ ਹੈ। ਪੰਜਾਬੀ ਖੂੰਖਾਰ ਹਮਲਾ-ਆਵਰਾਂ ਦਾ ਡਟ ਕੇ ਮੁਕਾਬਲਾ ਕਰਦੇ ਰਹੇ ਹਨ। ਲੇਕਿਨ ਦਰਿਆਵਾਂ ਦੇ ਪਾਣੀ ਦਾ, ਬਾਰਸ਼ਾਂ ਦਾ ਅਤੇ ਕੁਦਰਤ ਦੇ ਬੱਦਲਾਂ ਦਾ ਸੱਚ ਮੁੱਚ ਕੋਈ ਮੁਕਾਬਲਾ ਨਹੀਂ ਹੈ। Fertilizer ਦੇ ਬਾਰੇ ਵਿਚ ਸਕੀਮ ਅਤੇ ਸ਼੍ਰੀ ਰਾਮਕਿਸ਼ਨ ਜੀ ਦੀਆਂ ਸਾਰੀਆਂ ਸਕੀਮਾਂ ਮੈਂ Cabinet ਦੇ ਸਾਹਮਣੇ ਰਖਾਂਗਾ। ਮੈਂ ਫਿਰ ਯਕੀਨ ਦਵਾਉਂਦਾ ਹਾਂ ਕਿ ਪੰਜਾਬ ਸਰਕਾਰ ਪੂਰੇ ਤਨ, ਮਨ ਅਤੇ ਧਨ ਨਾਲ ਲੋਕਾਂ ਦੀ ਮਦਦ ਕਰੇਗੀ। ਲੇਕਿਨ ਹਾਊਸ ਦੇ ਮੈਂਬਰਾਨ ਵੀ ਤਾਂ ਸਾਰੀ ਸਟੇਟ ਦਾ ਦਿਮਾਗ ਹਨ। ਮੈਨੂੰ ਪੂਰੀ ਉਮੀਦ ਹੈ ਕਿ ਉਹ ਵੀ ਕੋਈ ਕਸਰ ਨਹੀਂ ਛਡਣਗੇ। ਠੀਕ ਹੈ ਹੜ੍ਹ ਨੇ ਬੜਾ ਨੁਕਸਾਨ ਕੀਤਾ ਹੈ ਗਰੀਬਾਂ ਨੂੰ ਹੋਰ ਵੀ ਜ਼ਿਆਦਾ ਤੰਗ ਕੀਤਾ ਹੈ ਕੋਈ ਪਰਵਾਹ ਨਹੀਂ ਹੈ।

8 p. m.

ਅਸੀਂ ਪੂਰੀ ਸ਼ਕਤੀ ਅਤੇ ਧਿਆਨ ਨਾਲ ਇਸ ਬਿਪਦਾ ਦਾ ਮੁਕਾਬਲਾ ਕਰਾਂਗੇ ਅਤੇ ਪੰਜਾਬ ਨੂੰ ਮੁੜ ਸੁਰਜੀਤ ਕਰਾਂਗੇ।

The Assembly then adjourned till 9 A.M. on Saturday the 15th October, 1955.

PUNJAB VIDHAN SABHA

DEBATES

—:o:—

15th October, 1955

Vol. II—No. 5

OFFICIAL REPORT

CONTENTS

Saturday, 15th Oct., 1955

Printed at S.D. Press, Chandigarh.

Price Rs. 5/-/-

PUNJAB VIDHAN SABHA.

Saturday, the 15th October, 1955.

The Vidhan Sabha met in the Assembly Hall, Sector 10, Chandigarh Capital at 9 A. M. of the clock. Mr. Speaker (Sardar Gurdial Singh Dhillon) in the Chair.

Question hour : (Dispensed with.)

Chief Parliamentary Secretary (Shri Prabodh Chandra) : Sir, I suggest that the Question Hour be dispensed with today.

Mr. Speaker : The Question Hour is dispensed with today and answers to all the questions entered on the order paper shall be laid on the Table.

Starred Questions and Answers : (laid on the Table)

VETERINARY HOSPITALS.

*5564. **Professor Mota Singh Anandpuri** : Will the Minister for Development be pleased to state —

(a) the names of places in the State where Government propose to establish new Veterinary Hospitals ;

(b) the conditions, if any, necessary before a Veterinary Hospital is established anywhere ?

Sardar Partap Singh Kairon :

(a) 12 permanent outlying dispensaries during the current financial year and 18 such dispensaries during the Second Five Year Plan are proposed to be opened. Exact places of opening these dispensaries have not yet been selected.

(b) Rent-free accommodation for the Dispensary or Hospital and for the residence of staff to be provided by the residents of the ilaqa and an undertaking to be given by the District Board or Municipal Committee to meet the maintenance charges of Dispensary/Hospital including pay of Veterinary Compounder and the Class IV servants.

CULTIVABLE WASTE AND FALLOW LAND IN VILLAGE RAHON, DISTRICT JULLUNDUR.

*5619. **Sardar Darshan Singh** : Will the Minister for Development be pleased to state —

(a) the area of cultivable waste and fallow land in village Rahon, District Jullundur ;

(b) the area of land referred to in part (a) above which is private property, Evacuee land and Government property separately ;

(c) whether there is any proposal under the consideration of Government for utilising the said land for agricultural production ?

Sardar Partap Singh Kairon : Information is being collected and will be supplied to the member later on.

DEVELOPMENT OF VILLAGE AND COTTAGE INDUSTRIES IN NATIONAL EXTENSION SERVICE BLOCKS.

*5759. **Shri Mool Chand Jain** :—Will the Minister for Development be pleased to state —

(a) whether any amount is reserved for the development of Village and Cottage Industries in the budgets of the National Extension Service Blocks, if so, the total amount so reserved in each block in the State at present;

(b) whether any representation in this connection was received by Government from the Advisory Committee for the Panipat National Extension Service Block; if so, the nature of the representation and the action, if any, taken thereon ?

Sardar Partap Singh Kairon : (a) (i) No.

(ii) Does not arise.

(b) (i) No.

(ii) Does not arise.

LAND SUBMERGED BY RIVER BEAS IN TEHSIL NURPUR DISTRICT KANGRA.

*5457. **Shri Ram Chandra Comrade** : Will the Minister for Irrigation be pleased to state —

(a) the acreage of land submerged by River Beas last year as a result of the formation by it of a new branch near Behadpur, Tehsil Nurpur, District Kangra;

(b) the total loss in area of land, houses and cattle sustained this year during the rainy season by the action of the said river in the Indora Thana of Tehsil Nurpur, District Kangra;

(c) the amount of money given as relief by Government to the flood-stricken people in the said areas, especially the Harijans and backward classes ?

Sardar Partap Singh Kairon : The information is being collected and will be supplied shortly.

CONSTRUCTION OF BRIDGES OVER CANALS AND DISTRIBUTARIES.

*556?. **Professor Mota Singh Anandpuri** : Will the Minister for Irrigation be pleased to state :—

(a) whether any representations have been received by the Government for the construction of cart-bridges or foot-bridges over the canals, minors and distributaries in the State;

(b) the number and the names of places where such

bridges have been constructed so far;

(c) whether the Government proposes to construct the bridges referred to in part (a) above during the First Five Year Plan or the Second Five Year Plan ?

Chaudhri Lahri Singh : (a) Yes.

(b) 238 bridges at places mentioned in the enclosed list.

(c) (i) 35 additional bridges on Bist Doab Canal as per enclosed list, will be constructed in the First Five Year Plan.

(ii) 71 Bridges on various Distributaries in Ferozepore Circle as per enclosed list will be constructed in the 2nd Five Year Plan.

(b) List of bridges already constructed.

		No. of bridges.			No. of bridges
1.	Bhakra Main Line	1	28.	Mullanpur Minor	1
2.	Samrala and Gobindgarh Distys System	16	29.	Khanjarwal Minor	5
			30.	2R Disty.	5
3.	Sirsa Branch	1	31.	Kotli Minor	2
4.	Fazilka Disty.	2	32.	3R Disty.	5
5.	Ladhuka Disty.	2	33.	1R/3R Disty.	3
6.	Mauzzam Minor	1	34.	Sangatpura Disty.	12
7.	Southern Disty.	1	35.	Swaddi Minor of Sangatpura Disty.	2
8.	Firanwali Disty.	1			
9.	Khuikhera Disty.	1	36.	4R Disty.	4
10.	Tarobri Disty.	1	37.	Kishanpura Disty.	4
11.	Saidoke Disty.	2	38.	5R Disty.	3
12.	Dogran Disty.	1	39.	1L/5R Disty.	1
13.	Shingowal Disty.	3	40.	Dharamkot Disty.	4
14.	Bishanpura Disty.	2	41.	Kingwah Disty.	8
15.	Mukerian Disty.	1	42.	Safuwala Minor	3
16.	Dakha Disty.	13	43.	Daroli Minor	3
17.	Pratapgarh Minor	4	44.	Chand Nawan Minor	1
18.	Daulatwah Disty.	4	45.	Karyal Minor	1
19	Agahwah Disty.	9	46.	Lohara Minor	2
20.	Sidhwan Branch	27	47.	1R/Lohara Minor	1
21.	1 R Disty.	9	48.	2R/Lohara Minor	1
22.	1 L/1R Disty.	3	49.	Illahiwah Disty.	12
22.	2 L/1R Disty.	5	50.	Attari Minor	2
23.	3 L/1R Disty.	5	51.	Darapur Minor	2
24.	1 R/1R Disty.	3	52.	Zira Disty.	1
25.	City Disty.	22	53.	1L/Zira Disty.	1
26.	1 L Disty.	3	54.	Munawan Minor	3
27.	1R/1L Disty.	2	55.	6R Disty.	

[Minister for Irrigation]

Statement showing No. of bridges approved on the representations made by the *Zamindars* on Bist Doab Canal.

Serial No.	Type of Bridge.	R. D. of Bridge.	Serial No.	Type of Bridge.	R. D. of Bridge.
1.	V. R. Bridge	4,000	19.	V. R. Bridge	48,000
2.	Foot Bridge	25,300	20.	V. R. Bridge	53,000
3.	V. R. Bridge	2,02,000	21.	Bridge	6,750
4.	V. R. Bridge	1,04,000	22.	Bridge	37,500
5.	Bridge	49 070	23.	Bridge	75,000
6.	Bridge	61,800	24.	Bridge	85,000
7.	Bridge	73,300	25.	Bridge	89,000
8.	Bridge	1,16,000	26.	Bridge	1,02,000
9.	Bridge	1,33,000	27.	V. R. Bridge	25,200
10.	D. R. Bridge	1,8[illegible],000	28.	Bridge	37,500
11.	V. R. Bridge	1,10,000	29.	V. R. Bridge	6,700
12.	Bridge	72,000	30	Bridge	28,000
13	V. R Bridge	17,720	31.	Bridge	0
14.	V. R. Bridge	58,000	32.	Bridge	5,000
15.	Bridge	1,22,700	33.	Bridge	43,000
16.	Bridge	1,42,000	34.	V. R. Bridge	74,000
17.	Bridge	28,600	35.	Bridge	11,000
18.	V. R Bridge	27,000			

LIST OF BRIDGES PROPOSED TO BE CONSTRUCTED IN THE 2ND FIVE YEAR PLAN. (FEROZEPORE CIRCLE).

S. No.	Name of Channel or drain.	R. D. of Bridges	Serial No.	Name of Channel or Drain.	R. D. of Bridges.
1.	Lalanwali Sub Minor	16 000	24.	Western Bein	82,000
2.	Chaudhry Disty.	2,068	25.	Western Bein	9[illegible],200
3.	Mauzz m Minor	54,250	26.	Western Bein	94 800
4.	Dakha Disty.	3,800	27.	Western Bein	1,01,500
5.	Dakha Disty.	26,000	28.	Kurala Drain	3 700
6.	Dakha Disty.	43,000	29.	Tand Ram Sahai Drain	35,000
7.	1-R Dis y.	41.117	30.	Jalalbad Main Drain	43,000
8.	Laohuka Disty.	1 10 000	31.	Nangal Sahge Drain	8,0 0
9	Sidhwan Branch	95,0 0	32.	Sadar Pur Drain	15,500
10	Lakha Disty.	1,64 500	33.	Janda Ram Sahai	23,500
11.	Fazilka Disty.	42,50	34.	Mansar Drain	25,500
12	Mauzzam Minor	40 200	35.	Ghazi Drain	14,000
13	Faizwah Minor	17,[illegible]0	36.	Shah Nahar Canal	51,650
14	1-L 1-R Disty	6,000	37.	Shah Nahar Canal	23,200
15	1-R/1-R Disty.	30,000	38	Shah Nahar Canal	31,650
16	2-R Disty.	4,000	39	Shah Nahar Canal	40,950
17.	Turkanwali Drain	15,221	40.	Shingowal Disty.	2,190
18	Jalalbad Main Drain	47,400	41.	Shingowal Disty.	19,710
19	Western Bein	29,500	42.	Bishanpura Disty.	15,599
20	Western Bein	47,440	43.	Bishanpura D sty.	17,200
21	Western Bein	60.844	44.	A ma Minor	3 Nos.
22.	Barkatwah Drain	32,000	45.	Budha Bar Disty.	2 Nos.
23	Jalalbad Main Drain	67,500	46.	Mukerian Disty.	2 Nos

Serial No	Name of Channel or drain.	R. D. of Bridges.	Serial No.	Name of Channel or drain.	R. D. of Bridges.
47.	Kharak Balra Disty.	1 No.	60.	Jandwala Disty.	32 000
48.	Nala Singh Disty.	18,000	61.	Fazilka Disty.	36,815
49.	Mukerian Disty.	7,000	62.	Fazilka Disty.	21,154
50	Shah Nahar Canal	46,500	63	Bahadurke Disty.	33,200
51.	Shah Nahar Canal	60,000	64.	New Lakheke Minor	13,500
52.	Shankerwala	2,000	65.	Muzzam Minor	8,760
53.	Shingowal	32,000	66.	Wadike Minor	19,000
54.	Shingowal	46,000	67.	Pindi Minor	8,540
55.	Ladhuka Disty.	49,800	68.	Tarobri Disty.	49,700
56.	Baleke Minor	10,800	69.	Muzzam Minor	69,300
57.	Baleka Minor	15,200	70.	Nizamwah Disty.	12,100
58.	Bahadurke Disty.	8 000	71.	Chakpakhi Disty.	26,315
59.	Faizwah Minor	3,500			

ACQUISITION OF LAND FOR KHERI MINOR IN DISTRICT LUDHIANA.

*5670. **Sardar Achhar Singh Chhina** : Will the Minister for Irrigation be pleased to state —

(a) the date on which land was acquired by the Government in village Lohar Majra Khurd, Tehsil Samrala, District Ludhiana for the Kheri Minor passing through the village, along with the area acquired ;

(b) whether it is a fact that no compensation has so far been paid by the Govt. for the land acquired and the crops damaged at the time of digging of the minor, if so, the reasons therefor ;

(c) the total amount of compensation due to be paid as a result of acquisition of the said land ;

(d) whether it is also a fact that land revenue for the land acquired by the Government in the village referred to in part (c) above has been charged ; if so, the total amount thus collected ?

Chaudhri Lahri Singh: (a) The notification for the acquisition of the land was issued on 15th September, 1953. The area acquired is 6.84 acres.

(b) Yes ; no compensation has so far been paid for the land acquired, but no damage was done to the crops.

The reason for the delay in payment of compensation is that the estimate was originally prepared on the basis of the rate given in the Bhakra Nangal Project Estimate, but the Land Acquisition Officer refused to make payments unless rates were supplied by the Deputy Commissioner, Ludhiana, who has since supplied the rates. The estimate has been sanctioned and payments to this village will be made shortly by the Land Acquisition Officer. Payment to the fourteen adjoining villages has already been made.

[Minister for Irrigation]

(c) About Rs. 11,000/-.

(d) Yes ; the total land revenue thus collected will be remitted from the date of taking possession of the land.

IRRIGATION BY LIFT CHANNEL IN DISTRICT HOSHIARPUR.

*5682. **Shri Wadhawa Ram** : Will the Minister for Irrigation be pleased to state the decision, if any, taken by the Government on the oft-repeated demand of the people of 'Kandi' ilaqa in Tehsil Garhshankar, District Hoshiarpur regarding lift channel construction upto village Jandoli ?

Chaudhri Lahri Singh: The Scheme is under consideration of the Government but it is not possible to extend the Garhshankar Lift Channel to village Jandoli due to the fact that the levels of the tract are nearly 200 ft. above the full supply level at the tail of the channel. Further, the village Jandoli is at a distance of 15 miles from the existing tail and the tract is intercepted by a number of chos and torrents.

TARA KARAN ELECTRICAL AND MECHANICAL INSTITUTE, BAIJNATH, DISTRICT KANGRA.

*5456. **Shri Ram Chandra Comrade** : Will the Minister for Finance be pleased to state whether the Government has recently received any request for financial and technical aid from the Tara Karan Electrical and Mechanical Institute, Baijnath, District Kangra; if so, the action, if any, taken by the Government in the matter.

Sardar Ujjal Singh : A request for financial aid, under the Central Government's Scheme for the Development of Technical Education, was received by the Industries Department from the management of Tara Karan S. D. Technical Institute, Baijnath, Kangra District. The Central Government were requested by the State Government to depute the Visiting Committee of All India Council for Technical Education to visit the Institute, so that the question of financial aid for the Institute could be decided by the Government of India on the recommendations of the Visiting Committee. The question of financial aid to the Institute will be decided when the Visiting Committee makes its recommendations to the All India Council for Technical Education.

SUJANPUR TIRA ELECTRICITY PROJECT.

*5529. **Bakshi Partap Singh** : Will the Minister for Irrigation be pleased to state—

(a) whether the work on the Sujanpur Tira Electricity Project has been started; if so, the progress so far made thereon;

(b) the approximate date for the completion of the

project;

(c) the names of the villages proposed to be benefitted under the Project;

(d) the total cost of the said Scheme;

Chaudhri Lahri Singh :(a) Work on the Sujanpur Tira Electricity Project has not yet been started.

(b) The work will be taken in hand in about three months' time and supply given in this area before the close of the current financial year.

(c) The following villages would be benefitted by this Project :—

Daroh, Dhira, Ga jamula, Thural, Jaisinghpur, Lambagram, Alampur, Chadhiar, Sanghol and Sujanpur Tira.

(d) Rs. 6,18,5 7/-.

TOWNS ELECTRIFIED IN HOSHIARPUR DISTRICT.

*5576 **Shri Rala Ram** Will the Minister for Irrigation be pleased to state the number of small towns so far electrified in Hoshiarpur District together with the names of those proposed to be electrified during 1955-56.

Chaudhri Lahri Singh : Nine small towns viz; Mukerian, Dasuya Tanda, Darapur, Ayapur, Urmar, Hariana, Piplanwala and Model Town Hoshiarpur have since been electrified and Gardiwala, Miani, Bhogpur, Bajwara, Mahilpur, Singriwala and Kaitnan near Dasuya in Hoshiarpur District are likely to be electrified during the year 1955 56.

ELECTRICITY GENERATED FROM BHAKRA NANGAL POWER PROJECT.

*5778 **Shri Dev Raj Sethi** : Will the Minister for Irrigation be pleased to state —

(a) the total hydro-electric power being generated at the Bhakra Nangal Power Project;

(b) the load of electric power being given to Delhi at present;

(c) the total number of tubewells being run by the power supplied by the said project;

(d) the particulars of Urban area in the State where hydro-electric power from the said project is being given on a bulk supply basis and the terms on which it is being given.

(e) the terms on which electricity is being supplied by the licensees to consumers as fixed by Government.

Chaudhri Lahri Singh : (a) About 35,000 KW.

(b) About 8000 KW.

(c) 1752 tubewells.

That the Punjab Excise (Amendment) Bill be passed.

Mr. Speaker : Question is—

Tabt thePunjab Excise (Amendment) Bill be passed.

The motian was carried.

THE PUNJAB ENTERTAINMENTS DUTY BILL, 1955

Minister for Labour (Chaudhri Sunder Singh) : Sir, I beg to introduce the Punjab Entertainments Duty Bill.

Minister for Labour : Sir, I beg to move—

That the Punjab Entertainments Duty Bill be taken into consideration at once.

ਸਪੀਕਰ ਸਾਹਿਬ, Punjab Entertainment Duty Act,1936 ਵਿਚ ਬਹੁਤ ਸਾਰੇ ਅਜਿਹੇ loopholes ਵੇਖੇ ਗਏ, ਜਿਹੜੇ ਕਿ ਲੋਕਾਂ ਅਤੇ cinemas ਵਾਲਿਆਂ ਨੂੰ ਇਸ ਟੈਕਸ ਦੀ evasion ਕਰਨ ਲਈ ਬਹੁਤ ਸਾਰਾ ਮੌਕਾ ਦਿੰਦੇ ਸਨ। ਇਸ ਲਈ ਇਸ ਐਕਟ ਨੂੰ repeal ਕਰਕੇ ਇਕ ਨਵਾਂ ਬਿਲ ਲਿਆਂਦਾ ਗਿਆ ਹੈ ਤਾਂ ਜੋ ਇਹ loopholes ਨ ਰਹਿਣ।

ਸਾਰਿਆਂ ਤੋਂ ਪਹਿਲੀ ਗੱਲ ਇਹ ਹੈ ਕਿ ਪਹਿਲੇ ਐਕਟ ਦੇ ਮੁਤਾਬਿਕ ਅਸੀਂ ਕਿਸੇ ਨੂੰ exemption ਨਹੀਂ ਦੇ ਸਕਦੇ ਸੀ। ਹੁਣ ਇਹ ਵੀ ਕੀਤਾ ਗਿਆ ਹੈ ਕਿ ਜੇ ਕਿਸੇ cinema ਵਿਚ academic ਜਾਂ charitable ਵਗੈਰਾ purpose ਲਈ ਕੋਈ show ਹੋਵੇ ਤਾਂ ਉਸਨੂੰ ਇਸ ਟੈਕਸ ਤੋਂ ਮੁਸਤਸਨਾ ਕੀਤਾ ਜਾ ਸਕੇ।

ਦੂਜੀ ਗੱਲ ਇਹ ਹੈ ਕਿ races ਨੂੰ ਪਹਿਲੇ ਐਕਟ ਦੇ ਵਿਚ ਇਸ ਟੈਕਸ ਤੋਂ ਮੁਸਤਸਨਾ ਕੀਤਾ ਗਿਆ ਸੀ। ਹੁਣ ਇਹ ਵੇਖਿਆ ਗਿਆ ਹੈ ਕਿ ਕਿਉਂਕਿ races ਵਿਚ ਅਮੀਰ ਲੋਕ ਹਿੱਸਾ ਲੈਂਦੇ ਹਨ ਇਸ ਲਈ ਉਨ੍ਹਾਂ ਨੂੰ entertainment ਵਿਚ include ਕਰਕੇ ਉਨ੍ਹਾਂ ਲੋਕਾਂ ਕੋਲੋਂ ਵੀ ਟੈਕਸ ਲਿਆ ਜਾਵੇ।

ਇਸਤੋਂ ਇਲਾਵਾ ਪਹਿਲੇ ਐਕਟ ਦੇ ਮੁਤਾਬਿਕ ਜੇ ਕੋਈ ਆਦਮੀ ਬਿਨ ਟੈਕਸ ਦਿਤੇ cinema ਚਲਾ ਜਾਂਦਾ ਸੀ ਤਾਂ ਉਸਦਾ ਜ਼ਿਮੇਂਦਾਰ ਨਾ cinema ਦਾ ਮਾਲਕ ਹੁੰਦਾ ਸੀ ਤੇ ਨਾ ਹੀ ਗਵਰਨਮੈਂਟ ਉਸਨੂੰ ਪਕੜ ਸਕਦੀ ਸੀ। ਇਸ ਬਿਲ ਦੇ ਮੁਤਾਬਿਕ ਅਸੀਂ ਉਸਨੂੰ ਫੜ ਵੀ ਸਕਾਂਗੇ ਤੇ ਸਜ਼ਾ ਵੀ ਦੇ ਸਕਾਂਗੇ।

ਪਹਿਲੇ ਐਕਟ ਦੇ ਮੁਤਾਬਿਕ cinema ਦੇ ਮਾਲਿਕ ਉਤੇ ਇਹ ਕੋਈ ਪਾਬੰਦੀ ਨਹੀਂ ਸੀ ਲਗਾਈ ਜਾ ਸਕਦੀ ਕਿ ਉਹ ਅਪਣੇ cinema ਵਿਚ ਰਖੇ ਹੋਏ ਦਰਜਿਆਂ ਅਤੇ tax ਦੇ rate ਨੂੰ cinema ਹਾਲ ਦੇ ਬਾਹਰ ਲੋਕਾਂ ਦੀ ਜਾਣਕਾਰੀ ਲਈ ਲਗਾਵੇ। ਇਸ ਨਾਲ ਲੋਕਾਂ ਨੂੰ ਬਹੁਤ ਸਾਰਾ ਭੁਲੇਖਾ ਲਗਦਾ ਸੀ। ਹੁਣ ਪਬਲਿਕ ਦੀ ਸਹੂਲਤ ਲਈ ਇਸ ਬਿਲ ਵਿਚ ਇਹ ਵੀ provision ਕੀਤਾ ਗਿਆ ਹੈ।

ਫਿਰ, cinemas ਵਿਚ ਇਨ੍ਹਾਂ ਦੇ ਮਾਲਕ ਆਪਣੇ relatives ਨੂੰ ਬੜੇ ਉਚਿਆਂ ਦਰਜਿਆਂ ਵਿਚ ਬਿਠਾ ਦਿੰਦੇ ਸਨ ਤੇ ਉਨ੍ਹਾਂ ਕੋਲੋਂ ਕੋਈ ਟੈਕਸ ਨਹੀਂ ਸਨ ਲੈਂਦੇ। ਇਸ ਤਰ੍ਹਾਂ ਨਾਲ tax ਦੀ ਬਹੁਤ ਸਾਰੀ evasion ਹੁੰਦੀ ਸੀ। ਉਸਨੂੰ ਦੂਰ ਕਰਨ ਲਈ ਵੀ ਇਹ ਚੀਜ਼ ਲਿਆਂਦੀ ਗਈ ਹੈ।

ਇਸਤੋਂ ਇਲਾਵਾ ਕਈ ਸਿਨਮਿਆਂ ਦੇ ਮਾਲਕ tax ਨਹੀਂ ਸਨ ਦੇਂਦੇ। ਟੈਕਸ ਦੇਣ ਲਈ ਉਹ ਕੋਈ ਹੀਲ-ਹੁਜਤ ਨਾ ਕਰਨ ਉਸ ਮਕਸਦ ਲਈ ਅਸੀਂ ਇਹ ਕਰ ਦਿੱਤਾ ਹੈ ਕਿ ਉਹ 1000/- ਰੁਪਿਆ security ਦਾ deposit ਕਰਨ।

ਸੋ ਇਹ ਸਾਰੀਆਂ ਚੀਜ਼ਾਂ item by item ਇਨ੍ਹਾਂ clauses ਵਿਚ ਰਖੀਆਂ ਗਈਆਂ ਹਨ । ਮੈਂ ਉਮੀਦ ਕਰਦਾ ਹਾਂ ਕਿ ਹਾਊਸ ਇਸਨੂੰ ਕਬੂਲ ਕਰੇਗਾ ।

Mr Speaker. Motion moved—

That the Punjab Entertainments Duty Bill be taken into consideration at once.

Mr. Speaker : Question is—

That the Punjab Entertainments Duty Bill be taken into consideration at once.

The motion was carried.

Mr. Speaker : Now the House will proceed to consider the Bill clause by clause.

Sub-caluses (2) and (3) of Clause 1.

Mr. Speaker : Question is—

That sub clauses (2) & (3) of Clause 1 stand part of the Bill.

The motion was carried.

Clause 2.

Sardar Hari Singh (Dasuya) : Sir, I beg to move—

For part (c), substitute—

"(c) Entertainment Tax Officer means the Officer appointed as such under this Act."

Mr. Speaker : Motion moved—

For part (c), substitute—

"(c) Entertainment Tax Officer means the Officer appointed as such under this Act."

Minister for Labour : I accept it.

Mr. Speaker : Question is—

For part (c), substitute—

"(c) Entertainment Tax Officer means the Officer appointed as such under this Act."

The motion was carried.

Mr. Speaker : Question is—

That clause 2, as amended stand part of the Bill.

The motion was carried.

Clause 3.

Maulvi Abdul Ghani Dar (Nuh) : Sir, I beg to move—

In sub clause (1), line 3, for "half" substitute "25 per cent."

स्पीकर साहिब, मैंने इस बिल के अन्दर यह तरमीम करने की ख्वाहिश की है कि ऐंटरटेनमेंट टैक्स जो है वह 50 फीसदी की बजाये 25 फी सदी वसूल किया जाये। वह स्पीकर साहिब, इस लिये कि आम तौर पर मजदूर व.गैरा गरीब तबका ही ज्यादा तादाद में सिनेमा देखने जाता है जब यह लोग थक जाते हैं तो अपने दमाग को तफरीह देने के लिये यह सिनेमा हालों के अन्दर दाखिल होते हैं। यह इन से यह टैक्स बहुत ज्यादा लेना चाहते हैं और मैं यह चाहता हूं कि कम लें। 25 फी सदी बहुत मुनासिब है। इस से ज्यादा नहीं होना चाहिये। अमीर लोगों की तो बात ही क्या। मुझे पता है कि वह लोग किस तरह सिनेमा में जाते हैं। वह लोग आम तौर पर मुफ्त देखते हैं और जो मैनेजर के डिब्बे बने होते हैं, उन में बैठते हैं। (Interruptions) इस लिए स्पीकर साहिब, मैं आप के द्वारा लेबर मिनिस्टर साहिब से दरख्वास्त करता हूं कि इस बड़ी सख्त चीज को जो कि गरीबों पर पड़ती है, न करें और 25 फी सदी ही रहने दें।

Mr. Speaker : Motion moved—

In sub clause (1), line 3, for "half" substitute "25 per cent."

Sardar Hari Singh (Dasuya) : Sir, I beg to move—

After sub clause (3), add—

"(4) The final notification specifying the rates of entertainment duty shall be laid before both the Houses of Legislature at the Session immediately following its publication."

ਮੈਂ ਇਹ ਹੀ ਅਰਜ਼ ਕਰਨੀ ਚਾਹੁੰਦਾ ਸਾਂ ਕਿਉਂਕਿ ੧੫ ਰੁਪਏ ਤੋਂ ਉੱਪਰ ਜਿਹੜੇ ਪਾਸ ਹੁੰਦੇ ਉਨ੍ਹਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਹਾਊਸ ਦੇ ਸਾਹਮਣੇ ਲੈ ਜਾਣਾ ਪੈਂਦਾ ਹੈ। ਇਸੇ ਲਈ ਮੇਰੀ ਇਹ amendment ਹੈ।

Mr. Speaker : Motion moved—

After sub clause (3), add—

"(4) The final notification specifying the rates of entertainment duty shall be laid before both the Houses of Legislature at the session immediately following its publication."

ਸ਼ਰੱਮ ਮੰਤਰੀ (ਚੌਧਰੀ ਸੁੰਦਰ ਸਿੰਘ) : ਸਪੀਕਰ ਸਾਹਿਬ ! ਮੈਂ ਸਰਦਾਰ ਹਰੀ ਸਿੰਘ ਹੋਰਾਂ ਵਲੋਂ ਜਿਹੜੀ amendment ਆਈ ਹੈ ਉਸਨੂੰ ਕਬੂਲ ਕਰਦਾ ਹਾਂ, ਪਰ ਜਿਹੜੀ ਮੌਲਵੀ ਸਾਹਿਬ ਦੀ amendment ਹੈ ਉਹ ਮੈਂ ਨਹੀਂ ਮੰਨ ਸਕਦਾ। ਜੇ ਤੁਸੀਂ ਪੁਛੋ ਤਾਂ ਮੈਂ ਇਸਦਾ ਕਾਰਨ ਵੀ ਦੱਸ ਦਿਆਂ। ਇਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਵੀ ਪਤਾ ਨਹੀਂ ਕਿ ਅਸੀਂ entertainment tax ਕਿਤਨਾ ਲਗਾਇਆ ਹੈ। 25% ਤਾਂ ਅਸੀਂ ਅੱਟੋ ਹੀ ਲੈਂਦੇ ਹਾਂ। ਇਸ ਲਈ ਜੇ ਮੌਲਵੀ ਸਾਹਿਬ ਨੇ ਪੜ੍ਹਿਆ ਹੁੰਦਾ ਤਾਂ ਸ਼ਾਇਦ ਇਹ amendment ਨਾ ਲਿਆਂਦੇ।

Mr. Speaker : Question is—

In sub-clause (1), line 3—, for "half" substitute "25 per cent"

The motion was lost.

Mr. Speaker : Question is—

After sub clause (3), add—

"(4) The final notification specifying the rates of entertainment duty shall be laid before both the Houses of Legislature at the session immediately following its publication."

The motion was carried.

Mr. Speaker : Question is—

That clause 3, as amended, stand part of the Bill.

The motion was carried.

Clauses 4,5,6 and 7.

Mr. Speaker : There are no amendments to clauses 4,5,6 and 7. I will therefore put them together to the vote of the House.

Question is—

That clauses 4, 5, 6, & 7 stand part of the Bill.

The motion was carried.

CLAUSE 8

Maulvi Abdul Ghani Dar (Nuh) : Sir, I beg to move—

In sub clause (2), line 5,

for Rs. 200 (rupees two hundred) substitute "Rs. 25 (rupees twenty five)".

स्पीकर साहिब ! मेरी तरमीम यह है कि इस offence की सज़ा जो दो सौ रुपया जुर्माना की रखी गई है यह कम कर के 25 रुपया कर दी जाये। इस की वजह यह है कि कभी कोई गरीब आदमी इधर उधर से कोशिश करके

(मौलवी अब्दुल गनी डार)
अन्दर चला जाता है और यह tax अदा नहीं करता तो उस के लिये दो सौ रुपये जुर्माना की सज़ा बहुत सख़्त होगी। और आम तौर पर cinema गरीब आदमी ही देखते हैं। इस लिये यह जुर्माना 25 रुपये तक कर दिया जाये।

Mr. Speaker : Motion moved—

In sub-clause (2), line 5,
for "Rs. 200 (rupees two hundred)" substitute "Rs. 25 (rupees twenty five)."

श्रम मन्त्री (चौधरी सुन्दर सिंह) : स्पीकर साहिब ! यह जो दो सौ रुपये के जुरमाने की सज़ा इस clause में रखी गई है यह maximum सज़ा होगी। यह तो habitual offenders के लिए रखी गई है। यह जरूरी नहीं कि हर case में ज़्यादा से ज़्यादा सज़ा दी जाए। दस रुपया भी सज़ा के तौर पर जुरमाना किया जा सकता है और 25 या 50 रुपया भी किया जा सकता है। मेरे ख्याल में मेरे दोस्त मौलवी साहिब को इस बात का पता ही नहीं है कि सज़ा कम भी दी जा सकती है।

Mr. Speaker : Question is—

In sub-clause (2), line 5,
for "Rs. 200 (Rupees two hundred)" substitute "Rs. 25 (Rupees twenty five)."

The motion was lost.

Mr. Speaker : Question is—

That Clause 8 stand part of the Bill.

The motion was carried.

Clause 9

Mr. Speaker : Question is—

That Clause 9 stand part of the Bill.

The motion was carried.

Clause 10

Mr. Speaker : Question is—

That Clause 10 stand part of the Bill.

The motion was carried.

Clause 11

Mr. Speaker : Question is—

That Clause 11 stand part of the Bill.

The motion was carried.

Clause 12

Mr. Speaker: Question is—

That Clause 12 stand part of the Bill.

The motion was carried.

Clause 13

Maulvi Abdul Ghani Dar (Nuh) : Sir, I beg to move—

In sub clause (1), line 5,

for "Sub Inspector" substitute "Inspector".

स्पीकर साहिब इस clause में जो ज़िम्मेदारी दी गई है वह ऐसी है कि उस में बड़ी एतिहात की जरूरत है। इस लिए मैंने तजवीज़ किया है कि यह ज़िम्मेदारी एक Sub-Inspector की बजाए एक Inspector पर डाली जाए। स्पीकर साहिब ! आप को याद होगा कि जब Sales Tax Act के बारे में एक तरमीमी बिल यहां पेश हुआ था तो उस वक्त भी यहां काफी परेशानी थी। यह एक बड़ी ज़िम्मेदारी की बात है। यह Sub-Inspector अगर चाहे तो उन के रिकार्ड अपने कबज़ा में ले दे सकता है और उनकी पड़ताल कर सकता है। इस से उनका काफी हद तक काम रुक जाएगा। इस लिए इस ज़िम्मेदारी में एहतियात होनी चाहिए क्योंकि वह Sub-Inspector और पंजाब गवर्नमेंट के दूसरे अफसर और उन के अज़ीज़ पहले ही आम तौर पर Cinema मुफ्त देखते हैं और उन से पास लेते हैं। इस लिए यह और इख्तियारात Sub-Inspector को न दिए जाए और Cinema वालों को और परेशान न किया जाए। अगर यह इख्तियार उन को ही दिया गया तो वह उनको और परेशान करेंगे। अगर ऐसा किया गया तो मुझे डर है कि यह पंजाब सरकार के लिए क नया मसला न खड़ा हो जाए और सरकार को एक नया आन्दोलन न करना पड़े और दिवान साहिब इन के पास जा कर कहें कि फिर भूल हो गई है।

अध्यक्ष महोदय : आप दिवान साहिब का नाम क्यों लेते हैं। [Why do you bring Diwan Sahib into discussion ?]

Motion moved—

In sub-clause (1), line 5—

for "Sub-Inspector" substitute "Inspector"

श्रम मन्त्री (चौधरी सुन्दर सिंह) : श्री मान प्रधान जी, मौलवी साहिब ने एतराज़ किया है कि यह इख्तियारात एक Sub-Inspector की बजाए एक Inspector के पास होने चाहिएं। मैं आपकी विसातत से उनको बता देना चाहता हूं कि हर जिला के लिए सिर्फ एक Inspector होता है या कहीं कहीं ज्यादा से ज्यादा दो होते हैं लेकिन हर ज़िला में कितने ही Cinema Houses होते हैं इस लिए एक Inspector उन सब को check नहीं कर सकता। फिर उसके पास सिर्फ यही काम नहीं होता। इस लिए यह मुमकिन नहीं हो सकता कि यह काम भी Inspectors के सुपुर्द कर दिया जाए। इनको इस चीज़ से डरना नहीं चाहिए क्यों कि Sub-Inspectors के पास पहले ही बड़ी ज़िम्मेदारी के काम होते हैं। इस लिए यह amendment मनज़ूर नहीं की जानी चाहिए।

Mr. Speaker : Que tion is—

In sub-clause (1), line 5—

for Sub-Inspector substitute "Inspector".

The motion was lost.

Mr. Speaker : Question is—

That Clause 13 stand part of the Bill.

The motion was carried.

Clause 14

Mr. Speaker : Question is—

That Clause 14 stand part of the Bill.

The motion was carried.

Clause 15

Mr. Speaker : Question is—

That Clause 15 stand part of the Bill.

The motion was carried.

Clauses 16,17,18 and 19.

Mr. Speaker : There are no amendments to Clauses 16,17,18 and 19. I will put them together to the vote of the House.

Question is—

That clauses 16,17,18 and 19 stand part of the Bill.

The motion was carried.

CLAUSE 20

Sardar Hari Singh (Dasuya) : Sir, I beg to move—

In sub-clause (2) (k), line 1—

for "payment of admission" substitute "payment for admission".

Mr. Speaker : Motion moved—

In sub-clause (2) (k) line 1,—

for "payment of admission" substitute "payment for admission."

Mr. Speaker : Question is—

In sub-clause (2) (k), line 1—

for "payment of admission" substitute "payment for admission."

The motion was carried.

Mr. Speaker : Question is—

That Clause 20, as amended, stand part of the Bill.

The motion was carried.

Clause 21, Schedule, Sub clause (1) of Clause 1 and the Title.

Mr. **Speaker** : Now Clause 21, Schedule and Sub-Clause (1) of Clause 1, and the Title will be put together to the vote of the House.

Question is—

That Clause 21, the Schedule, sub-clause (1) of Clause 1 and the Title stand part of the Bill.

The motion was carried.

Minister for Labour (Chaudhri Sundar Singh) : Sir I beg to move—

That the Punjab Entertainments Duty Bill, as amended, be passed.

Mr. Speaker : Motion moved—

That the Punjab Entertainments Duty Bill, as amended, be passed.

मौलवी अब्दुल गनी डार (नूह) : स्पीकर साहिब ! मुझे आपके द्वारा इतना ही अर्ज़ करना है कि हमारी सरकार ने मेरी दरख्वास्त की तरफ कोई ध्यान नहीं दिया । मैंने दो प्वाइंट्स

(मौलवी अब्दुल गनी डार)

की तरफ ध्यान देने की दरखास्त की थी। एक तो यह कि मजदूरों गरीबों पर सखती न हो, उन पर बोझ न पड़े। अगर कोई गलती हो जाये तो 200 रुपये नहीं 25 रुपये जुर्माना हो। इन्होंने नहीं माना। खैर यह सरकार की मर्ज़ी है। इनकी गिनती ज़्यादा है इस लिये ऐसा करते हैं।

दूसरा प्वाइंट यह था कि खाह मखाह एक इण्डस्ट्री से न लड़ा जाये। सिनेमा एक इण्डस्ट्री है। जब सरकार खुद ऐसा मानती है तो उन को काम क्यों नहीं करने देती ? एक सब इन्स्पैक्टर जाये और कब्ज़ा करे तो यह कहां का कायदा है। एक मिनिस्टर या अफसर होता है तो क्या उसे हर सिनेमा या दूसरी चीज़ पर कब्ज़े का इख्तयार होता है ?

गवर्नमैंट इस तरह करे तो इसका काम दो दिन नहीं चल सकता। एक सब इन्स्पैक्टर से ऊपर इन्स्पैक्टर होता है और इन्स्पैक्टर से भी ऊपर और भी दर्जा बढ़ता है और जिम्मेदारी बढ़ती है। लेकिन यह बात इनके दिमाग में नहीं आई। यह तो लड़ना चाहते हैं। हर एक से, किसान से शहरी से और सिनेमा वालों से, फैक्टरी वालों से, व्यापारियों से, सब से लड़ना चाहते हैं। व्यापारियों से अभी निपट नहीं सके। अब यह बिल लाए हैं। आपका सब इन्स्पैक्टर जाये उनकी गर्दन मरोड़ दे। चाहते हैं कि हमारा हुक्म चले। इस लिये मैं समझता हूँ कि सरकार ने यह एक भारी बुराई की है। खाह मखाह एक नया झगड़ा छेड़ा है। सिनेमा वालों और गरीब को दबा दिया है। यह अच्छा नहीं किया।

दिवान जगदीश चन्द्र (लुधियाना शहर उत्तरी) : स्पीकर साहिब, मौलवी साहिब ने जो इस बिल की मुखालिफत की है वह मुझे समझ नहीं आई। आपने फरमाया कि यह जो बिल पेश किया गया है इस से मज़दूरों किसानों पर बड़ी सख्ती हो गई और इन्होंने उनके cause को plead करने की कोशिश की है। मैं अर्ज़ करना चाहता हूँ कि जो भी गड़बड़ होती है वह अकसर सिनेमा वालों की तरफ से होती है। Entertainment tax से बचना होता है तो वह ऐसा हिसाब किताब करते हैं कि जिस से पूरा Entertainment tax Government के पास न आए। इस में ऐसा कोई मामला नहीं जिस में मजदूरों और किसानों का वास्ता दिया जाये। यह दुरुस्त है कि मौलवी साहिब ने सिनेमा चलाया है लेकिन उस वक्त Entertainment tax नहीं था और वह अक्सर अपने दोस्तों को पास भी देते होंगे लेकिन उस वक्त गवर्नमैंट को उस से कोई झगड़ा न था। मगर आज यह tax है। इस से गरीब पर बोझ नहीं पड़ता क्यों कि सिनेमा जाना जिन्दगी के लिये जरूरी नहीं। जो लोग जाते हैं tax देते हैं। वह रुपया गवर्नमैंट और लोगों के मुफाद के लिये इस्तेमाल होता है

ओर यह .जरूरी है। पहले जो बिल था उस में loopholes थे, ऐसी गुन्जाइशें थीं कि जिस से गवर्नमैंट का टैक्स लिया जाए मगर उसे पूरा दिया न जाए। इस बिल के .जरिए वह दूर कर दिए गए हैं और इस को म.जदूरों पर बोझ और उन से बेइन्साफी करते हैं। यह बात मेरी समझ में नहीं आती। मौलवी साहिब का तजरुबा होगा कि सिनेमा वाले गवर्नमैंट को Entertainment tax नहीं देते और दूसरे तरीकों से बीच में ही निगल जाते हैं और गवर्नमैंट के पास नहीं पहुंचने देते। फिर कहा कि 200 रुपये का एक बड़ा जुर्माना लगा दिया है। Minister साहिब ने बजा तौर पर फरमाया है कि यह .जरूरी नहीं कि 200 रुपये का जुर्माना किया जायेगा। अगर कोई management का या कोई दूसरा आदमी पकड़ा जायेगा जिस ने पांचवीं या दसवीं बार ऐसा जुर्म किया हो तो उस को 200 रुपया जुर्माना ज्यादा नहीं। मगर दूसरी हालत में 10 रुपये या 5 रुपये भी किया जा सकता है। यह कोई नामुनासिब जुर्माना नहीं। इस लिये मौलवी साहिब को मालूम होना चाहिये कि 200 रुपये में कोई डरने वाली बात नहीं है। और जहां तक बिल के general असूल की बात है उस में मैं समझता हूं कि मौलवी साहिब को कोई इतरा.ज नहीं और वह इस के हक में हैं। इन अलफा.ज के साथ मैं House से कहूंगा कि हमें इस Bill को पास कर देना चाहिये।

प्रोफैसर मोता सिंह आनन्दपुरी (आदमपुर) : स्पीकर साहिब, इस बिल के अन्दर एक खास loophole जो मुझे न.जर आता है, अगर्चे इसके aims and objects में लिखा गया है कि इस बिल के जो loopholes थे उन को दूर करने के लिये यह बिल लाया गया है, वह यह है .

Proprietors of entertainment houses indulge in many malpractices......

तो यह जो malpractices हैं, उनके लिये clause 12 में Commissioner को यह ताकत दी जायेगी कि वह entertainment proceedings की propriety और legality को देखने के लिए अगर कोई report करे या खुद अपनी ही म.र्जी से उनको मंगवाये तो उस पर action लिया जायेगा। यह ठीक है कि यह उस की legality और propriety की बात है। हिसाब किताब के documents देखे जायेंगे मगर उस में moral side के मुतअल्लिक कुछ नहीं कहा गया। Entertainment की एक immoral side भी होती है खास कर prostitutes वगैरा भी इस में आती हैं। जरूरी था कि इस loophole को दूर कर दिया जाता। और यह provision कर दिया जाता इस के moral aspect को कायम करने के लिये कि कोई entertainment ऐसी न हो जो prostitution की encouragement करने वाली हो और immorality को बढ़ाने वाली हो। यह ची.ज Minister साहिब से रह गई है अगर इधर भी ध्यान देते तो अच्छा था।

ਸ਼ਰੱਮ ਮੰਤਰੀ (ਚੌਧਰੀ ਸੁੰਦਰ ਸਿੰਘ) : ਸਪੀਕਰ ਸਾਹਿਬ ! ਮੌਲਵੀ ਸਾਹਿਬ ਨੇ ਜੋ Sub-Inspector ਬਾਰੇ ਕਿਹਾ ਹੈ ਉਹ ਮੈਂ ਪਹਿਲਾਂ ਹੀ ਦੱਸ ਚੁਕਾ ਹਾਂ। ਜਿਥੋਂ ਤਕ ਇਸ ਬਿਲ ਦਾ ਤਅੱਲਕ ਹੈ ਅਸੀਂ ਕੋਈ entertainment tax ਵਧਾਇਆ ਨਹੀਂ। ਸਰਕਾਰੀ ਟੈਕਸ ਦਾ evasion ਹੁੰਦਾ ਹੈ, ਚੋਰੀ ਹੁੰਦੀ ਹੈ ਉਸਨੂੰ ਰੋਕਣ ਲਈ ਇਹ ਕੀਤਾ ਗਿਆ ਹੈ। ਮੌਲਵੀ ਸਾਹਿਬ ਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ। ਇਸਨੂੰ ਅਸਾਂ Good faith ਨਾਲ ਪੇਸ਼ ਕੀਤਾ ਹੈ। ਮੌਲਵੀ ਸਾਹਿਬ ਨੇ ਕਿਹਾ ਹੈ ਕਿ ਗਰੀਬ ਲੋਕਾਂ ਤੇ ਇਸਦਾ ਅਸਰ ਹੁੰਦਾ ਹੈ। ਮਗਰ ਜੋ ਆਦਮੀ cinema ਵੇਖਦਾ ਹੈ ਉਸਦੇ ਪਾਸ ਪੈਸਾ ਹੈ ਅਤੇ ਗਰੀਬ ਨੂੰ ਤਾਂ ਰੋਟੀ ਖਾਣ ਨੂੰ ਵੀ ਨਹੀਂ ਮਿਲਦੀ। ਜਿਸਦੀ ਆਦਤ ਬਣ ਜਾਵੇਗੀ ਉਸ ਲਈ ਇਹ measure ਜ਼ਰੂਰੀ ਹੈ। ਕਈ ਲੋਕ ਅਜਿਹੇ ਹਨ ਕਿ ਰੋਟੀ ਨਾ ਵੀ ਹੋਵੇ ਸਿਨਮੇ ਜਾਂਦੇ ਹਨ। ਇਸ ਨਾਲ morale ਨਹੀਂ ਵਧਦਾ। ਸਰਦਾਰ ਮੋਤਾ ਸਿੰਘ ਜੀ ਨੇ ਕਿਹਾ ਹੈ ਕਿ morale ਵਾਲੀ side ਨੂੰ ਵੀ ਲੈਣਾ ਚਾਹੀਦਾ ਹੈ ਅਤੇ ਇਕ ਅਸੀਂ ਇਸ ਬਾਰੇ ਕੁਝ ਨਹੀਂ ਕਰਦੇ। ਹਾਲਤ ਇਹ ਹੈ ਕਿ ਜੇਕਰ ਕਿਸੇ ਨੂੰ allotment ਹੋਈ ਅਤੇ ਉਸਦੇ ਬਾਅਦ cancel ਹੋ ਗਈ ਤਾਂ ਉਹ ਜਾਂਦੇ ਹੋਏ ਤਖਤੇ, ਬਾਰੀਆਂ ਆਦਿ ਲੈ ਜਾਂਦੇ ਹਨ। ਇਹ ਹਾਲਤ ਤਾਂ ਹੈ ਕੀ ਕੀਤਾ ਜਾਵੇ ? ਸਾਡਾ ਦਿਲ ਨਹੀਂ ਕਰਦਾ ਕਿ ਸਖਤ ਕਾਨੂੰਨ ਬਣਾਈਏ। ਅਸੀਂ ਵੀ ਚਾਹੁੰਦੇ ਹਾਂ ਕਿ ਅਜਿਹੇ ਕਾਨੂੰਨ ਬਨਣ ਕਿ ਲੋਕਾਂ ਦਾ ਮੋਰੇਲ ਵਧੇ।

ਪ੍ਰੋਫੈਸਰ ਮੋਤਾ ਸਿੰਘ : morale ਨਹੀਂ moral

ਸ਼ਰੱਮ ਮੰਤਰੀ : ਜੀ ਹਾਂ, morals ਨੂੰ, ਚਾਲ ਚਲਣ ਅਤੇ ਆਦਰਸ਼ਾਂ ਨੂੰ ਵੀ ਉਚਿਆਂ ਕਰਾਂਗੇ। development ਦੇ ਕੰਮ ਲਈ, rural uplift ਦੇ ਕੰਮ ਲਈ ਅਤੇ ਦਿਹਾਤੀਆਂ ਦੀ ਤਾਲੀਮ ਲਈ ਰੁਪਏ ਦੀ ਜ਼ਰੂਰਤ ਹੈ। ਇਸ ਕਰਕੇ ਇਹ ਟੈਕਸ ਲਗਾਇਆ ਜਾ ਰਿਹਾ ਹੈ। ਇਸ ਬਿਲ ਰਾਹੀਂ ਲੱਖਾਂ ਰੁਪਏ ਦੇ ਘਾਟੇ ਨੂੰ ਰੋਕਿਆ ਜਾਵੇਗਾ।

Mr. Speaker : Question is—

That the Punjab Entertainments Duty Bill, as amended, be passed.

The motion was carried.

———

THE PUNJAB APPROPRIATION (No. 3) BILL, 1955.

Minister for Development (Sardar Partap Singh Kairon) : Sir I beg to introduce the Punjab Appropriation (No. 3) Bill.

Minister for Development : Sir, I beg to move—

That the Punjab Appropriation (No. 3) Bill be taken into consideration at once.

Mr. Speaker : Motion moved—

That the Punjab Appropriation (No. 3) Bill be taken into consideration at once.

ਸਰਦਾਰ ਚੰਨਣਸਿੰਘਧੂਤ(ਟਾਂਡਾ) : ਸਪੀਕਰ ਸਾਹਿਬ ! Appropriation Bill ਵਿਚ flood relief ਲਈ ਜਿਹੜਾ ਪੈਸਾ ਰਖਿਆ ਗਿਆ ਹੈ ਬਹੁਤ ਥੋੜ੍ਹਾ ਹੈ। ਤਬਾਹ ਹੋਏ ਲੋਕਾਂ ਦੀ ਬਹੁਤ ਸਾਰੀ ਮੱਦਦ public ਨੇ ਰੋਟੀਆਂ ਤੇ ਕਪੜੇ ਦੇ ਕੇ ਕੀਤੀ ਹੈ । ਰੁਪਏ ਦੀ ਤਕਸੀਮ ਦਾ ਕੰਮ ਵੀ public ਦੀ co-operation ਨਾਲ ਕੀਤਾ ਜਾਣਾ ਚਾਹੀਦਾ ਹੈ । ਤਕਾਵੀ ਕਰਜ਼ੇ ਤੇ grants ਦੇਣ ਲਈ ਪੁਰਾਣਾ ਤਰੀਕਾ ਅਖਤਿਆਰ ਨਹੀਂ ਕੀਤਾ ਜਾਣਾ ਚਾਹੀਦਾ । ਅੱਜ ਲੋਕ ਤਕਾਵੀ ਦਾ ਨਾਂ ਲੈਂਦਿਆਂ ਡਰਦੇ ਹਨ, ਕਹਿੰਦੇ ਹਨ ਕਿ ਸਾਨੂੰ ਤਕਾਵੀ ਦਾ ਨਾਂ ਸੁਣ ਕੇ ਪੁਲਸ ਨਜ਼ਰ ਆਉਣ ਲਗਦੀ ਹੈ, ਤੰਗ ਕਰਨ ਵਾਲੇ ਤਹਿਸੀਲਦਾਰ ਦੇ ਅੱਧੀ ਤਕਾਵੀ ਖਾ ਜਾਣ ਵਾਲੇ ਕਲਰਕ ਦਿਸਦੇ ਹਨ । ਜਿਹੜਾ ਰੁਪਿਆ ਰਖਿਆ ਗਿਆ ਹੈ, ਇਸਦਾ ਸਹੀ ਇਸਤਮਾਲ ਹੋਣਾ ਚਾਹੀਦਾ ਹੈ । ਇਹਦੀ ਵੰਡ publicmen ਦੇ ਤਾਆਵਨ ਨਾਲ ਜਥੇਬੰਦੀਆਂ ਤੇ M. L. A.'s ਦੀ co-operation ਨਾਲ ਹੋਣੀ ਚਾਹੀਦੀ ਹੈ । ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਇਸ ਰੁਪਏ ਦੀ ਵੰਡ ਤੋਂ ਉਹ ਨਤੀਜਾ ਨਹੀਂ ਨਿਕਲੇਗਾ ਜਿਹੜਾ ਨਿਕਲਣਾ ਚਾਹੀਦਾ ਹੈ । ਸਰਕਾਰੀ ਮਸ਼ੀਨਰੀ ਜਿਸ ਤਰ੍ਹਾਂ ਕੰਮ ਕਰੇਗੀ, ਉਸਦਾ ਮੈਨੂੰ ਜ਼ਾਤੀ ਤਜਰਬਾ ਹੈ । ਸੈਕਰੇਟਰੀ ਪੰਚਾਇਤ ਅਫਸਰਾਂ ਦਾ ਨਾਂ ਲੈ ਕੇ ਪੰਚਾਇਤਾਂ ਤੋਂ ਪੈਸਾ ਲੈ ਲੈਂਦੇ ਹਨ ਤੇ ਪੰਚਾਇਤ ਅਫਸਰ ਨੂੰ ਪਤਾ ਹੀ ਨਹੀਂ ਹੁੰਦਾ । ਜੇਕਰ ਤਕਸੀਮ ਦਾ ਤਰੀਕਾ ਪੁਰਾਣਾ ਹੀ ਰਿਹਾ ਤਾਂ ਲੋਕਾਂ ਦੀ ਮੁਸੀਬਤ ਤੋਂ ਹੱਥ ਰੰਗਣ ਵਾਲੇ ਪੂਰਾ ੨ ਫਾਇਦਾ ਉਠਾਣਗੇ ।

ਦੂਜੀ ਗੱਲ ਇਹ ਹੈ ਕਿ flood relief ਦੇ ਕੰਮ ਲਈ ਕਿਸੇ ਜਮਾਇਤ ਜਾਂ agency ਨੂੰ ਬਿਨਾਂ ਬਾਕਾਇਦਾ ਰਸੀਦਾਂ ਜਾਰੀ ਕੀਤੇ funds ਕਠੇ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ, ਨਹੀਂ ਤਾਂ 'ਵਾਹ ਵਾਹ' ਦੀ ਬਜਾਏ ਬਦਨਾਮੀ ਹੋਵੇਗੀ । ਕਈ ਪੰਚਾਇਤਾਂ ਵੀ ਮਦਦ ਦੇਣਾ ਚਾਹੁੰਦੀਆਂ ਹਨ । ਪਰ audit ਤੇ accounts ਦਾ ਖਿਆਲ ਕਰਕੇ ਪੈਸਾ ਖਰਚ ਨਹੀਂ ਕਰ ਰਹੀਆਂ । ਜਿਹੜੀਆਂ ਪੰਚਾਇਤਾਂ ਲੋਕਾਂ ਦੀ ਮਦਦ ਕਰਨੀ ਚਾਹੁੰਦੀਆਂ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ । ਸੱਦਰ ਸਾਹਿਬ ਦੇ ਨਾਂ ਤੇ ਜਿਹੜਾ fund ਚਲਿਆ ਹੋਇਆ ਹੈ, ਉਸ ਲਈ ਪੈਸਾ ਇਕੱਠਾ ਕੀਤਾ ਜਾ ਰਿਹਾ ਹੈ ਪਰ ਰਸੀਦਾਂ ਨਹੀਂ ਦਿੱਤੀਆਂ ਜਾ ਰਹੀਆਂ । ਇਸ ਕਰਕੇ ਤਰ੍ਹਾਂ ੨ ਦੀਆਂ

[ਸਰਦਾਰ ਚੰਨਣ ਸਿੰਘ ਧੂਤ]

ਗੱਲਾਂ ਹੋ ਰਹੀਆਂ ਹਨ। ਹਰ fund ਦਾ ਬਾਕਾਇਦਾ ਹਿਸਾਬ ਹੋਣਾ ਚਾਹੀਦਾ ਹੈ ਤੇ ਰਸੀਦਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਉਸਦਾ ਨਾਜਾਇਜ਼ ਇਸਤਮਾਲ ਨਾ ਹੋਵੇ।

Finance Corporation ਜਿਸਦੇ ਬਾਰੇ ਪਿਛਲੇ ਸੈਸ਼ਨਾਂ ਵਿਚ ਬਹੁਤ ਕੁਝ ਕਿਹਾ ਜਾਂਦਾ ਰਿਹਾ ਹੈ ਘਾਟੇ ਵਿਚ ਜਾ ਰਹੀ ਹੈ। ਉਸਦੀ ਹਾਲਤ ਇਹ ਹੈ ਕਿ shareholders ਨੂੰ ਜਿਹੜਾ 3 per cent ਦੇ ਹਿਸਾਬ ਸੂਦ ਦਿਤਾ ਜਾਣਾ ਹੈ ਸਰਕਾਰੀ ਖਜ਼ਾਨੇ ਵਿਚੋਂ ਦਿੱਤਾ ਜਾਵੇਗਾ। ਇਸ ਸਿਲਸਿਲੇ ਵਿਚ ਰੁਪਏ ਦੀ ਮੰਗ ਕੀਤੀ ਗਈ ਹੈ ਇਹ ਗਵਰਨਮੈਂਟ ਦਾ ਨਾਲਾਇਕਪੁਣਾ ਹੈ ਅਤੇ ਰੁਪਏ ਨੂੰ ਬਰਬਾਦ ਕਰਨਾ ਹੈ।

ਇਸ ਤਰ੍ਹਾਂ ਦੀ ਇਕ ਹੋਰ ਮਿਸਾਲ ਹੈ। ਇਸਦਾ ਪਤਾ Demand No. 11 ਤੋਂ ਲਗਦਾ ਹੈ। ਖੁਰਾਕ store ਕਰਨ ਲਈ ਕੁਝ ਥਾਵਾਂ ਬਣੀਆਂ ਹੋਈਆਂ ਸਨ, ਜਿਨ੍ਹਾਂ ਨੂੰ ਬੰਦ ਕੀਤਾ ਜਾਣਾ ਸੀ। ਸਰਕਾਰ ਨੂੰ ਇਹ ਕੰਮ ਕਰਨ ਦਾ ਵਕਤ ਨਹੀਂ ਮਿਲਿਆ, ਇਸ ਕਰਕੇ ਰੁਪਿਆ ਮੰਗਿਆ ਜਾ ਰਿਹਾ ਹੈ। ਜੇ ਗਵਰਨਮੈਂਟ ਆਪਣੀ ਗਲਤੀ ਜਾਂ ਸੁਸਤੀ ਕਰਕੇ ਵਕਤ ਸਿਰ ਕੰਮ ਨਾ ਕਰੇ, ਤਾਂ ਵੀ ਸਰਕਾਰੀ ਖਜ਼ਾਨੇ ਤੇ ਬੋਝ ਪੈਂਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ 1954 ਤੋਂ ਲੈਕੇ ਅੱਜ ਤਕ ਕਿਸੇ ਨੇ ਇਸ ਗੱਲ ਵਲ ਖਿਆਲ ਨਹੀਂ ਕੀਤਾ। ਸਾਰੀਆਂ ਚੀਜ਼ਾਂ ਇਸੇ ਢੰਗ ਨਾਲ ਕੀਤੀਆਂ ਜਾਂਦੀਆਂ ਹਨ।

ਸਪੀਕਰ ਸਾਹਿਬ! ਫਿਰ, ਇਕ ਮੰਗ ਨੀਲੋਖੇੜੀ ਦੀ health, education ਆਦਿ ਬਾਰੇ ਕੀਤੀ ਗਈ ਹੈ। ਅੱਜ ਤਕ ਜੋ ਰਿਪੋਰਟਾਂ ਆਈਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਸਦੀ ਦਸਤਕਾਰੀ ਫੇਲ੍ਹ ਹੋ ਚੁਕੀ ਹੈ। ਫੇਰ ਵੀ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਸਾਰਾ ਘਾਟਾ ਗਵਰਨਮੈਂਟ ਬਰਦਾਸ਼ਤ ਕਰ ਰਹੀ ਹੈ।

(आवाज़ें : यह तो देहातों के लिए है जो नीलोखेड़ी ब्लाक में शामिल हैं।)

Police की demand के बारे में Chief Minister साहिब ने कहा है कि कांग्रेस के सैशन पर बहुत सारे लोग आयेंगे।

Shri Mool Chand Jain : On a point of Order, Sir. There is no quorum. Rule 76 of the Rules of Procedure and Conduct of Business in the Punjab Legislative Assembly lays down that if the number of members prescribed as quorum by the Constitution are not present, the Presiding Officer shall direct the division bells to be sounded. The division bells should, therefore, be rung.

(Under the direction of the Speaker, the division bells were then sounded. Some Members entered the House and occupied their seats).

Mr. Speaker : The quorum is complete now. The House can transact its business.

ਸਰਦਾਰ ਚੰਨਣ ਸਿੰਘ ਧੂਤ : ਸਪੀਕਰ ਸਾਹਿਬ ! ਇਹ ਦਸਿਆ ਗਿਆ ਹੈ ਕਿ ਕਾਂਗਰਸ ਦੇ ਸੈਸ਼ਨ ਦੇ ਨੇੜੇ ਤੇੜੇ ਵੀਹ ਲੱਖ ਰੁਪਿਆ ਪੁਲਸ ਉਤੇ ਖਰਚ ਹੋਣਾ ਹੈ। ਇਕ ਗੱਲੋਂ ਤਾਂ ਚੰਗਾ ਹੈ ਕਿ ਸਰਕਾਰ ਨੇ ਘਟੋ ਘਟ ਮੰਨ ਤਾਂ ਲਿਆ ਹੈ ਕਿ ਉਹ ਅਪਣੀ ਪਾਰਟੀ ਦੇ ਸੈਸ਼ਨ ਲਈ ਇਤਨਾ ਭਾਰ ਸਰਕਾਰੀ ਖਜ਼ਾਨੇ ਉਤੇ ਪਾਵੇਗੀ। ਇਸਤੋਂ ਛੁਟ ਹੋਰ ਕਾਫੀ ਰੁਪਿਆ ਲੋਕਾਂ ਤੋਂ ਇਕੱਠਾ ਕਰਕੇ ਵੀ ਇਸ ਸੈਸ਼ਨ ਤੇ ਖਰਚ ਕੀਤਾ ਜਾਵੇਗਾ। ਕਿੰਨੀ ਚੰਗੀ ਗੱਲ ਹੁੰਦੀ ਕਿ ਪਬਲਿਕ ਦੇ ਖਜ਼ਾਨੇ ਵਿਚੋਂ ਰੁਪਿਆ ਲੈਣ ਦੀ ਥਾਂ ਸਰਕਾਰੀ ਪਾਰਟੀ ਕੇਵਲ ਅਪਣੀ ਪਾਰਟੀ ਦੇ ਫੰਡਾਂ ਵਿਚੋਂ ਹੀ ਖਰਚ ਕਰਦੀ ਅਤੇ ਸਾਡੀ ਪਬਲਿਕ ਦਾ ਇਹ ਵੀਹ ਲੱਖ ਰੁਪਿਆ ਬਚ ਜਾਂਦਾ। ਸ਼੍ਰੀਮਾਨ ਜੀ, ਇਸ ਸਬੰਧ ਵਿਚ ਸਾਡੀ ਮੋਗੇ ਵਿਚ ਹੋਈ ਕਾਨਫ੍ਰੰਸ ਦਾ ਵੀ ਹਵਾਲਾ ਦਿਤਾ ਗਿਆ ਹੈ। ਮੈਂ ਮੋਗੇ ਸਬੰਧੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਾਡੀ ਕਾਨਫ੍ਰੰਸ ਦੇ ਇੰਤਜ਼ਾਮ ਲਈ ਸਾਨੂੰ ਇਕ ਵੀ ਸਿਪਾਹੀ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ ਜਦੋਂ ਕਿ ਕਾਂਗਰਸ ਵਾਲੇ ਵੀਹ ਲੱਖ ਰੁਪਿਆ ਪੁਲਸ ਉਤੇ ਖਰਚ ਕਰਨ ਦੀਆਂ ਸੋਚ ਰਹੇ ਹਨ। ਮੋਗੇ ਦੀ ਕਾਨਫ੍ਰੰਸ ਸਬੰਧੀ ਸਾਨੂੰ ਸਾਈਕਲਾਂ ਦਾ ਮਿਹਣਾ ਮਾਰਿਆ ਗਿਆ ਹੈ। ਪਰ ਅਜੀਬ ਗੱਲ ਹੈ ਕਿ ਮਿਹਣੇ ਮਾਰਨ ਵਾਲੇ ਭੁਲ ਜਾਂਦੇ ਹਨ ਕਿ ਸਾਡੇ ਤਾਂ ਕੇਵਲ ਸਾਈਕਲ ਹੀ ਸਨ ਜਦੋਂ ਕਿ ਉਨ੍ਹਾਂ ਦੀਆਂ ਕਾਰਾਂ ਹਨ। ਇਹ ਨਹੀਂ ਭੁਲਣਾ ਚਾਹੀਦਾ ਕਿ ਜਦੋਂ ਅਸੀਂ ਕੇਵਲ ਹਜ਼ਾਰਾਂ ਰੁਪਏ ਕਾਨਫ੍ਰੰਸ ਉਤੇ ਖਰਚ ਕੀਤੇ ਉਹ ਲੱਖਾਂ ਰੁਪਏ ਇਸ ਸੈਸ਼ਨ ਉਤੇ ਖਰਚ ਕਰਨ ਲਗੇ ਹਨ। ਸਭ ਤੋਂ ਵੱਡੀ ਦੁਖਦਾਈ ਗੱਲ ਤਾਂ ਇਹ ਹੈ ਕਿ ਇਨ੍ਹਾਂ ਰੁਪਿਆਂ ਵਿਚੋਂ ਬਹੁਤ ਸਾਰੇ ਸਾਡੇ ਪਬਲਿਕ ਫੰਡਜ਼ ਹਨ। ਪੁਲਸ ਉਤੇ ਇਸ ਸੈਸ਼ਨ ਲਈ ਇਤਨੇ ਰੁਪਏ ਖਰਚ ਕਰਨੇ ਕੋਈ ਛੋਟੀ ਜਿਹੀ ਗੱਲ ਨਹੀਂ। ਇਹ ਜਮਹੂਰੀਅਤ ਤੇ ਇਕ ਸੱਟ ਹੈ ਕਿ ਇਕ ਪਾਰਟੀ ਦੇ function ਉਤੇ ਲੱਖਾਂ ਰੁਪਏ ਸਰਕਾਰੀ ਖਜ਼ਾਨੇ ਦੇ ਖਰਚ ਹੋਣ। ਜੇ ਕਰਨੇ ਹੀ ਹਨ ਤਾਂ ਪਾਰਟੀ ਦੇ ਫੰਡਾਂ ਵਿਚੋਂ ਖਰਚ ਕੀਤੇ ਜਾਣ। ਕਿਸੇ ਵੀ ਪਾਰਟੀ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਕਿ ਸਰਕਾਰੀ ਪੁਲਸ ਲੈਕੇ ਪਾਰਟੀ ਦੇ functions ਦਾ ਇੰਤਜ਼ਾਮ ਕੀਤਾ ਜਾਵੇ। ਜੋ ਪਾਰਟੀ ਇਸ ਤਰ੍ਹਾਂ ਕਰੇ ਉਸਨੂੰ ਲੋਕਾਂ ਦੀ ਪਾਰਟੀ ਨਹੀਂ ਕਿਹਾ ਜਾ ਸਕਦਾ। ਪਬਲਿਕ ਦੇ ਫੰਡ ਲੋਕਾਂ ਦੀ ਅਮਾਨਤ ਹਨ। ਇਹ ਉਨ੍ਹਾਂ ਦੇ ਲਾਭ ਲਈ ਹੀ ਵਰਤਣੇ ਚਾਹੀਦੇ ਹਨ। ਇਹੋ ਵੀਹ ਲੱਖ ਰੁਪਿਆ ਜੋ ਪੁਲਸ ਉਤੇ ਖਰਚ ਕੀਤਾ ਜਾ ਰਿਹਾ ਹੈ ਬੜੀ ਚੰਗੀ ਤਰ੍ਹਾਂ development ਉਤੇ ਖਰਚ ਕੀਤਾ ਜਾ ਸਕਦਾ ਹੈ। ਅੱਜ ਕਲ ਲੋਕ ਹੜ੍ਹਾਂ ਕਰਕੇ ਸੰਕਟ ਵਿਚ ਫਸੇ ਹਨ। ਇਹੋ ਰੁਪਿਆ Relief ਲਈ ਵਰਤਿਆ ਜਾ ਸਕਦਾ ਹੈ। ਜੇ ਇਹ ਮੰਗ ਪਾਸ ਕਰ ਦਿਤੀ ਗਈ ਤਾਂ ਇਸ ਨਾਲ ਕਾਂਗਰਸ ਦੀ ਸ਼ੋਭਾ ਨਹੀਂ ਹੋ ਸਕਦੀ। ਲੋਕ ਕਾਂਗਰਸ ਨੂੰ ਬੁਰਾ ਹੀ ਕਹਿਣਗੇ ਕਿਉਂਕਿ ਇਹ ਫਜ਼ੂਲ ਖਰਚੀ ਲੋਕ ਬਰਦਾਸ਼ਤ ਨਹੀਂ ਕਰ ਸਕਦੇ।

श्री मूल चन्द जैन (समालखा) : स्पीकर साहिब, मैं इस Appropriation Bill पर कुछ observations करना चाहता हूं। पहली बात यह है कि floods पर जो दो करोड़ रुपया रखा गया है, अच्छा हो अगर यह सारी रकम इस supplementary Bill में ही आ जाती।

(श्री मूल चन्द जैन)

दूसरी बात जो मैं कहनी चाहता हूं यह है कि पुलिस में जो नई भरती हो रही है उस में हरिजनों का कोई ख्याल नहीं रखा जाता। कहा जाता है कि यह भरती आ.र्जी है मगर यह regular में absorb होनी है। सरकार ने हरिजनों में से 50 फी सदी भरती करने का वायदा किया था। अगर इस वायदे को पूरा करना है तो यह 50 फी सदी की रयायत आ.र्जी भरती में भी दी जाये। मैंने इस बात पर .जोर दिया था। मगर मैं सुनता रहा हूं, चीफ मिनिस्टर साहिब ने इस बात का अपनी तकरीर में कोई जवाब नहीं दिया। मैं उम्मीद करता हूँ कि अगर हरिजनों की ratio पुलिस में 50 फी सदी करनी है तो इस बात पर .गौर किया जायेगा।

तीसरी बात canal department के मुतअल्लिक है। इस बिल में दो तीन बन्धों के लिये रुपया मांगा है। यह अच्छी बात है। इस सूबे में drainage की problem बहुत बड़ी है। अगर drainage का अच्छा प्रबन्ध होता तो flood में तबाही का extent काफी कम हो जाता। सरकार को drainage के बारे में सोचना चाहिये। इन flood में जो नुकसान हुआ है उस को पूरा करने और relief के काम पर रुपया खर्च करने में सूबे की भलाई है। तबाह हाल लोगों को रो.जगार देना चाहिये ताकि वह गु.जारा कर सकें।

चौथी बात जिस की ओर मैं सरकार का ध्यान दिलाना चाहता हूं वह आठवीं मांग है। इस में बताया गया है कि बटाला कमयूनिटी ब्लाक पर तीन लाख अठत्तर ह.जार रुपया नवां शहर पर चार लाख ग्यारह ह.जार रुपया खर्च आना है। इनके मुकाबले में सोनीपत ब्लाक पर केवल 7 ह.जार और नीलोखेड़ी पर एक लाख बाइस ह.जार रुपया खर्च हो।। यह हैरानी है कि बार बार कहने के बावजूद इस बात की तरफ ध्यान नहीं दिया जाता कि हरियाना के साथ सौतीली मां का सलूक क्यों किया जाता है। जो रकमें रखीं गई हैं उन से हैरानी होती है। जालन्धर डिवी.जन के ब्लाकों पर तो आठ लाख रुपये की रकम खर्च होगी मगर अम्बाला डिवीज.न के दो ब्लाकों पर केवल एक लाख साठ हज.ार। यह तमाम बातें थीं जिन के कारण हरियाने वालों ने हरियाने को अलग सूबा बनाने की मांग की। ऐसी बदसलूकी से ही एक भाई मांग कर सकता है कि उस को दूसरे भाई से अलग कर दिया जाये। हर बात में हरयाने से बदसलूकी की जाती है। Canal Department ने भी करनाल के लिये बान्धों के लिये कोई रुपया नहीं रखा कुदरती तौर पर इस इलाके के लोग अलग होना चाहते हैं। एक भाई ने कहा है कि पुलिस के लिये बीस लाख रुपया इस लिये रखा है कि पंजाबी सूबे की मांग करने वालों से डर है। अगर agitation constitutional ढंग से हो तो उसे दबाने की जरूरत नहीं।

पर अगर कोई आदमी unconstitutional आवाज़ उठायेगा तो गवर्नमेंट जरूर उसका मुकाबला करेगी। लेकिन मैं कहता हूँ कि गवर्नमेंट क्यों ऐसे हालात पैदा करती है, क्यों ऐसी चीज़ें करती है जिन से कि कुदरती तौर पर लोगों को शिकायत का मौका मिले ? आप ज़रा इधर देखिए नीलो-खड़ी और सोनी पत के जो development blocks हैं उनके लिए कितनी थोड़ी रकम रखी गयी है। मगर इधर के जो blocks हैं उनके लिये 8 लाख की रकम रखी गयी है जिनमें से तीन तीन लाख रुपया सड़कों के लिए वक्फ किया गया है। मगर नीलो खेड़ी में सड़कों के लिए सिर्फ चार हजार रुपये की कलील रकम रखी गयी है। तरावड़ी से ले कर एक सड़क बननी थी उसके लिये कोई provision नहीं किया गया है। तो, स्पीकर साहिब, मेरे कहने का मतलब यह है कि अगर उन दो बलाकों के लिये 8 लाख रुपया रखा जा सकता है तो मुकाबलतन वहां के लिये भी तीन चार लाख रुपया रखा जाना चाहिये था और ऐसा इम्तयाज़ पैदा नहीं करना चाहिए था। मेरा ख्याल है कि हमारी Government इन चीज़ों पर ध्यान देगी और आइन्दा के लिए ऐसी इम्तयाज़ वाली बातें नहीं करेगी जिस से कि ख्वाहमख्वाह लोगों को शिकायत करने का मौका मिले।

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ, ਸ਼ਹਿਰ-ਪੂਰਬੀ) : ਸਪੀਕਰ ਸਾਹਿਬ ! ਇਸ Appropriation Bill ਦੇ ਵਿਚ ਜਿਹੜਾ ਇਕ ਕਰੋੜ ਰੁਪਿਆ flood relief ਦੀ ਲਈ ਰਖਿਆ ਗਿਆ ਹੈ ਮੈਂ ਉਸਦੇ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ relief money ਦੀ distribution ਦੇ ਸਿਲਸਿਲੇ ਵਿਚ ਜਿਹੜੀ red tape ਹੈ ਉਸਨੂੰ ਖਤਮ ਕਰਨਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਵੇਲੇ ਸਿਰ ਇਮਦਾਦ ਮਿਲ ਜਾਵੇ। ਦੂਸਰੀ ਚੀਜ਼ ਇਹ ਹੈ ਕਿ ਲੋਕਾਂ ਦਾ ਮਿਲਵਰਤਨ ਇਸ ਨਾਗਹਾਨੀ ਮੁਸੀਬਤ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਲਿਆ ਜਾਵੇ। ਹੁਣ ਤਕ ਤਾਂ ਸਾਨੂੰ ਇਹ ਤਜਰਬਾ ਹੈ ਕਿ ਆਮ ਤੌਰ ਤੇ ਜ਼ਿਲਿਆਂ ਦੇ ਵਿਚ ਜਿਹੜੇ ਅਫਸਰ ਹਨ ਉਹ ਇਹ ਕੋਸ਼ਿਸ਼ ਹੀ ਨਹੀਂ ਕਰਦੇ ਕਿ ਗ਼ੈਰ-ਸਰਕਾਰੀ ਆਦਮੀਆਂ ਨੂੰ ਅਤੇ non-officials ਨੂੰ ਨਾਲ ਲਿਆ ਜਾਵੇ ਅਤੇ ਉਨ੍ਹਾਂ ਦੇ ਮਿਲਵਰਤਨ ਦੀ ਪਰਵਾਹ ਹੀ ਨਹੀਂ ਕਰਦੇ। ਮੈਂ ਚਾਹੁੰਦਾ ਹਾਂ ਕਿ ਹੁਣ ਗ਼ੈਰ-ਸਰਕਾਰੀ ਆਦਮੀਆਂ ਨੂੰ ਨਾਲ ਲਿਆ ਜਾਵੇ ਅਤੇ ਇਸ relief money ਦੀ ਤਕਸੀਮ ਕੀਤੀ ਜਾਵੇ। ਜੇਕਰ ਇਸ ਤਰ੍ਹਾਂ ਨਾਂ ਕੀਤਾ ਗਿਆ ਅਤੇ ਦਫਤਰਾਂ ਦੇ ਵਿਚ ਬੈਠਕੇ ਹੀ ਇਸਦੀ ਵੰਡ ਕੀਤੀ ਗਈ ਤਾਂ ਜਿਸਨੂੰ ਤੁਸੀਂ 100 ਰੁਪਿਆ ਦੇਣਾ ਹੈ ਉਸਦੇ ਘਰ 50 ਹੀ ਪਹੁੰਚਣਗੇ। ਇਸ ਲਈ ਲੋੜ ਹੈ ਕਿ ਗ਼ੈਰ-ਸਰਕਾਰੀ ਆਦਮੀਆਂ ਨੂੰ ਵੀ ਨਾਲ ਲਿਆ ਜਵੇ। ਤੁਸੀਂ ਇਹ ਅਸੂਲ ਬਣਾ ਲਵੋ ਕਿ ਫਲਾਂ ੨ ਆਦਮੀ ਨੂੰ ਇਸਦੀ ਤਕਸੀਮ ਦੀ ਲਈ ਸ਼ਾਮਿਲ ਕਰਨਾ ਹੈ ਜੇਕਰ ਇਸ ਤਰ੍ਹਾਂ ਨਾਂ ਕੀਤਾ ਗਿਆ ਤਾਂ ਮੇਰਾ ਖਿਆਲ ਹੈ ਕਿ ਇਸਦੀ ਵੰਡ ਠੀਕ ਤਰੀਕੇ ਨਾਲ ਨਹੀਂ ਹੋਵੇਗੀ।

ਫੇਰ, ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਨੂੰ ਸਮਝ ਨਹੀਂ ਲਗੀ ਕਿ ਇਹ ਜਿਹੜਾ ਪੰਜਾਬ ਦੇ ਵਿਚ Public Relations Department ਹੈ ਉਹ ਕੀ ਕੰਮ ਕਰ ਰਿਹਾ ਹੈ। ਪੰਜਾਬ

[ਸਰਦਾਰ ਸਰੂਪ ਸਿੰਘ]

ਦੇ ਵਿਚ ਜਿੰਨੇ ਹੜ੍ਹ ਆਏ ਹਨ, ਜਿੰਨੇ floods ਆਏ ਹਨ ਪਰ ਇਸ department ਦੀ ਕੋਈ movement ਨਹੀਂ ਹੋਈ। ਉਹ ਕਿਸੀ ਵੀ flood stricken area ਦੇ ਵਿਚ ਨਹੀਂ ਗਏ। ਇਸਤੋਂ ਇਲਾਵਾ ਉਨ੍ਹਾਂ ਨੇ press correspondents ਨੂੰ ਭੀ ਕਿਸੀ flood affected area ਦੇ ਵਿਚ ਲੈ ਜਾਣ ਦੀ ਤਕਲੀਫ਼ ਨਹੀਂ ਕੀਤੀ। ਇਸਨੇ ਸਿਰਫ Chandigarh ਦੇ ਵਿਚ ਬੈਠਕੇ ਹੀ Press ਦੀਆਂ ਖਬਰਾਂ ਦੀ ਤਰਦੀਦ ਕਰਨ ਦਾ ਹੀ ਕੰਮ ਕੀਤਾ ਹੈ ਅਤੇ ਹੋਰ ਕੁਝ ਨਹੀਂ ਕੀਤਾ। ਇਸ department ਦਾ ਫਰਜ਼ ਸੀ ਕਿ ਉਹ ਲੋਕਾਂ ਨੂੰ ਸੂਚਤ ਕਰਦਾ ਕਿ ਉਨ੍ਹਾਂ ਨੂੰ ਕੀ ਮਦਦ ਮਿਲ ਰਹੀ ਹੈ ਅਤੇ ਉਹ ਕਿਸ ਤਰ੍ਹਾਂ ਮਿਲ ਸਕਦੀ ਹੈ। ਸਿਰਫ ਖਬਰਾਂ ਦੀ ਤਰਦੀਦ ਕਰਨ ਦਾ ਅਤੇ contradictory statements ਦੇਣ ਦਾ ਕੰਮ ਹੀ ਨਹੀਂ ਕਰਨਾ ਚਾਹੀਦਾ। ਸਪੀਕਰ ਸਾਹਿਬ, flood relief ਦੇ ਸਿਲਸਿਲੇ ਵਿਚ ਜਿਹੜਾ ਰੁਪਿਆ Government ਨੇ ਮਖਸੂਸ ਕੀਤਾ ਹੈ ਉਸਦੇ ਬਾਰੇ ਇਸ department ਨੂੰ ਹਰਕਤ ਦੇ ਵਿਚ ਆਉਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਵਾਕਫ਼ੀਅਤ ਪਹੁੰਚਾਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਰੁਪਿਆ ਮਿਲੂਗਾ। ਇਨ੍ਹਾਂ ਅਲਫ਼ਾਜ਼ ਦੇ ਨਾਲ ਮੈਂ, ਸਪੀਕਰ ਸਾਹਿਬ, ਬੈਠ ਜਾਂਦਾ ਹਾਂ।

दिवान जगदीश चन्द्र (लुधियाना शहर उत्तर) : माननीय स्पीकर साहिब इस बिल को बहस के दौरान......

अध्यक्ष महोदय : मैं सिर्फ एक मिनट लेना चाहिता हूं। अर्ज यह है कि बिल पर 12-30 से ले कर एक बजे तक बहस होगी। इस time में से 15 मिनट Minister-in-charge के लिये है और बाकी 15 मिनट आप के लिये हैं। इस के बाद Guillotine apply की जावेगी।

(Just a minute please I may tell the House that this Bill will remain under discussion from 12-30 P. M. to 1 P. M. Out of this time fifteen minutes will be taken by the Minister-in-charge for making a reply and the remaining fifteen minutes are for the members. After that guillotine would be applied.)

ਸਰਦਾਰ ਵਜ਼ੀਰ ਸਿੰਘ : ਸਪੀਕਰ ਸਾਹਿਬ, ਇਹ time ਬਹੁਤ ਥੋੜਾ ਹੈ।

मौलवी अब्दुल गनी डार : जनाब गुजारिश यह है कि यह टाईम बहुत थोड़ा है। आप ज्यादा कर दें तो बहुत अच्छा होगा।

अध्यक्ष महोदय : मगर कैसे ? (But how ?)

मौलवी अब्दुल गनी डार : आप हाऊस को $1\frac{1}{2}$ बजे की बजाए दो बजे तक चलने दें इससे कोई फर्क नहीं पड़ेगा।

Mr. Speaker. It has already been decided that the House would adjourn at 1.30 P.M. today. I am sorry to say that the request made by the hon. Member cannot be acceded to.

दिवान जगदीश चन्द : तो स्पीकर साहिब मैं अर्ज़ कर रहा था कि इस बिल की बहस के दौरान में Government की तवज्जुह floods की तरफ दिलाई गयी है। मैं भी इस सिलसला में कुछ अर्ज़ करना चाहता हूँ। स्पीकर साहिब ! यह बड़ी खुशी की बात है कि Government इन मुसीबत के मारे लोगों की इमदाद कर रही है और बड़ी फराखदिली से कर रही है। मेरा ख्याल है कि इस इमदाद से लोगों की तकलीफें काफी हद तक दूर हो जाएंगी। लेकिन, स्पीकर साहिब, यहां गवर्नमेंट देहाती लोगों को इमदाद दे वहां शहरी लोगों को भी कदरे relief मिलना ज़रूरी है। यह ठीक है और मैं तसलीम करता हूँ कि देहातों में शहरों की निसबत ज़्यादा मुसीबत आई है लेकिन शहरी जायदाद को भी काफी नुकसान पहुंचा है। मैं यह चाहता हूं कि हमारी Government जहां देहातों में आबियाना और मालिया मुआफ कर रही है वहां शहरी जायदाद के सिलसले में भी House Tax जो Municipalies की तरफ से लगता है और Property Tax जो पंजाब सरकार की तरफ से लगाया जाता है वह छोड़ देना चाहिए। स्पीकर साहिब ! शहरी जायदाद में ऐसी जायदाद भी शामिल है जो निकासी जायदाद है और दूसरे गरीब लोगों की है इस किस्म का एलान Government की तरफ से करने से यह दरुसत है कि उसे कुछ financial नुकसान होगा मगर इससे शहरों की गरीब जनता बच जाएगी। फिर, स्पीकर साहिब, शहरों में मज़दूर हैं और दूसरी मिडल कलास के लोग हैं जिन्हों ने कि अपनी थोड़ी थोड़ी बचत से छोटे छोटे मकान बनाये थे। वे सब हज़ारों की तादाद में गिर गये हैं। इस लिये यह मुनासिब नज़र आता है कि जिन गरीब शहरी लोगों को नुकसान पहुँचा है उनकी भी मदद की जाए।

इसके अलावा स्पीकर साहिब कुछ ऐसे इलाके भी शहरों में है जहां कि बहुत पानी आया है और जो माल वगैरा के stocks थे वे सब नष्ट हो गये हैं और भारी नुकसान हुआ है। इस सिलसिला में जहां तक छोटे छोटे दुकानदारों का और छोटे सटाकिस्टों का ताल्लुक है वे तबाह हो गये हैं और उनकी कमर टूट गयी है। इस लिये उनकी मदद करना निहायत लाज़मी है। खास तौर पर, स्पीकर साहिब, सब को पता है कि लुधयाना में बहुत सी दस्तकारियां हैं और छोटी छोटी बहुत सी industries है उनमें पानी आ जाने से बहुत नुकसान हुआ है। काफी इलाकों में कारखानों में पानी भर जाने के कारण machinary और stocks खराब हो गये हैं। इस लिए मैं समझता हूँ कि Government इन लोगों की तरफ भी बहुत तवज्जुह देगी।

(दिवान जगदीश चन्द्र)

इस के अलावा, स्पीकर साहिब, एक और अर्ज़ करना चाहता हूँ कि यह ठीक है कि सरकार की तरफ से काफी हिदायतें जा रही है और जानी भी चाहिए कि सरकारी खज़ानों से जो रुपया दिया जा रहा है वह मुनासब तौर पर लोगों के पास पहुँचाया जाए। मगर कहीं इस किसम की कार्यवाही न हो कि यह रुपया महकमा के क्लर्कों और दूसरे लोगों के हाथों में ही रह जावे और गरीबों को relief न मिले। माननीय स्पीकर साहिब, मैं इस मामला पर ज़्यादा न कहते हुए सिर्फ यही कहूंगा कि सरकार को इस बात का ख्याल रखना चाहिये कि मुनासिब आदमियों को मुनासिब इमदाद जरूर मिलनी चाहिए।

पंडित मोहन लाल दत्त (आनन्दपुर साहिब): स्पीकर साहिब! बाढ़ के सिलसिला में जो Government relief दे रही है मैं उसके बारे में आपके द्वारा अपनी सरकार की तवज्जुह अपने इलाका की तरफ दिलाना चाहता हूं। स्पीकर साहिब, तहसील ऊना बहुत backward area है और नदी नालों का घर है। मगर मैं तो यह भी कहूँगा कि सैलाबों का घर है। हमारे लिये यह बाढ़ और floods कोई नई चीज़ नहीं है और न ही कोई नया तजरुबा है। वहां बाढ़ हर साल आते हैं लेकिन अबकी दफा भारी वर्षा के कारण जबर्दस्त floods आये हैं और भारी तबाही हुई है। ऐसी तबाही पहले कभी नहीं हुई थी।

स्पीकर साहिब, थाना नूरपुर बेदी के इलाका के एक तरफ तो दरिया बहता है और दूसरी तरफ सुवां नदी बहती है इसके अलावा और सैकड़ों की तादाद में चो और नदी नाले हैं जिन के कारण भारी तबाही आई है। मेरी सरकार के आगे दरखास्त है कि मेरे इस इलाके की तरफ खास तवज्जुह दी जाए। स्पीकर साहिब, मेरे इलाके में आम तौर पर मक्की की फसल होती है मगर वह बिल्कुल तबाह हो गई है। यही नहीं। फसलों के साथ साथ जमीन भी wash off हो गयी है। सुवां और दरिया के नज़दीक नज़दीक खास तौर पर तबाही हुई है। इस लिये उन लोगों को खास तौर पर मदद होनी चाहिए। फिर, स्पीकर साहिब, घरों की तामीर के लिए जो रकम दी जा रही है मैं समझता हूँ कि उन से घर तामीर नहीं हो सकते हैं यह जो तकावी देने का सिलसिला है मैं कहता हूं कि हमारे इलाके में इतनी गुरबत है कि वह तकावी लेकर वापस नहीं कर सकते हैं। मैं हैरान हूं कि उन गरीबों को कैसे relief मिलेगा। यह जो यहां बयान किया गया है कि लोगों को relief दिया जा रहा है, तकावी कर्जे दिये जा रहे हैं मगर मैं समझता हूं कि इन पच्चास पच्चास और सौ सौ रुपयों से लोगों को कोई relief मिलने वाला नहीं है।

इसके अलावा मैं एक बात सरदार प्रताप सिंह साहिब से अर्ज़ करूंगा कि इन लोगों की फसलें तो बरबाद हो गई हैं इस लिए जो बंदिशें जंगलात में मवेशियों के चराने के सम्बन्ध में लगी हुई हैं वह मेहरबानी कर के हटाई जायें। कुछ जंगलात ऐसे हैं जो मुसलमानों के थे जो अब evacuee property है और गवर्नमेंट के control में हैं। मैं तजवीज़ पेश करता हूं कि इन गरीब लोगों को इन जंगलात में से लकड़ी मुफ्त मुहैया की जाये ताकि वह अपने मकानों की मुरम्मत कर सकें या अपनी रिहायश के लिये झोंपड़े तैयार कर सकें। अगर यह रियायतें इन्हें न दी गई तो यह लोग अपने झोंपड़े तैयार नहीं कर सकेंगे।

मौलवी अब्दुल .गनी डार (नूह): स्पीकर साहिब! चूंकि आप ने दूसरे मैम्बरों को भी बोलने के लिये वक्त देना है इस लिये मैं आप की मार्फत गवर्नमेंट के पास अपनी चन्द मारूज़ात जल्दी जल्दी पेश करना चाहता हूं। पिछले दिनों लगातार बारिश की वजह से पंजाब में सैलाब आ जाने से बहुत तबाही और बरबादी हुई है। मैं समझता हूँ कि महकमा नहर की गफलत और लापरवाही की वजह से इस तबाही और बरबादी में बेहद इज़ाफा हुआ है। इस एवान के कुछ मेम्बरान ने गवर्नमेंट से अपील की है कि अमृतसर ज़िले में जो काफी नुकसान हुआ है उसके मुतअल्लिक inquiry कराई जाये कि आया यह नुकसान महकमा नहर की गफलत की वजह से तो नहीं हुआ। इसी तरह ज़िला लुधियाना और जालंधर में भी बारिश की वजह से काफी तबाही हुई है। मेरी हैरत की हद नहीं रहती कि इस तूफान में.....

विकास मन्त्री: क्या आप की हैरत की हद है भी सही?

मौलवी अब्दुल .गनी डार: जी हां! एक बात है जहां हैरत की हद हो गई है। स्पीकर साहिब! इस मौका पर Public Relations Department ने यह महसूस नहीं किया कि वह तमाम प्रेस वालों की मदद ले और तमाम अफसरान और इस एवान के मुअज़िज़ मैम्बरान को इस नागहानी आफत से पेश अज़ वक्त आगाह करे। दरअसल यह क.फन चोरी वाली बात है या उस डाक्टर वाली जो यह समझे कि हैज़े की बीमारी पड़े और लोग ज़्यादा तादाद में मरें तो उसे ज्यादा फायदा हो। गवर्नमेंट को ऐसा रवैया हरगिज़ इख्तियार नहीं करना चाहिये बल्कि ऐसे मौकों पर निहायत सोच समझ कर कदम उठाना चाहिये।

इसके अलावा स्पीकर साहिब मैं यह अर्ज़ करना चाहता हूँ कि हरियाना में सैलाब नहीं आया और पंजाब के दूसरे हिस्सों में मतवातर भारी बारिश होने की वजह से फसलें बरबाद हो गई हैं और लोगों के मकानात गिर गये हैं। इस लिए मैं गवर्नमेंट से गु.ज़ारिश करूंगा कि जहां उन्होंने जालंधर डिवीज़न में मुनासिब तवज्जुह दी है वहां यह भी ज़रूरी है कि वह हरियाना के

(मौलवी अब्दुल .गनी डार)
लोगों को भूल न जावें। हमारे आनरेबल विकास मन्त्री सरदार प्रताप सिंह साहिब की तवज्जुह तो ज्यादा तर जालंधर डिवीज़न की तरफ ही रहती है।

विकास मन्त्री : हरियाने वाले लोग तो आप के बनते नहीं।

मौलवी अब्दुल गनी डार : इसके अलावा स्पीकर साहिब मैं आप को बिसातत से यह गुज़ारिश करना चाहता हूं कि मेरे मुअज़िज़ दोस्त श्री मूल चन्द जैन ने पुलिस की भरती का सवाल उठाया था। उन्होंने फरमाया कि हिन्दू और सिख displaced persons हैं लेकिन मुसलमान displaced persons नहीं इस लिये उनको भरती नहीं किया गया। इस पर मैं ज़रूर कहूंगा कि मुसलमानों के साथ अन्याय हुआ है और गवर्नमेंट को चाहिये कि वह ऐसे अन्याय न करे।

अध्यक्ष महोदय : ऐसे इलफ़ाज़ कहने का यह कौन सा occasion है ? [Where is the occasion for making such remarks?)

मौलवी अब्दुल .गनी डार : जनाब आली! पुलिस में भरती का सवाल उठाया गया था इस लिए मेरी यह गुज़ारिश है कि जब हिन्दुओं को पुलिस में भरती किया जाता है तो मुसलमानों को भी पूरा मौका मिलना चाहिए लेकिन एक मुसलमान को भी पुलिस में भरती नहीं किया गया। इस के बावजूद हिन्दुस्तान को Secular State कहा जाता है। अगर यह Secular Sta e है तो इसे सही मायनों में Secular State होना चाहिए। बहरहाल स्पीकर साहिब! मैं छोटी सी एक और गुज़ारिश कर के बैठ जाता हूं। अभी अभी यहां Community Projects का ज़िक्र आया। वहां पर एक चौकीदार और बेलदार को 27-8-0 माहवार तनखाह मिलती है। इस कलील तनखाह से उनका कैसे गुज़र हो सकता है और वह अपने बच्चों को कैसे तालीम दे सकते हैं। इन अलफाज के साथ मैं आप का शुक्रिया अदा करता हूँ और जो वक्त आप ने दिया है उसी पर इक्तफा करते हुए बैठ जाता हूं।

श्री राम स्वरूप (बुटाना) : स्पीकर साहिब! पिछले दिनों पंजाब में एक बड़ी भारी आफत आई है।

अध्यक्ष महोदय : आप आफत का ज़िक्र न करें बल्कि इस बिल पर बहस करें।
(Please don't talk of the calamity but confine your discussion to the present Bill.)

श्री राम सरूप : स्पीकर साहब! सैलाब की वजह से पंजाब को बहुत नुकसान पहुँचा है और गवर्नमेंट ने सैलाब से मुतासिर ज़दा लोगों को relief देने के लिये बहुत से कदम उठाये हैं। इन हालात में हमें इस बिल की हिमायत करनी चाहिये। आज कल जितना रुपया पुलिस पर

और General Administration पर खर्च किया जा रहा है उस के मुकाबले में मैं समझता हूं कि पंजाब उतनी तरक्की नहीं कर रहा जितनी कि इस ने पिछले एक दो साल में की है। आजकल पुलिस के महकमे की यह हालत है कि मेरे ज़िले करनाल में किसी शख्स की पुलिस स्टेशन में रिपोर्ट दर्ज नहीं की जाती। यहां तक कि मेरे जैसे आदमी के लिये पुलिस स्टेशन में रिपोर्ट दर्ज करवाना बहुत मुश्किल बात है। इस सिलसिले में, स्पीकर साहिब, मैं आप की खिदमत में अर्ज़ करना चाहता हूं कि कुछ अरसा हुआ मैं पुलिस स्टेशन में रिपोर्ट दर्ज करवाने गया लेकिन पुलिस कानस्टेबल ने मेरी रिपोर्ट दर्ज न की।

श्रीमती शन्नो देवी : On a point of Order, Sir. इन के कहने पर ही तो उस Sub-Inspector को बदल दिया गया।

अध्यक्ष महोदय : माननीय मैम्बर प्रसंग के अनुकूल बात नहीं कर रहे। (The hon. Member is not relevant).

श्री राम सरूप : स्पीकर साहिब ! मैं तो पुलिस के महकमे की कारगुज़ारी का ज़िक्र कर रहा हूं कि हालत यहां तक पहुँच गई है कि पुलिस स्टेशन में किसी आदमी की रिपोर्ट नहीं दर्ज हो सकती।

अध्यक्ष महोदय : जब आप किसी महकमे के खिलाफ गिला कर रहे हैं तो आप को irrelevant नहीं होना चाहिए। आप को कोई concrete suggestions देनी चाहियें। (When the hon. Member is making complaint against any department, he should not be irrelevant. He should give concrete suggestions.)

श्री राम सरूप : स्पीकर साहिब, इसके अलावा Community Projects का ज़िक्र आया है। मेरे दोस्त श्री मूल चन्द ने फरमाया था कि यह काम नामुकम्मल पड़ा हुआ है। बरसात की वजह से सारा काम खराब हो गया है। मैं समझता हूँ कि यह रकम जो इस काम के लिये रखी गई है वह बहुत थोड़ी है। मैं आप की विसातत से गवर्नमेंट के गोश गुज़ार करना चाहता हूं कि Community Projects पर ज्यादा खर्च Ambala Division में किया जाना चाहिये था लेकिन गवर्नमेंट यहां बहुत कम रुपया खर्च कर रही है। हमारे ज़िले में बहुत नाकस इन्तज़ाम है और हमारे ज़िला के लोगों को यह शिकायत है कि गवर्नमेंट को रुपया सोच समझ कर खर्च करना चाहिये था।

ਵਿਕਾਸ ਮੰਤਰੀ (ਸਰਦਾਰ ਪਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਗੌਰ ਨਾਲ ਸੁਣਿਆ ਹੈ। ਮੈਂ ਸਮਝਦਾ ਹਾਂ ਕਿ ਕੁਝ ਤਕਰੀਰਾਂ ਤਾਂ ਕੇਵਲ ਇਸ ਲਈ ਕੀਤੀਆਂ ਗਈਆਂ ਹਨ ਕਿ ਤਕਰੀਰਾਂ ਕਰਨੀਆਂ ਸਨ। ਕਈਆਂ ਵੀਰਾਂ ਨੇ ਇਹ ਕਿਹਾ ਹੈ ਕਿ ਪੁਲਿਸ ਕਾਂਗਰਸ ਸੈਸ਼ਨ ਵਾਸਤੇ ਰਖੀ ਜਾ ਰਹੀ ਹੈ। ਪਰ ਮੈਂ ਇਹ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕਾਂਗਰਸ ਸੈਸ਼ਨ ਵਾਸਤੇ ਹੀ ਪੁਲਿਸ ਨਹੀਂ ਰਖੀ ਜਾ ਰਹੀ ਕਿਉਂਜੋ ਕਾਂਗਰਸ ਦੇ ਪੰਡਾਲ ਵਿਚ ਤਾਂ ਅਸਾਨੂੰ ਇਸ ਗੱਲ ਦੀ ਲੋੜ ਨਹੀਂ ਪਰ ਇਹ ਤਾਂ ਜੋ ਲੋਕ ਕਾਂਗਰਸ ਸੈਸ਼ਨ ਤੇ ਇਕੱਠੇ ਹੋ ਰਹੇ ਹਨ ਉਨ੍ਹਾਂ ਦੀ dispersal ਲਈ ਰਖੀ ਜਾ ਰਹੀ ਹੈ। ਇਹ ਇਸ ਵਾਸਤੇ ਨਹੀਂ ਰਖੀ ਜਾ ਰਹੀ ਕਿ ਕਾਂਗਰਸ ਦੇ ਮੈਂਬਰਾਂ ਵਿਚ ਲੜਾਈ ਹੋਣ ਦਾ ਡਰ ਹੈ ਸਗੋਂ ਇਸ ਲਈ ਕਿ ਅਜਿਹੇ ਸਮਾਗਮ ਤੇ ਟ੍ਰੈਫ਼ਿਕ ਨੂੰ ਕੰਟ੍ਰੋਲ ਕਰਨ ਲਈ ਲੋੜ ਹੁੰਦੀ ਹੈ।

ਜਿਥੋਂ ਤਕ ਕਾਂਗਰਸ ਸੈਸ਼ਨ ਦਾ ਸਬੰਧ ਹੈ ਉਸਦੇ ਪ੍ਰਬੰਧ ਲਈ ਅਸਾਡੇ ਪਾਸ ਤਿੰਨ ਤੋਂ ਪੰਜ ਹਜ਼ਾਰ ਤਕ ਵਾਲੰਟੀਅਰ ਹੋਣਗੇ। ਜਿਨ੍ਹਾਂ ਤੇ ਅਸੀਂ ਆਪ ਖਰਚ ਕਰਨਾ ਹੈ। ਉਨ੍ਹਾਂ ਨੂੰ ਸੈਸ਼ਨ ਦੇ ਲਈ ਤਿਆਰ ਕਰਨਾ ਹੈ। ਇਹ ਵਾਲੰਟੀਅਰ ਹੀ ਟ੍ਰੈਫ਼ਿਕ ਨੂੰ ਕੰਟ੍ਰੋਲ ਕਰਨਗੇ ਅਤੇ ਕਾਂਗਰਸ ਦੇ ਸਮਾਗਮ ਤੇ ਆਏ ਸਜਣਾਂ ਦਾ ਸੁਆਗਤ ਕਰਨਗੇ। ਅਤੇ ਪੁਲਿਸ ਦੇ ਕਿਸੇ ਆਦਮੀ ਨੂੰ ਵੀ ਪੰਡਾਲ ਦੇ ਅੰਦਰ ਜਾਕੇ ਪ੍ਰਬੰਧ ਨਹੀਂ ਕਰਨਾ ਪਏਗਾ। "ਸ਼ਹੀਦ ਨਗਰ" ਦੀਆਂ ਹੱਦਾਂ ਦੇ ਅੰਦਰ ਪੁਲਿਸ ਦਾ ਇਕ ਵੀ ਆਦਮੀ ਨਹੀਂ ਜਾ ਸਕੇਗਾ। ਜੇਕਰ ਪੁਲਿਸ ਵਧ ਰਹੀ ਹੈ ਤਾਂ ਵਿਰੋਧੀ ਤਾਕਤਾਂ ਨੂੰ ਫਿਕਰ ਪੈ ਰਿਹਾ ਹੈ ਤੇ ਉਹ ਗੁਸਾ ਇਸ ਤਰ੍ਹਾਂ ਨਾਲ ਕੱਢ ਰਹੇ ਹਨ। ਪਰ ਪੁਲਿਸ ਤਾਂ ਕੇਵਲ ਇਸ ਮੰਤਵ ਲਈ ਰਖੀ ਜਾ ਰਹੀ ਹੈ ਕਿ ਅਜਿਹੇ ਸਮਾਗਮਾਂ ਤੇ ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ। ਕਈ ਖੀਸੇ ਕਟ ਵੀ ਆ ਜਾਂਦੇ ਹਨ। ਕਈ ਟਰੰਕ ਚੁਕਣ ਵਾਲੇ ਵੀ ਆ ਜਾਂਦੇ ਨੇ। ਕਈ ਮੁਰਕੀਆਂ ਲਾਹੁਣ ਵਾਲੇ ਹੁੰਦੇ ਨੇ। ਸੋ ਇਸ ਤਰ੍ਹਾਂ ਦਾ ਪ੍ਰਬੰਧ ਕਰਨ ਲਈ ਅਤੇ ਇਨ੍ਹਾਂ ਬੁਰੀ ਨੀਤ ਨਾਲ ਸਮਾਗਮ ਤੇ ਆਏ ਸਜਣਾਂ ਨੂੰ ਭੈ ਦੇਣ ਲਈ ਪੁਲਿਸ ਰਖੀ ਜਾ ਰਹੀ ਹੈ। ਅਤੇ ਖਿਆਲ ਇਹ ਹੈ ਕਿ ਪੁਲਿਸ ਦੇ ਡਰ ਨਾਲ ਇਸ ਕਿਸਮ ਦੀਆਂ ਘਟਨਾਵਾਂ ਨਹੀਂ ਹੋਣਗੀਆਂ।

ਦੂਜੀ ਅਰਜ਼ ਮੈਂ ਇਹ ਕਰਦਾ ਹਾਂ ਕਿ ਆਪਣੇ ਵੀਰਾਂ ਦੀਆਂ ਤਕਰੀਰਾਂ ਸੁਣਕੇ ਇਵੇਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨੂੰ ਆਪਣੀ ਸਰਕਾਰ ਦੇ ਵਿਰੁਧ ਜਦੋਂ ਕੋਈ ਚੀਜ਼ ਵੀ ਸ਼ਿਕਾਇਤ ਲਈ ਨਹੀਂ ਲਭਦ ਤਾਂ ਇਹ ਨਿਕੀਆਂ ਨਿਕੀਆਂ ਗੱਲਾਂ ਤੇ ਇਤਰਾਜ਼ ਕਰਦੇ ਹਨ। ਸ਼੍ਰੀ ਮੂਲ ਚੰਦ ਜੈਨ ਅਤੇ ਸ਼੍ਰੀ ਰਾਮ ਸਰੂਪ ਜੀ ਨੇ ਕਿਹਾ ਹੈ ਕਿ ਅੰਬਾਲਾ ਡਵੀਜ਼ਨ ਵਿਚ ਕਮਿਊਨਿਟੀ ਪ੍ਰਾਜੈਕਟਾਂ ਤੇ ਬਹੁਤ ਘਟ ਰਕਮ ਖਰਚ ਕੀਤੀ ਜਾ ਰਹੀ ਹੈ ਅਤੇ ਜਲੰਧਰ ਡਿਵੀਜ਼ਨ ਵਿਚ ਕਮਿਊਨਿਟੀ ਪ੍ਰੋਜੈਕਟਾਂ ਤੇ ਵਧ ਰੁਪਿਆ ਖਰਚ ਕੀਤਾ ਜਾ ਰਿਹਾ ਹੈ। ਨਵਾਂ ਸ਼ਹਿਰ ਬਟਾਲਾ ਕਮਿਊਨਿਟੀ ਪ੍ਰਾਜੈਕਟਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਮੈਨੂੰ ਅਫ਼ਸੋਸ ਹੈ ਕਿ ਸ਼੍ਰੀ ਮੂਲ ਚੰਦ ਜੀ ਵਰਗੇ ਸਜਣ ਇਸ ਤਰ੍ਹਾਂ ਇਤਰਾਜ਼ ਕਰਨ। ਸ਼ਾਇਦ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਮਿਊਨਿਟੀ ਪ੍ਰਾਜੈਕਟਾਂ ਅਤੇ National Extension Service Blocks ਤੇ ਹਮੇਸ਼ਾ ਇਕੋ ਜਿੰਨੀ ਰਕਮ ਦਿੱਤੀ ਜਾਂਦੀ ਹੈ। ਕਿਸੇ ਵੀ ਬਲਾਕ ਨੂੰ ਦੂਜੇ

ਬਲਾਕ ਨਾਲੋਂ ਵੱਧ ਰਕਮ ਨਹੀਂ ਦਿਤੀ ਜਾਂਦੀ। ਇਹ ਉਨ੍ਹਾਂ ਬਲਾਕਾਂ ਦਾ ਕੰਮ ਹੈ ਕਿ ਰੁਪਏ ਪਹਿਲਾਂ ਲੈ ਲੈਣ ਜਾਂ ਕੁਝ ਦੇਰ ਬਾਅਦ ਲੈਣ। ਇਹ ਵਖਰੀ ਗੱਲ ਹੈ ਕਿ ਕਿਸੇ ਨੇ ਉਹ ਰਕਮ ਕਚੀਆਂ ਸੜਕਾਂ ਨੂੰ ਪੱਕਿਆਂ ਕਰਨ ਤੇ ਲਾ ਦਿਤੀ ਕਿਸੇ ਨੇ ਸੜਕਾਂ ਨੂੰ ਚੌੜਿਆਂ ਕਰਨ ਤੇ ਲਾ ਦਿਤੀ। ਰਕਮ ਤਾਂ ਸਭ ਬਲਾਕਾਂ ਨੂੰ ਇਕੋ ਜਹੀ ਦਿਤੀ ਜਾਂਦੀ ਹੈ । ਜਿੰਨਾ ਰੁਪਿਆ Community Projects ਲਈ ਦਿਤਾ ਜਾਂਦਾ ਹੈ ਉੱਨਾ ਹੀ National Extension Blocks ਲਈ ਦਿਤਾ ਜਾਂਦਾ ਹੈ ਤੇ ਮੈਂਨੂੰ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸ਼੍ਰੀ ਮੂਲ ਚੰਦ ਜੀ ਇਸ ਬਾਰੇ ਸ਼ਕਾਇਤ ਕਰਦੇ ਹਨ। ਮੇਰਾ ਤਾਂ ਖਿਆਲ ਸੀ ਕਿ ਉਹ ਹਰ ਗੱਲ ਤੋਲ ਕੇ ਅਤੇ ਸੋਚਕੇ ਕਰਦੇ ਹਨ ਪਰ ਇਸ ਗੱਲ ਵਿਚ ਤਾਂ ਕੋਈ ਸੋਚਿਆ ਨਹੀਂ ਗਿਆ ਹਾਲਾਂ ਕਿ ਇਹ ਨਿਯਮ ਹੈ ਕਿ ਹਰ ਬਲਾਕ ਅਤੇ ਪ੍ਰਾਜੈਕਟਾਂ ਤੇ ਇਕੋ ਜਿੰਨਾ ਰੁਪਿਆ ਦਿਤਾ ਜਾਵੇ ।

ਫਿਰ, ਮੇਰੇ ਕੁਝ ਮਿਤਰਾਂ ਨੇ ਕਲ ਹੜ੍ਹਾਂ ਨਾਲ ਹੋਈ ਤਬਾਹੀ ਤੇ ਵਿਚਾਰ ਕਰਦੇ ਹੋਏ ਕੁਝ ਇਤਰਾਜ਼ ਉਠਾਏ ਸਨ ਅਤੇ ਕੁਝ ਗੱਲਾਂ ਕਹੀਆਂ ਗਈਆਂ ਸਨ ਮੈਂ ਉਨ੍ਹਾਂ ਦਾ ਉੱਤਰ ਵੀ ਦੇਣਾ ਚਾਹੁੰਦਾ ਹਾਂ। ਇਕ ਇਤਰਾਜ਼ ਇਹ ਕੀਤਾ ਗਿਆ ਸੀ ਅਤੇ ਤੌਖਲਾ ਪ੍ਰਗਟ ਕੀਤਾ ਗਿਆ ਸੀ ਕਿ ਪੁਲਿਸ ਵਾਲਿਆਂ ਪਾਸ ਨਹਿਰਾਂ ਦੇ ਮਹਿਕਮੇ ਵਾਲਿਆਂ ਨੇ ਰਪੋਰਟਾਂ ਲਿਖਵਾਈਆਂ ਹਨ ਕਿ ਉਨ੍ਹਾਂ ਦੀਆਂ ਨਹਿਰਾਂ ਨੂੰ ਜਾਣ ਬੁਝ ਕੇ ਕਟ ਲਿਆ ਗਿਆ ਹੈ ਅਤੇ ਉਨ੍ਹਾਂ ਦਾ ਨੁਕਸਾਨ ਕੀਤਾ ਗਿਆ ਹੈ ਅਤੇ ਪੁਲਿਸ ਵਾਲੇ ਵਿਚਾਰੇ ਗਰੀਬ ਕਿਸਾਨਾਂ ਨੂੰ ਤੰਗ ਕਰਨਗੇ। ਇਸ ਬਾਰੇ ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਅਸੀਂ ਇਹ ਗੱਲ ਕਦੀ tolerate ਨਹੀਂ ਕਰਾਂਗੇ। ਅਤੇ ਹੁਕਮ ਜਾਰੀ ਕਰ ਦਿਆਂਗੇ ਕਿ ਉਨ੍ਹਾਂ ਲੋਕਾਂ ਵਿਰੁਧ, ਜਿਨ੍ਹਾਂ ਨੇ ਆਪਣੇ ਪਿੰਡਾਂ ਨੂੰ ਬਚਾਣ ਲਈ ਪਾਣੀ ਕਟ ਕੇ ਨਹਿਰਾਂ ਵਿਚ ਪਾਇਆ ਹੈ, ਕੋਈ ਐਕਸ਼ਨ ਨਾ ਲਿਆ ਜਾਵੇ ਅਤੇ ਇਸੇ ਤਰ੍ਹਾਂ ਹੜ੍ਹਾਂ ਵਾਲੇ ਇਲਾਕੇ ਤੋਂ ਲੋਕਾਂ ਨੂੰ ਬਚਾਣ ਲਈ ਜੇਕਰ ਕਿਸੇ ਨੇ ਤੇਜ਼ ਗੱਡੀ ਚਲਾਈ ਹੈ ਤਾਂ ਉਸਦਾ ਚਲਾਨ ਵੀ ਨਹੀਂ ਕੀਤਾ ਜਾਵੇਗਾ । ਅਤੇ ਕੋਈ ਐਕਸ਼ਨ ਨਹੀਂ ਲਿਆ ਜਾਵੇਗਾ। ਮੈਂ ਤਾਂ ਉਨ੍ਹਾਂ ਅਫਸਰਾਂ ਨੂੰ ਨਿਕੰਮੇ ਸਮਝਦਾ ਹਾਂ ਜੋ ਇਹੋ ਜਿਹੇ ਹਾਲਾਤ ਵਿਚ ਲੋਕਾਂ ਨਾਲ ਹਮਦਰਦੀ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਤੰਗ ਕਰਦੇ ਹਨ । ਅਤੇ ਪਬਲਿਕ ਨਾਲ ਜ਼ਿਦ ਤੇ ਆ ਕੇ ਇਹੋ ਜਿਹੇ ਐਕਸ਼ਨ ਲੈਂਦੇ ਹਨ। ਇਸ ਲਈ ਬਿਨਾਂ ਸੰਕੋਚ ਦੇ ਮੈਂ ਉਨ੍ਹਾਂ ਅਫਸਰਾਂ ਨੂੰ ਵੀ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਉਹ ਇਸ ਤਰ੍ਹਾਂ ਪਬਲਿਕ ਨੂੰ ਤੰਗ ਨਾ ਕਰਨ।

ਫਿਰ, ਇਹ ਕਿਹਾ ਗਿਆ ਹੈ ਕਿ ਕਿਸੇ ਖਾਸ ਇਲਾਕੇ ਦੇ ਬਚਾਵ ਵਲ ਧਿਆਨ ਨਹੀਂ ਦਿਤਾ ਜਾ ਰਿਹਾ। ਮੈਂ ਇਹ ਸਮਝਦਾ ਹਾਂ ਕਿ ਇਹ ਬਹੁਤ ਮਾਮੂਲੀ ਗੱਲ ਹੈ ਕਿਉਂ ਜੋ ਅਜੇ ਤਕ ਰਾਹ ਸਾਫ ਨਹੀਂ ਹੋਏ। ਅਤੇ ਕਈ ਥਾਵਾਂ ਤੇ ਤਾਂ ਮਦਦ ਜਾ ਹੀ ਨਹੀਂ ਸਕਦੀ। ਪਰ ਇਸਤੋਂ ਇਲਾਵਾ ਕਈ ਚੀਜ਼ਾਂ ਹੋਰ ਵੀ ਹਨ ਜਿਨ੍ਹਾਂ ਵਲ ਮੈਂ ਸਮਝਦਾ ਹਾਂ ਧਿਆਨ ਦੇਣ ਦੀ ਲੋੜ ਹੈ। ਕਈ ਥਾਵਾਂ ਤੇ ਸੜਕਾਂ ਟੁਟੀਆਂ ਹੋਈਆਂ ਹਨ। ਪੁਲ ਬਨਾਏ ਜਾਣੇ ਹਨ। syphon ਵਡੇ ਕਰਨ ਦੀ ਲੋੜ ਹੈ। ਜਿਥੇ ਕਿਤੇ ਪਾਣੀ ਨੇ ਸੜਕਾਂ ਤੋੜੀਆਂ ਹਨ ਉਨ੍ਹਾਂ ਦੀ ਮੁਰੰਮਤ ਕਰਨੀ ਜ਼ਰੂਰੀ ਹੈ। ਭਾਵੇਂ ਕਈ ਸੜਕਾਂ ਸੈਂਟਰਲ ਪੀ. ਡਬਲਯੂ. ਡੀ. ਦੇ ਮਾਤਹਿਤ ਨੇ। ਫਿਰ ਵੀ ਸੜਕਾਂ ਦੀ ਹਾਲਤ ਐਨੀ ਖਰਾਬ ਹੋ ਗਈ ਹੈ ਕਿ

[ਵਿਕਾਸ ਮੰਤਰੀ]

ਉਨ੍ਹਾਂ ਦੀ ਮੁਰੰਮਤ ਦਾ ਹਿੱਸਾ ਸਾਡੀ ਸਰਕਾਰ ਨੇ ਦੇਣਾ ਹੈ ਅਤੇ ਕਈ ਥਾਈਂ ਮੈਂ ਆਪ ਵੇਖ ਆਇਆ ਹਾਂ ਕਿ ਤਿੰਨ ਤਿੰਨ ਮੀਲ ਤਕ ਸੜਕ ਦਾ ਟੋਟਾ ਹੀ ਗਾਇਬ ਹੈ। ਜਿਥੇ ਕਿਤੇ ਵੀ ਪਾਣੀ ਸੜਕ ਦੇ ਉਪਰੋਂ ਵਗ ਗਿਆ ਹੈ ਉਹ ਟੋਟਾ ਨਕਾਰਾ ਹੋ ਗਿਆ ਹੈ। ਇਸ ਬਾਰੇ ਮੈਂ ਵਿਸ਼ਵਾਸ ਦਿਵਾਂਦਾ ਹਾਂ ਕਿ ਅਸੀਂ ਜਿਥੇ ਪੁਲ ਛੋਟੇ ਹਨ ਉਥੇ ਪੁਲਾਂ ਨੂੰ ਚੁੜੇਰਾ ਕਰਾਂਗੇ। ਅਤੇ ਸੜਕਾਂ ਨੂੰ ਚੌੜਾ ਕਰਨ ਤੋਂ ਵੀ ਅਸੀਂ ਨਹੀਂ ਸੰਗਦੇ। ਅਸੀਂ ਚੋਆਂ ਨੂੰ ਠੀਕ ਕਰਨ ਤੇ ਵੀ ਸੰਕੋਚ ਨਹੀਂ ਕਰਾਂਗੇ। ਤੁਸੀਂ ਯਕੀਨ ਰਖੋ ਕਿ ਅਸਾਨੂੰ ਵੀ ਉੱਨਾ ਹੀ ਦੁਖ ਹੁੰਦਾ ਏ ਜਿੰਨਾ ਕਿ ਤੁਹਾਨੂੰ ਅਤੇ ਅਸਾਡੀ ਇੱਛਾ ਹੈ ਕਿ ਛੇਤੀ ਤੋਂ ਛੇਤੀ ਪੁਲਾਂ ਤੇ ਸੜਕਾਂ ਨੂੰ ਠੀਕ ਕੀਤਾ ਜਾਵੇ।

ਫਿਰ, ਇਕ ਦੋ ਵੀਰਾਂ ਨੇ fertilizers ਬਾਰੇ ਤਜਵੀਜ਼ਾਂ ਦਿਤੀਆਂ ਹਨ ਇਸ ਬਾਰੇ ਅਸੀਂ ਅਗਲੀ ਵੇਰ ਕੋਈ ਬਿਲ ਲਿਆਵਾਂਗੇ ਅਤੇ ਆਸ ਹੈ ਪ੍ਰਬੰਧ ਕਰ ਦਿਤਾ ਜਾਵੇਗਾ।

ਕੁਝ ਵੀਰਾਂ ਨੇ ਜੰਗਲਾਤ ਬਾਰੇ ਜ਼ਿਕਰ ਕੀਤਾ ਹੈ ਕਿ ਇਨ੍ਹਾਂ ਨੂੰ ਹੜ੍ਹਾਂ ਦੇ ਮਾਰੇ ਲੋਕਾਂ ਲਈ ਖੁਲ੍ਹਾ ਛੱਡ ਦਿਤਾ ਜਾਵੇ ਪਰ ਮੈਂ ਇਸ ਤਜਵੀਜ਼ ਨਾਲ ਸਹਿਮਤ ਨਹੀਂ। ਅਸੀਂ ਜੰਗਲਾਂ ਵਿਚੋਂ ਲਕੜੀ ਨਹੀਂ ਕਟਣ ਦੇਵਾਂਗੇ। ਕਿਉਂ ਜੋ ਮਕਾਨ ਬਨਾਣ ਲਈ ਅਤੇ ਕੋਠੇ ਛੱਤਣ ਲਈ ਅਸੀਂ ਇਕ ਸੌ ਰੁਪਿਆ ਫੀ ਕੋਠਾ ਮਨਜ਼ੂਰ ਕਰ ਰਹੇ ਹਾਂ। ਇਸ ਲਈ ਜਿਨ੍ਹਾਂ ਨੂੰ ਕੋਠਾ ਛੱਤਣ ਲਈ ਲਕੜੀ ਦੀ ਲੋੜ ਹੈ ਉਹ ਮੁਲ ਦੇਕੇ ਲਕੜੀ ਲੈ ਸਕਦੇ ਹਨ। ਇਕ ਗੱਲ ਇਸ ਸਬੰਧ ਵਿਚ ਅਸੀਂ ਇਹ ਕਰ ਰਹੇ ਹਾਂ ਕਿ ਜੋ ਦਰਖਤ ਸਰਕਾਰੀ ਜ਼ਮੀਨ ਤੇ ਹੜ੍ਹਾਂ ਨਾਲ ਜਾਂ ਹਨੇਰੀ ਨਾਲ ਡਿਗ ਗਏ ਹਨ ਜਾਂ ਜਿਨ੍ਹਾਂ ਤੋਂ ਪਾਣੀ ਲੰਘ ਗਿਆ ਹੈ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਨੀਲਾਮ ਕੀਤਾ ਜਾਵੇਗਾ ਤਾਂ ਜੋ ਲੋਕੀਂ ਮੁਲ ਲੈਕੇ ਲਕੜ ਨੂੰ ਆਪਣੀ ਵਰਤੋਂ ਵਿਚ ਲਿਆ ਸਕਣ। ਇਸ ਕੰਮ ਵਿਚ ਕਿਸੇ ਅਫਸਰ ਨਾਲ ਜਾਂ ਪਰਜਾ ਨਾਲ ਇਕੋ ਜਿਹਾ ਸਲੂਕ ਕੀਤਾ ਜਾਵੇਗਾ ਅਤੇ ਕਿਤੇ ਵੀ ਕੀਤੀ ਗਈ ਬੇਈਮਾਨੀ ਨੂੰ ਰੋਕਿਆ ਜਾਵੇਗਾ।

ਮੇਰੇ ਵੀਰ ਸ਼੍ਰੀ ਗਨੀ ਸਾਹਿਬ ਨੇ ਸ਼ਕਾਇਤ ਕੀਤੀ ਹੈ ਕਿ ਮਿਉਜ਼ ਨੂੰ ਪੁਲਿਸ ਦੀ ਭਰਤੀ ਵਿਚ ਨਹੀਂ ਲਿਆ ਜਾਂਦਾ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰਾ ਇਸ ਪਾਸੇ ਵਲ ਧਿਆਨ ਦਿਵਾਇਆ ਹੈ। ਮੈਂ ਆਪਣੇ ਵੀਰ ਨੂੰ ਸਲਾਹ ਦੇਵਾਂਗਾ ਕਿ ਮਿਉਜ਼ ਆਪਣੇ ਆਪ ਨੂੰ ਭਰਤੀ ਲਈ ਪੇਸ਼ ਕਰਨ। ਸਰਕਾਰ ਨੇ ਤਾਂ ਭਰਤੀ ਦੇ ਸਬੰਧ ਵਿਚ ਕਿਸੇ ਲਈ ਵੀ ਫਰਕ ਨਹੀਂ ਰਖਿਆ ਹੋਇਆ ਸਿਵਾਏ ਕੁਝ ਇਕ ਸੀਟਾਂ Scheduled Caste ਦੀ ਗਿਣਤੀ ਨੂੰ ਪੂਰਾ ਕਰਨ ਲਈ ਰਖੀਆਂ ਹੋਈਆਂ ਹਨ। ਇਸਤੋਂ ਇਲਾਵਾ ਮਿਉਜ਼ ਦੀ ਭਰਤੀ ਤੇ ਕੋਈ ਇਤਰਾਜ਼ ਨਹੀਂ ਜੇਕਰ ਉਹ ਭਰਤੀ ਦੀਆਂ ਬਾਕੀ ਸ਼ਰਤਾਂ ਪੂਰੀਆਂ ਕਰਦੇ ਹੋਣ ਜਿਵੇਂ ਕਿ ਛਾਤੀ ਦੀ ਚੁੜਾਈ, ਸਰੀਰ ਦੀ ਉਚਾਈ ਆਦਿਕ। ਮੈਂ ਸਮਝਦਾ ਹਾਂ ਕਿ ਮਿਉਜ਼ ਦਾ ਸਰਵਿਸਾਂ ਵਿਚ ਉੱਨਾ ਹੀ ਹੱਕ ਹੈ ਜਿੰਨਾ ਕਿ ਬਾਕੀ ਪੰਜਾਬ ਵਾਸੀਆਂ ਦਾ ਹੈ। ਮੈਂ ਇਸ ਬਾਰੇ ਖਾਸ ਧਿਆਨ ਰਖਾਂਗਾ ਅਤੇ ਮਿਉਜ਼ ਦੀ ਭਰਤੀ ਦੇ ਮਾਮਲੇ ਬਾਰੇ ਅਫਸਰਾਂ ਨੂੰ ਖਾਸ ਹਦਾਇਤਾਂ ਦੇ ਦੇਵਾਂਗੇ।

ਜਿਥੋਂ ਤਕ ਜੰਗਲਾਤ ਵਿਚ ਪਸ਼ੂਆਂ ਦੇ ਚਰਾਨ ਬਾਰੇ ਤਜਵੀਜ਼ ਹੈ ਇਸ ਬਾਰੇ ਅਸੀਂ ਨਹੀਂ ਰੋਕਾਂਗੇ। ਇਸ ਗੱਲ ਵਿਚ ਸਰਕਾਰ ਨੂੰ ਕੀ ਇਤਰਾਜ਼ ਹੈ ਜੇਕਰ ਜਰਨੈਲੀ ਸੜਕਾਂ ਦੇ ਆਸ ਪਾਸ ਜੋ

plantation ਹੈ ਜੇਕਰ ਕੋਈ ਪਸ਼ੂ ਮੂੰਹ ਮਾਰ ਕੇ ਮੁਠ ਪਤਿਆਂ ਨਾਲ ਮੂੰਹ ਗਿੱਲਾ ਕਰ ਲਵੇ ਤਾਂ ਅਸਾਨੂੰ ਕੋਈ ਇਤਰਾਜ਼ ਨਹੀਂ। ਅਗੇ ਹੀ ਕਾਫੀ ਨੁਕਸਾਨ ਅਤੇ ਬਰਬਾਦੀ ਹੋਈ ਹੈ ਤੇ ਜੇਕਰ ਇਸ ਤਰ੍ਹਾਂ ਸੂਬੇ ਦਾ ਪਸ਼ੂ ਧਨ ਬਚ ਸਕੇ ਤਾਂ ਇਸ ਵਿਚ ਕੋਈ ਇਤਰਾਜ਼ ਨਹੀਂ।

ਆਖਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਗੱਲਾਂ ਜੋ ਮੈਂਬਰਾਂ ਨੇ ਇਸ ਵੇਲੇ ਕਹੀਆਂ ਹਨ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਚੰਗੀਆਂ ਹਨ ਅਤੇ ਸਰਕਾਰ ਵੀ ਕੁਝ ਨਾ ਕੁਝ ਕਰ ਰਹੀ ਹੈ ਅਤੇ ਅਸੀਂ ਮੈਂਬਰਾਂ ਨੂੰ ਵੀ ਕਹਾਂਗੇ ਕਿ ਉਹ ਇਸ ਬਾਰੇ ਕੁਝ ਨਾ ਕੁਝ ਜੋ ਉਹ ਕਰ ਸਕਦੇ ਹਨ ਕਰਨ। ਅਸੀਂ ਕਦੀ ਵੀ ਸੂਬੇ ਦੀ ਸੇਵਾ ਕਰਨ ਤੋਂ ਪਿਛੇ ਨਹੀਂ ਰਹਾਂਗੇ। ਆਪ ਸਭ ਜਾਣਦੇ ਹੋ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਆਨੰਦ ਜਨਤਕ ਸਰਕਾਰ ਨੇ ਜਿਸ ਹੁਬ ਨਾਲ ਕੰਮ ਕੀਤਾ ਹੈ ਜਿਸ ਚਾਅ ਅਤੇ ਸ਼ਾਨ ਨਾਲ ਸੂਬੇ ਦੀ ਸੇਵਾ ਕੀਤੀ ਹੈ ਅਤੇ ਜਿਨ੍ਹਾਂ ਲੋਕਾਂ ਨੇ ਇਸ ਭੀੜ ਸਮੇਂ ਦੁਖੀ ਲੋਕਾਂ ਦੀ ਸੇਵਾ ਕੀਤੀ ਹੈ ਉਹ ਵੀ ਵਧਾਈ ਦੇ ਯੋਗ ਹਨ। ਇਹ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਜਿੰਨੀ ਵੀ ਆਪ ਇਸ ਪਾਸੋਂ ਸੇਵਾ ਲੈਣਾ ਚਾਹੋਗੇ ਇਹ ਹਾਜ਼ਰ ਹੈ। ਜੋ ਗੱਲਾਂ ਆਪ ਨੇ ਹੜ੍ਹਾਂ ਬਾਰੇ ਕਹੀਆਂ ਹਨ ਉਹ ਸਾਰੀਆਂ ਅਸਾਡੇ ਮਨ ਵਿਚ ਹਨ। ਲੋਕਾਂ ਦੀ ਸੇਵਾ ਨਾਲ ਅਤੇ ਸਰਕਾਰ ਦੀ ਮਦਦ ਨਾਲ ਹੀ ਹੜ੍ਹਾਂ ਦੇ ਪੀੜਤਾਂ ਦੇ ਦੁਖ ਕਟੇ ਜਾਣਗੇ। ਹੁਣ ਹੀ ਸਮਾਂ ਹੈ ਕਿ ਅਸੀਂ ਹੌਸਲੇ ਨਾਲ ਲੋਕਾਂ ਦੀ ਜਿੰਨੀ ਵਧ ਤੋਂ ਵਧ ਮਦਦ ਹੋ ਸਕਦੀ ਹੈ ਕਰੀਏ ਅਤੇ ਸਰਕਾਰ ਦੇ ਸੇਵਾ ਦੇ ਜੋ ਨਿਸ਼ਾਨੇ ਹਨ ਉਨ੍ਹਾਂ ਨੂੰ ਪੂਰਾ ਕਰਨ ਦੇ ਯਤਨ ਕਰੀਏ। ਇਸ ਮੁਸੀਬਤ ਵਿਚ ਵਧ ਤੋਂ ਵਧ ਲੋਕਾਂ ਦੀ ਮਦਦ ਦੀ ਲੋੜ ਹੈ। ਅਸਾਡੀ ਸਰਕਾਰ ਦਾ ਤਾਂ ਸੇਵਾ ਹੀ ਸੇਵਾ ਦਾ ਭਾਵ ਹੈ। ਕਿਉਂ ਜੋ ਸਰਕਾਰ ਖਲਕਤ ਦੀ ਹੈ ਅਤੇ ਜੋ ਕੁਝ ਸਰਕਾਰ ਦਾ ਹੈ ਉਹ ਖਲਕਤ ਦਾ ਹੈ। ਸਰਕਾਰ ਦਾ ਧਰਮ ਹੈ ਲੋਕਾਂ ਦੀ ਸੇਵਾ ਕਰਨੀ। ਅਸੀਂ ਤਾਂ ਉਨ੍ਹਾਂ ਅਸੂਲਾਂ ਤੇ ਅਮਲ ਕਰ ਰਹੇ ਹਾਂ ਜੋ ਕਾਂਗਰਸ ਨੇ ਦੇਸ਼ ਦੇ ਅਤੇ ਜਨਤਾ ਦੇ ਸਾਹਮਣੇ ਰਖੇ। ਸਰਕਾਰ ਤਾਂ ਸੇਵਾਦਾਰ ਹੈ। ਇਸ ਪਾਸ ਜੋ ਸਾਧਨ ਹਨ ਉਹ ਜਨਤਾ ਦੀ ਸੇਵਾ ਲਈ ਹਨ। ਇਸ ਲਈ ਮੈਂ ਆਪਣੇ ਆਪੋਜ਼ੀਸ਼ਨ ਵਾਲਿਆਂ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਉਸੇ ਸੇਵਾ ਭਾਵ ਦੀ ਸਪਿਰਟ ਨਾਲ, ਜਿਸ ਵਿਚ ਕਿ ਕਾਂਗਰਸ ਵਾਲੇ ਕੰਮ ਕਰ ਰਹੇ ਹਨ, ਕੰਮ ਕਰਨ ਅਤੇ ਲੋਕਾਂ ਦੇ ਦੁਖਾਂ ਨੂੰ ਦੂਰ ਕਰਨ ਵਿਚ ਅਸਾਡੇ ਨਾਲ ਮਿਲਕੇ ਯਤਨ ਕਰਨ ਤਾਂ ਜੋ ਅਸੀਂ ਪੰਜਾਬ ਨੂੰ ਮੁਸੀਬਤ ਤੋਂ ਬਚਾ ਸਕੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਖਤਮ ਕਰਦਾ ਹਾਂ।

Mr. Speaker : Question is—

That the Punjab Appropriation (No. 3) Bill be taken into consideration at once.

The motion was carried.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

SCHEDULE

Mr. Speaker : Question is—

That Schedule stand part of the Bill.

The motion was carried.

CLAUSE 1

Mr. Speaker : Question is—

That Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Minister for Development : (Sardar Partap Singh Kairon): Sir, I beg to move—

That the Punjab Appropriation (No. 3) Bill be passed.

Mr. Speaker : Motion moved—

That the Punjab Appropriation (No. 3) Bill be passed.

प्रोफैसर मोता सिंह आनन्दपुरी (आदमपुर) : स्पीकर साहिब ! मैं बिल के हक में बोलने के लिये खड़ा हुआ हूं। मेरी यह शिकायत है कि जितनी रकम इस Appropriation Bill के लिये रखी गई है उससे ज़्यादा रखी जानी चाहिए थी। खुसूसियत से 3, 4 items ऐसी हैं जिन के लिये रुपये की बड़ी ज़रूरत है। उन के लिये रुपया और ज़्यादा होना चाहिए था। मेरा मतलब Agriculture और Finance की items से है। तीसरी चीज़ मौजूदा हालात के अन्दर flood havoc से है। इन चीज़ों के साथ Irrigation Works की construction के लिए भी रुपया बहुत कम है। Roads के बनाने के लिये रुपया इस वक्त लिया ही नहीं गया। मैं इस वास्ते भी कहता हूं कि यह बिल बहुत ज़रूरी है और खास कर इस साल इस रकम को ज्यादा कर दिया जाता तो अच्छा होता क्योंकि मेरे ख्याल में

ਜ਼ਿਆਦਾ ਪੜ੍ਹਣਗੇ। ਪ੍ਰਧਾਨ ਜੀ, ਮੈਨੂੰ ਸਭ ਤੋਂ ਜ਼ਿਆਦਾ ਦੁਖ ਇਸ ਗਲ ਦਾਂ ਹੋਇਆ ਹੈ ਕਿ ਕਿ ਇਸ ਰਪੋਰਟ ਵਿਚ ਸਿਖਾਂ ਉਪਰ ਬੇਇਤਬਾਰੀ ਕੀਤੀ ਗਈ ਹੈ। ਉਸ ਦਾ ਪਤਾ ਜਿਉਂ ਜਿਉਂ ਰਿਪੋਰਟ ਪੜ੍ਹਦੇ ਜਾਓ ਤਿਉਂ ਤਿਉਂ ਲਗਦਾ ਹੈ। ਜਿਹੜੀਆਂ ਦਲੀਲਾਂ ਰਿਪੋਰਟ ਵਿਚ ਪੰਜਾਬੀ ਸੂਬੇ ਦੇ ਖਿਲਾਫ ਦਿਤੀਆਂ ਗਈਆਂ ਹਨ ਉਹ ਸਾਰੇ ਹਿੰਦੁਸਤਾਨ ਵਿਚ ਹੋਰ ਕਿਧਰੇ ਨਹੀਂ ਲਾਗੂ ਹੁੰਦੀਆਂ। ਕਮੀਸ਼ਨ ਵਾਲਿਆਂ ਨੇ ਇਤਨਾ ਲੰਬਾ ਸਫਰ ਕੀਤਾ, ਅਤੇ ਖਰਚ ਕੀਤਾ ਵਹੁਤ ਲੋਕਾ ਨੂੰ ਮਿਲੇ ਵੀ ਪਰ ਸਾਨੂੰ ਪੰਜਾਬੀ ਬੋਲੀ ਦੇ ਇਲਾਕੇ ਵਾਲਿਆ ਨੂੰ ਤੇ ਇੰਝ ਭਾਸਦਾ ਹੈ ਕਿ ਉਹ ਸਾਰਾ ਸਾਧ ਦੀ ਭੂਰੀ ਤੇ ਹੀ ਇਕਠ ਸੀ ਕਿ ਕਿਧਰੇ ਪੰਜਾਬੀ ਬੋਲੀ ਵਾਲਿਆਂ ਦਾ ਕੁਝ ਨਾ ਬਣ ਜਾਵੇ। ਸਪੀਕਰ ਸਾਹਿਬ, ਮੈ ਛੋਟੀ ਉਮਰ ਵਿਚ ਹੀ ਕਰੀਬਨ ੧੯੩੭ ਵਿਚ ਕਾਂਗਰਸ ਵਿਚ ਆਇਆ ਸੀ। ਮੈਂ ਅਜੇ ਤਕ ਸਵਾਇ ਕਾਂਗਰਸ ਦੇ ਜੋ ਸਾਂਝੀ ਕੌਮੀ ਜਥੇਬੰਦੀ ਹੈ ਦਾ ਮੈਂਬਰ ਬਣਨ ਦੇ ਕਦੀ ਹੋਰ ਕਿਸੇ ਫਿਰਕੂ ਜਮਾਇਤ ਦਾ ਮੈਂਬਰ ਨਹੀਂ ਬਣਿਆ। ਇਸ ਕਰਕੇ ਮੈਂ Nationalist Sikh ਹੋਣ ਦੇ ਨਾਤੇ, ਪੰਜਾਬੀ ਹੋਣ ਅਤੇ ਪੰਜਾਬੀ ਬੋਲੀ ਦੇ ਪ੍ਰੇਮੀ ਹੋਣ ਦੇ ਨਾਤੇ ਮੰਗ ਕਰਦਾ ਹਾਂ ਕਿ ਕਾਂਗ੍ਰੇਸ ਸਰਕਾਰ ਹਿੰਦੁਸਤਾਨ ਦੀਆਂ ਦੂਜੀਆਂ ਬੋਲੀਆਂ ਦੇ ਸੂਬਿਆਂ ਦੀ ਤਰ੍ਹਾਂ ਇਥੇ ਵੀ ਪੰਜਾਬੀ ਬੋਲੀ ਦਾ ਇਕ ਸੂਬਾ ਬਣਾਵੇ। ਬਾਕੀ ਮੁਲਕ ਦੀ Defence ਦੀ ਗਲ, ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕਮਿਸ਼ਨ ਨੇ ਮਰਾਠਿਆਂ ਨੂੰ, ਹਰਿਆਨੇ ਦੇ ਜਾਟਾਂ ਨੂੰ ਅਤੇ ਪੰਜਾਬ ਦਿਆਂ ਸਿਖਾਂ ਨੂੰ ਸਬ ਨੂੰ ਨਾਰਾਜ਼ ਕੀਤਾ ਹੈ। ਇਹ marshal ਕੌਮਾਂ ਹਨ ਇਨ੍ਹਾਂ ਨੂੰ ਨਾਰਾਜ਼ ਕਰਕੇ ਦੇਸ਼ ਦਾ defence ਕਿਵੇਂ ਮਜਬੂਤ ਹੁੰਦਾ ਹੈ ਜਦੋਂ ਇਕ ਮਰਾਠਾ ਸਿਪਾਹੀ ਅਖਬਾਰ ਵਿਚ ਇਹ ਪੜ੍ਹਦਾ ਹੈ ਕਿ ਬੰਬਈ ਸਾਡਾ ਸ਼ਹਿਰ ਹੈ ਅਤੇ ਸਾਨੂੰ ਨਹੀਂ ਦਿਤਾ ਜਾ ਰਿਹਾ ਤਾਂ ਉਹ ਫੌਜੀ ਕੀ ਸੋਚੇਗਾ। ਸਿਖ ਸਪਾਹੀ ਕੀ ਸੋਚਦਾ ਹੋਵੇਗਾ ਕਿ ਹੋਰ ਸੂਬੇ ਤਾਂ ਬਣਾ ਦਿਤੇ ਗਏ ਹਨ ਸਾਡਾ ਪੰਜਾਬੀ ਸੂਬਾ ਕਿਉਂ ਨਹੀਂ ਬਣਾਇਆ ਜਾ ਰਿਹਾ। ਸਪੀਕਰ ਸਾਹਿਬ, ਪੰਜਾਬੀ ਸੂਬਾ ਬਣ ਜਾਣ ਨਾਲ ਹਿੰਦੁਸਤਾਨ ਦੀ unity ਨੂੰ ਕੋਈ ਖਤਰਾ ਨਹੀਂ ਹੋਵੇਗਾ। ਬਲਕਿ unity ਤੇ security ਜ਼ਿਆਦਾ ਹੋਵੇਗੀ। ਕੀ ਤੁਹਾਨੂੰ ਖਬਰ ਨਹੀਂ ਹੈ ਕਿ ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦੇ ਸਿਖਾਂ ਨੇ ਕਿੰਨੀ ਵਧ ਚੜ੍ਹਕੇ ਕੁਰਬਾਨੀ ਕੀਤੀ ਸੀ। ਸਭ ਤੋਂ ਵਧ ਗਿਣਤੀ ਵਿਚ ਜੇਲ੍ਹਾਂ ਵਿਚ ਗਏ, ਫਾਂਸੀਆਂ ਤੇ ਚੜ੍ਹੇ, ਜਾਇਦਾਦਾਂ ਜ਼ਬਤ ਕਰਵਾਈਆਂ।। ਜਦੋਂ ਦੇਸ਼ ਦੀ ਵੰਡ ਹੋਣ ਲਗੀ ਤਾਂ ਫਿਰ ਦੇਸ਼ ਭਗਤੀ ਦਾ ਦੂਜਾ test ਹੋਇਆ। Mr. Jinnah, Pt. Nehru ਅਤੇ ਸਰਦਾਰ ਬਲਦੇਵ ਸਿੰਘ ਨੂੰ London ਬੁਲਾਇਆ ਗਿਆ। ਉਸ ਵਕਤ ਸਰਦਾਰ ਬਲਦੇਵ ਸਿੰਘ ਨੇ ਅੰਗਰੇਜ਼ਾਂ ਨੂੰ ਕਿਹਾ ਕਿ ਅਸੀਂ ਸਿਖ ਅਤੇ ਹਿੰਦੂ ਇਕ ਹਾਂ। ਤੁਸੀਂ ਪੰਡਤ ਨਹਿਰੂ ਨਾਲ ਗਲ ਕਰੋ। ਅਸੀਂ ਜੋ ਕੁਝ ਲੈਣਾ ਹੋਵੇਗਾ ਤੇ ਸਾਡੇ ਦੇਸ਼ ਦੇ ਇਸ ਨੇਤਾ ਪਾਸੋਂ ਲੈ ਲਵਾਂਗੇ, ਅਸੀਂ ਤੁਹਾਥੋਂ ਕੁਝ ਨਹੀਂ ਮੰਗਦੇ। ਉਹ ਬੜਾ ਵੱਡਾ test ਹੈ ਸੀ। ਉਸ ਵੇਲੇ ਸਿਖ ਮੁਲਕ ਦੇ ਨਾਲ ਰਹੇ, ਮੈਂ ਕਹਿੰਦਾ ਹਾਂ ਕਿ ਸਿਖ ਕਦੇ ਵੀ ਮੁਲਕ ਦਾ ਗੱਦਾਰ ਨਹੀਂ ਹੋ ਸਕਦਾ। ਤੁਸੀਂ ਪੰਜਾਬੀ ਬੋਲੀ ਦਾ ਸੂਬਾ ਮੰਨ ਜਾਉ, ਮੁਲਕ ਦਾ defence ਮਜ਼ਬੂਤ ਹੋਵੇਗਾ, ਯਕਜਹਿਤੀ ਮਜ਼ਬੂਤ ਹੋਵੇਗੀ। ਸਿਖ ਮੇਹਨਤੀ ਹੈ, ਹਿੰਦੁਸਤਾਨ ਦੀ ਤਰੱਕੀ ਹੋਵੇਗੀ। ਸਪੀਕਰ ਸਾਹਿਬ, ਤੁਸੀਂ ਵੇਖੋਗੇ ਕਿ ਹਿੰਦੁਸਤਾਨ ਦੀ ਤਾਕਤ ਵਧੇਗੀ।

ਅਤੇ ਹਿੰਦੁਸਤਾਨ ਦੇ ਦਰਵਾਜ਼ੇ ਉਪਰ ਅਨਾਜ ਪੈਦਾ ਕਰਨ ਵਾਲਾ ਇਕ ਬੜਾ ਅੱਛਾ ਕਿਸਾਨ ਤੇ ਬਹਾਦਰ ਸਿਪਾਹੀ ਹੋਵੇਗਾ। ਅੰਤ ਵਿਚ ਸਪੀਕਰ ਸਾਹਿਬ ਮੈਂ ਹਿੰਦ ਸਰਕਾਰ ਅਤੇ ਪਾਰਲੀਮੈਂਟ ਪਾਸ ਗੁਜ਼ਾਰਸ਼ ਕਰਾਂਗਾ ਕਿ ਉਹ ਪੰਜਾਬ ਬਾਰੇ ਹਦ ਬੰਦੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਰਦ ਕਰ ਦੇਣ ਅਤੇ ਪੰਜਾਬੀ ਬੋਲੀ ਦਾ ਸੂਬਾ ਬਨਾਨ ਦਾ ਫੈਸਲਾ ਕਰ ਦੇਣ ਜੋ ਕਿ ਹਰ ਲਿਹਾਜ਼ ਨਾਲ ਮੁਲਕ ਲਈ ਲਾਭਦਾਇਕ ਹੋਵੇਗਾ।

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ (ਨਕੋਦਰ) : ਪ੍ਰਧਾਨ ਜੀ ! ਅਜ ਅਸੀਂ ਇਕ ਬੜੇ ਅਹਿਮ ਮਸਲੇ ਉਪਰ ਵਿਚਾਰ ਕਰ ਰਹੇ ਹਾਂ। ਇਹ ਮਸਲਾ ਅਜ ਤੋਂ ਨਹੀਂ ਬਲਕਿ ਲਗ ਭਗ ੪੦ ਵਰ੍ਹਿਆਂ ਤੋਂ ਚਰਚਾ ਦਾ ਕਾਰਣ ਬਣਿਆ ਹੋਇਆ ਹੈ। ਇਸ ਗਲ ਉਪਰ ਕੋਈ ਦੂਸਰੀ ਰਾਏ ਨਹੀਂ ਹੋ ਸਕਦੀ ਕਿ ਅੰਗ੍ਰੇਜ਼ਾਂ ਨੇ ਸਾਡੇ ਜਮਹੂਰੀ ਜੀਵਨ ਨੂੰ ਤੋੜਣ ਲਈ ਅਤੇ ਇਸ ਗਲ ਲਈ ਕਿ ਅਸੀਂ ਇਕ ਮੁੱਠੀ ਹੋ ਕੇ ਆਜ਼ਾਦੀ ਦੀ ਲੜਾਈ ਨਾ ਲੜੀਏ, ਸੂਬਿਆਂ ਦੀਆ ਹਦਬੰਦੀਆਂ ਕੀਤੀਆਂ ਸਨ। ਉਹ ਢੰਗ ਐਸਾ ਸੀ ਕਿ ਜਿਸ ਦੇ ਨਾਲ ਨਾਂ ਤਾਂ ਕੋਈ ਕੌਮ ਤਰੱਕੀ ਕਰ ਸਕਦੀ ਸੀ ਅਤੇ ਨਾ ਹੀ ਸਮੁਚਾ ਹਿੰਦੁਸਤਾਨ ਤਰੱਕੀ ਕਰ ਸਕਦਾ ਸੀ। ਇਹੋ ਕਾਰਨ ਸੀ ਕਿ ਸਾਡੀ ਕੌਮੀ ਲਹਿਰ ਦੇ ਨੇਤਾ ਇਸ ਨਤੀਜੇ ਉਪਰ ਪੁੱਜੇ ਕਿ ਸਾਡਾ ਮੁਲਕ ਉਸ ਵਕਤ ਤਕ ਤਰੱਕੀ ਦੀ ਤਰਫ ਨਹੀਂ ਵਧ ਸਕਦਾ ਜਦ ਤਕ ਕਿ ਸੂਬਿਆਂ ਦੀ ਹਦਬੰਦੀ ਦੋਬਾਰਾ ਨਾ ਕੀਤੀ ਜਾਵੇ। ਮੈਂ ਜ਼ਿਆਦਾ ਹਵਾਲਿਆਂ ਵਿੱਚ ਨਹੀਂ ਪੈਣਾ ਚਾਹੁੰਦਾ। 1927 ਵਿਚ All Parties Committee, ਜੋ ਕਿ ਕਾਂਗ੍ਰਸ ਨੇ ਕਾਇਮ ਕੀਤੀ ਰਿਪੋਰਟ ਵਿਚ ਇਸ ਗਲ ਨੂੰ ਵਿਸਥਾਰ ਨਾਲ ਦਸਿਆ ਗਿਆ ਹੈ ਕਿ ਸਾਡੀ ਮੁੜ ਹਦਬੰਦੀ ਇਸੇ ਅਧਾਰ ਨੂੰ ਮੁਖ ਰਖਦਿਆਂ ਹੋਇਆਂ ਹੋ ਸਕਦੀ ਹੈ ਕਿ ਜ਼ਬਾਨ ਦੇ ਅਧਾਰ ਤੇ ਨਵੇਂ ਸੂਬੇ ਬਣਾਏ ਜਾਣ। ਕਿਉਂ ? ਇਸੇ ਲਈ, ਕਿ ਆਪਣੀ ਬੋਲੀ ਵਿਚ ਹੀ ਅਸੀਂ ਚੰਗੀ ਵਿਦਿਆ ਹਾਸਲ ਕਰ ਸਕਦੇ ਹਾਂ ਅਤੇ ਆਪਣੀ ਬੋਲੀ ਵਿਚ ਹੀ ਸਾਡਾ ਸਭਿਆਚਾਰ ਅਗਾਂ ਤਰੱਕੀ ਕਰ ਸਕਦਾ ਹੈ। ਆਪਣੀ ਬੋਲੀ ਵਿਚ ਹੁਕੂਮਤ ਦੇ ਕਾਰਪ੍ਰਬੰਧ ਵਿਚ ਅਸੀਂ ਸੋਹਣਾ ਹਿੱਸਾ ਲੈ ਸਕਦੇ ਹਾਂ ਅਤੇ ਆਪਣੀ ਬੋਲੀ ਵਿਚ ਹੀ ਜਮਹੂਰੀ ਉਨਤੀ ਲਈ ਅਸੀਂ ਆਪਣਾ ਯੋਗ ਹਿੱਸਾ ਪਾ ਸਕਦੇ ਹਾਂ। ਇਸ ਬਿਨਾ ਤੇ ਹੀ ਉਸ ਰੀਪੋਰਟ ਵਿਚ ਗੌਰ ਕੀਤਾ ਗਿਆ ਅਤੇ ਕਿਹਾ ਗਿਆ ਕਿ ਜਦ ਕਦੀ ਵੀ ਸੂਬਿਆਂ ਦੀ ਨਵੀਂ ਹਦਬੰਦੀ ਕੀਤੀ ਜਾਵੇ ਤਾਂ ਉਸ ਦਾ ਵਡਾ ਅਧਾਰ ਇਹੋ ਰਖਿਆ ਜਾਵੇ ਕਿ ਜ਼ਬਾਨ ਦੇ ਅਧਾਰ ਤੇ ਹੀ ਨਵੇਂ ਸੂਬੇ ਕਾਇਮ ਹੋਣ।

ਪਰ ਅਸੀਂ ਕੀ ਵੇਖਦੇ ਹਾਂ, ਸੰਨ ੧੯੪੭ ਤੋਂ ਬਾਅਦ ਨਵੀਂਆ ਗਲਾਂ ਅਤੇ ਨਵੀਂਆਂ ਹੀ ਦਲੀਲਾਂ ਸਾਮ੍ਹਣੇ ਰਖੀਆ ਜਾਂਦੀਆਂ ਹਨ। ਉਹ ਦਲੀਲਾਂ ਕੀ ਹਨ ? ਕਿ ਬੇਸ਼ਕ ਜ਼ਬਾਨ ਦੀ ਬਿਨਾ ਤੇ ਸੂਬਿਆਂ ਦੀ ਹਦਬੰਦੀ ਇਕ ਬੜਾ ਅਹਿਮ ਸਵਾਲ ਹੈ ਪਰ ਨਾਲ ਹੀ ਮਾਲੀ, ਇਕਤਸਾਦੀ ਅਤੇ ਇੰਤਜ਼ਾਮਿਆ ਆਦਿ ਵੀ ਦੂਜੀਆਂ ਅਹਿਮ ਗੱਲਾਂ ਹਨ। ਇਨ੍ਹਾਂ factors ਤੇ ਵਧੇਰਾ ਜ਼ੋਰ ਦੇ ਕੇ ਅਤੇ ਇਨ੍ਹਾਂ ਨੂੰ ਹੀ ਦਿਮਾਗ ਵਿਚ ਰਖਕੇ ਉਸ ਮੂਲ ਅਤੇ ਸਿਧਾਂਤਿਕ ਅਸੂਲ ਨੂੰ ਪਿਛਾਂ ਪਾਇਆ ਜਾ ਰਿਹਾ ਹੈ ਅਤੇ ਉਸ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਇਸ ਲਈ, ਸਾਰੇ ਹਿੰਦੁਸਤਾਨ ਦੇ ਲੋਕਾਂ ਨੇ ਇਕਮੁੱਠ ਹੋ ਕੇ ਜੰਗੇ ਆਜ਼ਾਦੀ ਦੇ ਵਿਚ ਹਿੱਸਾ ਪਾਇਆ ਅਤੇ ਲੜਾਈ ਲੜੀ।

[ਸਰਦਾਰ ਹਰਕਿਸ਼ਨ ਸਿੰਘ ਸੁਰਜੀਤ]

ਸਪੀਕਰ ਸਾਹਿਬ ! ਧਾਰ ਕਮੀਸ਼ਨ' ਬੈਠਦਾ ਹੈ । ਉਹ ਇਨ੍ਹਾਂ ਸਾਰੀਆਂ ਗਲਾਂ ਤੇ ਵਿਚਾਰ ਕਰਦਾ ਹੈ । ਉਹ ਇਹ ਰੀਪੋਰਟ ਦਿੰਦਾ ਹੈ ਕਿ ਸੂਬੇ ਅਜੇ ਮੁੜ ਨ ਬਣਾਏ ਜਾਣ। ਪਰ ਉਹ ਇਸ ਆਮ ਜਨਤਾ ਨੂੰ ਸੰਤੁਸ਼ਟ ਨਹੀਂ ਕਰ ਸਕਿਆ । ਉਹ ਸਿਰਫ ਆਪਣੀ ਰਾਏ ਪਰਗਟ ਕਰ ਸਕਿਆ ਪਰ ਉਸ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਸਨਤੁਸ਼ਟ ਨ ਕਰ ਸਕਿਆ । ਇਹ 1948 ਦੀ ਗਲ ਹੈ । ਉਸ ਤੋਂ ਬਾਦ ਉਹ ਲੋਕੀ ਜਿਨ੍ਹਾਂ ਨੇ ਜੰਗੇ ਆਜ਼ਾਦੀ ਵਿਚ ਹਿੱਸਾ ਪਾਇਆ ਸੀ; ਮੁੜ ਆਪਣੀ ਆਵਾਜ਼ ਬੁਲੰਦ ਕਰਦੇ ਹਨ । ਇਕ ਸਾਲ ਨਹੀਂ, ਦੋ ਸਾਲ ਨਹੀਂ, ਤਿਨ ਚਾਰ ਸਾਲ ਲਗਾਤਾਰ ਉਨ੍ਹਾਂ ਨੇ ਜਦੋ ਜਹਿਦ ਕੀਤੀ ਅਤੇ 1953 ਵਿਚ ਗਵਰਨਮੈਂਟ ਲਈ ਅਜਿਹੇ ਹਾਲਾਤ ਪੈਦਾ ਕਰ ਦਿਤੇ ਅਤੇ ਇਸ ਗਲ ਤੇ ਮਜਬੂਰ ਕਰ ਦਿੱਤਾ ਕਿ "ਆਂਧਰਾ" ਦਾ ਇਕ ਨਵਾਂ ਸੂਬਾ ਅਲਗ ਕਾਇਮ ਕੀਤਾ ਜਾਵ। ਇਸ ਨਵੀਂ ਲਹਿਰ ਦਾ ਕੀ ਸਿੱਟਾ ਨਿਕਲਿਆ ? ਨ ਕੇਵਲ ਗਵਰਨਮੈਂਟ ਨੂੰ ਇਸ ਨਵੀਂ ਮੰਗ ਅਗੇ ਝੁਕਣਾ ਪਿਆ ਪਰ ਨਾਲ ਹੀ ਸਾਰੇ ਦੇਸ਼ ਦੇ ਹਾਲਾਤ ਨੂੰ ਮੁਖ ਰਖਦਿਆਂ ਹੋਇਆਂ ਗਵਰਨਮੈਂਟ ਮੁੜ ਇਸ ਗਲ ਲਈ ਮਜਬੂਰ ਹੋ ਗਈ ਕਿ ਇਕ ਨਵਾਂ ਕਮੀਸ਼ਨ ਨਿਯੁਕਤ ਕੀਤਾ ਜਾਵੇ, ਉਨ੍ਹਾਂ ਹੀ ਚੀਜ਼ਾ ਤੇ ਵਿਚਾਰ ਕਰਨ ਲਈ ਜਿਨ੍ਹਾਂ ਪੁਰ 'ਧਾਰ ਕਮੀਸ਼ਨ' ਨੇ ਸੋਚਿਆ ।

ਪਰ ਸਪੀਕਰ ਸਾਹਿਬ, ਜਿਥੋਂ ਤੀਕ ਪੰਜਾਬ ਦਾ ਤਾਲੁਕ ਹੈ ਪੋਜ਼ੀਸ਼ਨ ਇਹ ਹੋਈ ਕਿ ਜ਼ਿਥੇ 'ਧਾਰ ਕਮਸ਼ਨ' ਨੇ ਸਾਡੇ ਇਸ ਸੂਬੇ ਨੂੰ ਆਪਣੇ ਘੇਰੇ ਵਿਚ ਨਹੀਂ ਸੀ ਲਿਆ, ਉਥੇ ਹੁਣ ਪੰਜਾਬ ਵੀ ਇਸ ਨਵੀਂ ਕਮੀਸ਼ਨ ਦੇ ਘੇਰੇ ਵਿਚ ਆ ਗਿਆ । ਖੈਰ, ਇਸ ਪੁਰ ਖੂਬ ਰਾਏਜ਼ਨੀ ਹੋਈ। ਹਰ ਇਕ ਤਬਕੇ ਨੇ ਆਪਣਾ ਪਖ ਕਮੀਸ਼ਨ ਦੇ ਸਾਮ੍ਹਣੇ ਰਖਿਆ । ਅਸੀਂ ਵੀ ਆਪਨਾ ਇਕ memorandum ਪੇਸ਼ ਕੀਤਾ ਤੇ suggest ਕੀਤਾ ਕਿ ਸਾਰੇ ਮੁਲਕ ਦੀ ਨਵੇਂ ਸਿਰੇ ਤੋਂ ਹਦਬੰਦੀ ਨ ਸਿਰਫ ਜ਼ਬਾਨ ਦੇ ਆਧਾਰ ਤੇ ਹੀ ਕੀਤੀ ਜਾਵੇ ਬਲਕਿ ਹੈਦਰਾਬਾਦ ਅਤੇ ਪੈਪਸੂ ਜਹੀਆਂ ਰਿਆਸਤਾਂ ਨੂੰ ਵੀ ਤੋੜ ਦਿੱਤਾ ਜਾਵੇ; ਅਤੇ ਰਾਜਪਰਮੁਖਾਂ ਨੂੰ ਅਲੈਹਦਾ ਕਰਕੇ A, B, C, States ਦੇ ਇਸ ਵਿਤਕਰੇ ਨੂੰ ਹਮੇਸ਼ਾ ਲਈ ਖਤਮ ਕਰ ਦਿਤੱ ਜਾਵੇ ਤਾਂਜੋਂ ਸਾਰਿਆਂ ਸੂਬਿਆਂ ਨੂੰ ਇਕੋ ਜਿਹਾ ਦਰਜਾ ਹਾਸਲ ਹੋਵੇ ਅਤੇ ਜੇ ਸਾਰਾ ਹਿੰਦੁਸਤਾਨ ਸਮੁਚੇ ਤੌਰ ਤੇ ਸਿਆਸੀ, ਸਭਿਆਚਾਰਕ ਅਤੇ ਮਾਲੀ ਤੌਰ ਤੇ ਇਕਮੁੱਠ ਹੋ ਕੇ ਅਗੇ ਵਧੇ ਅਤੇ ਤਰੱਕੀ ਕਰੇ । ਨਾਲ ਹੀ ਅਸੀਂ ਇਹ ਚਿਤਾਵਨੀ ਵੀ ਦਿਤੀ ਕਿ ਇਹ ਜਿਹੜੇ ਮਾਲੀ, ਇਕਤਸਾਦੀ, ਅਤੇ ਇੰਤਜ਼ਾਮਿਆ ਗਲਾਂ ਦੇ ਲੱਪੇ ਲਗਾਏ ਜਾ ਰਹੇ ਹਨ ਇਨ੍ਹਾਂ ਨੂੰ ਕਈਆਂ ਸੂਬਿਆਂ ਨੂੰ ਉਨ੍ਹਾਂ ਦੇ ਜਾਇਜ਼ ਹੱਕਾਂ ਤੋਂ ਮਹਿਰੂਮ ਕਰਨ ਲਈ ਵਰਤੋਂ ਵਿਚ ਲਿਆਂਦਾ ਜਾਵੇਗਾ । ਸਪੀਕਰ ਸਾਹਿਬ ! ਜੇ "ਧਾਰ ਕਮੀਸ਼ਨ" ਦੀ ਰੀਪੋਰਟ ਨੂੰ ਮਜਮੂਈ ਤੌਰ ਤੇ ਵੇਖਿਆ ਜਾਵੇ ਤਾਂ ਉਸ ਨੇ ਸੂਬਿਆਂ ਦੀ ਮੁੜ ਹਦਬੰਦੀ ਦੇ ਖਿਲਾਫ਼ ਇਹ ਦਲੀਲਾਂ ਦਿਤੀਆਂ ਕਿ ਜੇ ਇਸ ਮੌਕੇ ਤੇ ਸੂਬਿਆਂ ਦੀ ਨਵੀਂ ਹਦਬੰਦੀ ਕੀਤੀ ਤਾਂ ਹਿੰਦੋਸਤਾਨ ਦਾ ਇਤਹਾਦ ਟੁਟ ਜਾਵੇਗਾ; ਇਸ ਵਿਚ Balkanisation ਹੋ ਜਾਵੇਗੀ–ਬਲਕਾਨ–ਵਾਂਗੂੰ ਹਾਲਾਤ ਪੈਦਾ ਹੋ ਜਾਣਗੇ ; ਮੁਲਕ ਆਰਥਕ ਤੌਰ ਤੇ ਪਿਛੜ ਜਾਵੇਗਾ ; ਇਸ ਦੀ ਮਜਮੂਈ ਤਰੱਕੀ ਰੁਕ ਜਾਵੇਗੀ ਅਤੇ ਇਸ ਦੀਆਂ ਉਸਾਰੂ ਸਕੀਮਾਂ ਨੂੰ ਬੜਾ ਭਾਰੀ ਧੱਕਾ ਲਗੇਗਾ। ਪਰ। ਸਪੀਕਰ ਸਾਹਿਬ ! ਅਜੇ ਇਨ੍ਹਾਂ ਪੰਜਾਂ ਸਾਲਾਂ ਦੀਆਂ ਗੱਲਾਂ ਨੂੰ ਹਜ਼ਮ ਕਰ ਲੈਣਾ ਚਾਹੀਦਾ ਹੈ ਕਿਉਂ ਜੋ ਭਾਵੇਂ ਇਸ ਨਵੀਂ ਕਮੀਸ਼ਨ ਨੇ ਪੰਜਾਬ ਬਾਰੇ ਆਪਣੀ ਕੋਈ ਵੀ ਦਲੀਲ ਦਿੱਤੀ ਹੋਵੇ, ਪਰ ਜੇ ਮਜਮੂਈ ਤੌਰ ਤੇ ਸਾਰੇ ਹਿੰਦੁਸਤਾਨ ਨੂੰ ਲਿਆ ਜਾਵੇ ਤਾਂ ਕਮੀਸ਼ਨ ਨੇ ਇਸ ਹਕ ਨੂੰ ਤਸਲੀਮ ਕੀਤਾ ਹੈ ਕਿ ਜੇ ਕਿਸੇ ਵੀ ਸੰਤੋਸ਼ਜਨਕ ਤਰੀਕੇ ਨਾਲ ਹਿੰਦੁਸਤਾਨ ਦੀ ਨਵੀਂ ਹਦਬੰਦੀ ਕੀਤੀ ਜਾ ਸਕਦੀ ਹੈ ਤਾਂ ਉਹ ਜ਼ਬਾਨ ਦੇ ਆਧਾਰ ਤੇ ਹੀ ਹੋ ਸਕਦੀ ਹੈ।

ਪਰ, ਸਪੀਕਰ ਸਾਹਿਬ ! ਜਿਥੇ ਕਮੀਸ਼ਨ ਨੇ ਇਸ ਗਲ ਨੂੰ ਸਿੱਟੇ ਦੇ ਤੌਰ ਤੇ ਕਬੂਲ ਕੀਤਾ ਉਥੇ ਨਾਲ ਹੀ ਸਾਡਾ ਜਿਹੜਾ ਤੌਖਲਾ ਸੀ ਉਹ ਠੀਕ ਨਿਕਲਿਆ ਅਤੇ ਉਸ ਨੂੰ ਵੀ—ਉਸ ਦਲੀਲ ਨੂੰ ਵੀ—ਸੂਬਿਆਂ ਦੀ ਨਵੀਂ ਹਦਬੰਦੀ ਵਿਚ ਇਸਤੇਮਾਲ ਕੀਤਾ ਗਿਆ ਹੈ । ਇਹ ਤੌਖਲਾ ਪੰਜਾਬ ਦੇ ਖਿਲਾਫ਼ ਹਰੀਆਨੇ ਦੇ ਖਿਲਾਫ਼, ਹਿਮਾਚਲ ਪ੍ਰਦੇਸ਼ ਦੇ ਖਿਲਾਫ਼, ਮਹਾਰਾਸ਼ਟਰ ਦੇ ਖਿਲਾਫ ਅਤੇ ਗੁਜਰਾਤ ਦੇ ਖਿਲਾਫ਼ ਠੀਕ ਸਾਬਤ ਹੋਇਆ ਹੈ । ਕਮੀਸ਼ਨ ਦੀ ਇਸ ਦਲੀਲ ਵਿਚ ਕਿਨੀ ਜਾਨ ਹੈ ਇਸ ਪੁਰ ਹੁਣ ਹੋਰ ਜ਼ਿਆਦਾ ਕਹਿਣ ਦੀ ਲੋੜ ਨਹੀਂ, ਹਾਲਾਤ ਸਭ ਕੁਝ ਅਗੇ ਲਿਆ ਰਹੇ ਹਨ ਕਿਉਂਕਿ ਉਸ ਨੇ ਖੁਦ ਇਹ ਮੰਨਿਆ ਹੈ ਅਤੇ ਇਕੋ ਬੋਲੀ ਬੋਲਣ ਵਾਲਿਆਂ ਲਈ ਉਸ ਨੇ ਖੁਦ ਇਹ ਸਿਫ਼ਾਰਸ਼ ਕੀਤੀ ਹੈ ਕਿ ਉਨ੍ਹਾਂ ਨੂੰ ਇਕ ਦੂਜੇ ਨਾਲ ਇਕੱਠਾ ਕੀਤਾ ਜਾਵੇ ਕਿਉਂ ਜੋ ਉਸ ਨਾਲ ਯੂਨਟ ਕਮਜ਼ੋਰ ਨਹੀਂ ਬਲਕਿ ਮਜ਼ਬੂਤ ਹੋਵੇਗਾ । ਉਸੇ ਦਲੀਲ ਦੇ ਬਿਨਾ ਤੇ ਹੀ ਹੈਦਰਾ ਬਾਦ ਦੇ ਦੋ ਸੂਬੇ ਬਨਾਉਣ ਦੀ ਤਜਵੀਜ਼ ਕੀਤੀ ਗਈ ਹੈ ਅਤੇ ਤਲੇਗੂ ਬੋਲੀ ਬੋਲਣ ਵਾਲਿਆਂ ਦਾ ਇਕ ਹੀ ਵਡਾ ਸੂਬਾ ਬਣਾਣ ਤੋਂ ਇਨਕਾਰ ਕੀਤੀ ਹੈ । ਕਮੀਸ਼ਨ ਦੀਆਂ ਆਪਣੀਆਂ ਹੀ ਦਲੀਲਾਂ ਕਿਤਨੀਆਂ ਬੋਦੀਆਂ ਅਤੇ contradictory ਹਨ; ਉਸ ਨੂੰ ਖ਼ੁਦ ਕਾਂਗਰੇਸ ਵਰਕਿੰਗ ਕਮੇਟੀ ਦੇ ਇਜਲਾਸ ਨੇ ਸਾਬਤ ਕਰ ਦਿੱਤਾ ਹੈ । ਕੀ ਇਹ ਹਕੀਕਤ ਨਹੀ ਕਿ ਕਾਂਗਰਸ ਵਰਕਿੰਗ ਕਮੇਟੀ ਨੇ ਕਮੀਸ਼ਨ ਦੀਆਂ ਕਈ ਤਜਵੀਜ਼ਾਂ ਦੀ ਪਰਵਾਹ ਨਹੀਂ ਕੀਤੀ ? ਕੀ ਵਰਕਿੰਗ ਕਮੇਟੀ ਨੇ ਇਹ ਤਸਲੀਮ ਨਹੀਂ ਕੀਤਾ ਕਿ ਆਂਧਰਾ ਤੇ ਹੈਦਰਾਬਾਦ ਦਾ ਇਕੋ ਸੂਬਾ ਬਨਣਾ ਚਾਹੀਦਾ ਹੈ ? ਕੀ ਇਹ ਠੀਕ ਨਹੀ ਕਿ ਵਰਕਿੰਗ ਕਮੇਟੀ ਨੇ ਇਹ ਤਸਲੀਮ ਕੀਤਾ ਹੈ ਕਿ ਗੁਜਰਾਤੀਆਂ ਅਤੇ ਮਹਾਰਾਸ਼ਟਰੀਆਂ ਨੂੰ ਆਪਣਾ ੨ ਸੂਬਾ ਬਨਾਉਣਾ ਚਾਹੀਦਾ ਹੈ ਬੰਬਈ ਦੇ ਝਗੜੇ ਨੂੰ ਤਾਂ ਛਡ ਦਿਓ ਉਹ ਖਟਾਈ ਵਿਚ ਨਹੀਂ ਪੈ ਸਕਦਾ ਹੈ ਉਸ ਦਾ ਅਜੇ ਪਤਾ ਨਹੀਂ ਕੀ ਬਣਦਾ ਹੈ । ਜਿਥੇਂ ਤੀਕਰ ਪੰਜਾਬ ਦਾ ਤਲੱਕ ਹੈ ਉਸ ਬਾਰੇ ਕਮੀਸ਼ਨ ਦੀ ਜਿਹੜੀ ਰੀਪੋਰਟ ਹੈ ਉਸ ਨੂੰ ਵੀ ਅਜੇ ਇਸ ਨੇ ਤਸਲੀਮ ਨਹੀਂ ਕੀਤਾ ਉਨ੍ਹਾਂ ਨੇ ਇਹ ਨਹੀ ਕਿਹਾ ਕਿ ਪੰਜਾਬੀ ਸੂਬੇ ਦੀ ਜਿਹੜੀ ਮੰਗ ਹੈ ਉਹ ਜਾਇਜ਼ ਨਹੀਂ ! ਉਨ੍ਹਾਂ ਨੇ ਇਹ ਵੀ ਨਹੀਂ ਕਿਹਾ ਕਿ ਕਮੀਸ਼ਨ ਨੇ ਜੋ ਕੁਝ ਕਹਿ ਦਿਤਾ ਹੈ ਉਹ ਠੀਕ ਹੈ । ਉਨ੍ਹਾਂ ਨੇ ਵੀ ਇਸ ਸਵਾਲ ਨੂੰ ਨਜਿੱਠਨ ਲਈ ਇਕ High Powered Committee ਮੁਕੱਰਰ ਕੀਤੀ ਹੈ ਇਹ ਜਾਣਦਿਆਂ ਹੋਇਆਂ ਕਿ ਕਿਧਰੇ ਹਰੀਆਨਾ ਵਾਲੇ ਇਸ ਤੋਂ ਨਾਰਾਜ਼ ਤਾਂ ਨਹੀਂ; ਹਿਮਾਚਲ ਵਾਲੇ ਵੀ ਕੁਝ ਹੋਰ ਤਾਂ ਨਹੀਂ ਮੰਗਦੇ ।

ਸਪੀਕਰ, ਸਾਹਿਬ ! ਜਦੋਂ ਵੀ ਕੋਈ ਚੀਜ਼ ਹੁੰਦੀ ਹੈ ਉਸ ਦਾ ਚੰਗਾ ਤੇ ਮਾੜਾ ਪਖ ਦੋਵੇਂ ਹੁੰਦੇ ਹਨ । ਜਿਥੋਂ ਤੀਕਰ ਪੰਜਾਬ ਬਾਰੇ ਰੀਪੋਰਟ ਦਾ ਸੰਬੰਧ ਹੈ ਇਸ ਵਿਚ ਵੀ ਦੋਵਾਂ ਭਾਂਤਾਂ ਦੀਆਂ ਚੀਜ਼ਾਂ ਮਿਲਦੀਆਂ ਹਨ । ਪੰਜਾਬ ਬਾਰੇ ਜਿਸ ਗਲ ਦਾ ਡਰ ਬਹੁਤ ਸਾਰਿਆਂ ਲੋਕਾਂ ਨੂੰ ਲਗਿਆ ਹੋਇਆ ਸੀ ਉਹ ਇਹ ਸੀ ਕਿ ਕਿਧਰੇ ਹਿੰਦੁਸਤਾਨ ਦੀ Reorganisation ਵਿਚ Pepsu ਨੂੰ ਅਡ ਨਾ ਰਖਿਆ ਜਾਵੇ । ਮੈਂ ਇਸ ਗਲ ਨੂੰ ਜੀ ਆਇਆਂ ਕਹਿੰਦਾ ਹਾਂ ਕਿ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰ ਦੇਣ ਦਾ ਫੈਸਲਾ ਇਕ ਬੜਾ ਚੰਗਾ ਕਦਮ ਹੈ, ਇਸ ਲਈ ਕਿ ਸਾਰੀ ਪੰਜਾਬੀ ਕੌਮ, ਜਿਸ ਨੂੰ ਕਿ ਅੰਗਰੇਜ਼ਾਂ ਨੇ ਆਪਣਾਂ ਉਲੂ ਸਿੱਧਾ ਕਰਨ ਲਈ ਦੋ ਜਗਹਾਂ ਵਿਚ ਵੰਡ ਛਡਿਆ ਸੀ ਉਸ ਨੂੰ ਮੁੜ ਇਕੋ ਜਗਾਹ ਇਕੱਠਾ ਕੀਤਾ ਜਾ ਰਿਹਾ ਹੈ । ਇਹ ਸਚਮੁਚ ਇਕ ਬੜਾ ਚੰਗਾ ਅਤੇ ਸ਼ਲਾਘਾ ਯੋਗ ਕਦਮ ਹੈ । ਇਸੇ ਤਰ੍ਹਾਂ ਨਾਲ ਰਾਜਪ੍ਰਮੁਖ ਨੂੰ ਸਾਡੇ ਮਗਰੋਂ ਲਾਹਣਾ ਵੀ ਇਕ ਅੱਛਾ ਕਦਮ ਹੈ ਪਰ ਜੇ ਮਾਜਮੂਈ ਤੌਰ ਤੇ ਇਸ ਰੀਪੋਰਟ

[ਸਰਦਾਰ ਹਰਕਿਸ਼ਨ ਸਿੰਘ ਸੁਰਜੀਤ]

ਉਤੇ ਵਿਚਾਰ ਕੀਤਾ ਜਾਵੇ ਤਾਂ ਸਪੀਕਰ ਸਾਹਿਬ ਪੰਜਾਬੀ ਕਦੇ ਵੀ ਇਸ ਨੂੰ ਜੀ ਆਇਆਂ ਨਹੀਂ ਕਹਿਣਗੇ ਕਿਉਂ ਜੋ ਇਕੋ ਚੀਜ਼ ਦੂਜਿਆਂ ਨੂੰ ਦੇ ਕੇ ਉਸੇ ਬੁਨਿਆਦੀ ਅਸੂਲ ਤੋਂ ਪੰਜਾਬੀਆਂ ਨੂੰ ਮਹਿਰੂਮ ਕਰਕੇ ਇਸ ਰੀਪੋਰਟ ਵਿਚ ਉਨ੍ਹਾਂ ਨਾਲ ਮਜ਼ਾਕ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਤੌਹੀਨ ਕੀਤੀ ਗਈ ਹੈ । ਕਿਉਂ ? ਕਈ ਗਲਾਂ ਹੁੰਦੀਆਂ ਹਨ ਜਿਹੜੀਆਂ ਕਿਸੇ ਪ੍ਰਚਾਰ ਦੇ ਦ੍ਰਿਸ਼ਟੀਕੋਨ ਨਾਲ ਨਹੀਂ ਕਹੀਆਂ ਜਾਂਦੀਆਂ ਸਗੋਂ ਉਹ ਕੌਮ ਦੀ ਆਪਣੀ ਉਨਤੀ ਨੂੰ ਸਾਹਮਣੇ ਰਖ ਕੇ ਕਹੀਆਂ ਜਾਂਦੀਆਂ ਹਨ । ਸਪੀਕਰ ਸਾਹਿਬ ! ਅਜ ਤੀਕਰ ਤਾਂ ਝਗੜਾ ਇਸ ਗਲ ਦਾ ਰਿਹਾ ਕਿ ਪੰਜਾਬੀ ਸੂਬੇ ਕਰਕੇ ਪੰਜਾਬੀ ਬੋਲੀ ਦੀ ਵਿਰੋਧਤਾ ਹੁੰਦੀ ਰਹੀ । ਹੁਣ ਝਗੜਾ ਇਸ ਹਦ ਤੀਕ ਵਧ ਗਿਆ ਹੈ ਕਿ ਪੰਜਾਬੀ ਬੋਲੀ ਦੀ ਵੀ ਵਿਰੋਧਤਾ ਸ਼ੁਰੂ ਹੋ ਗਈ ਇਸ ਕਰਕੇ ਕਿ ਪੰਜਾਬੀ ਸੂਬਾ ਨਹੀ ਬਣਾਇਆ ਗਿਆ ਇਸ ਕਮੀਸ਼ਨ ਦੀ ਰੀਪੋਰਟ ਵਿਚ । ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬੀ ਬੋਲੀ ਇਹ ਸਾਰੇ ਪੰਜਾਬੀਆਂ ਦੀ ਬੋਲੀ ਹੈ । ਇਹ ਕੋਈ ਹਿੰਦੂਆਂ ਅਤੇ ਸਿਖਾਂ ਦੇ ਪਿਆਰ ਨੂੰ ਫੁਟ ਕਰਨ ਵਾਲੀ ਚੀਜ਼ ਨਹੀਂ ਸਗੋਂ ਇਹ ਅਜਿਹਾ ਸਾਧਨ ਹੈ ਜਿਹੜਾ ਕਿ ਭਰਾਵਾਂ ੨ ਵਿਚ ਮਿਲਵਰਤਨ ਪੈਦਾ ਕਰਦਾ ਹੈ । ਤਾਂ ਫਿਰ ਕਿਉਂ ਨਾ ਇਸ ਨੂੰ ਇਸ ਦੀ ਜਾਇਜ਼ ਮੰਨਤਾ ਦਿਤੀ ਜਾਵੇ । ਮੈਨੂੰ ਯਾਦ ਹੈ ਕਿ ਪ੍ਰਧਾਨ ਮੰਤ੍ਰੀ ਪੰਡਿਤ ਨਹਿਰੂ ਜਦੋਂ ਰੂਸ ਦੇ ਦੌਰੇ ਤੋਂ ਵਾਪਸ ਆਏ ਤਾਂ ਉਨ੍ਹਾਂ ਨੇ ਆਪਣੇ ਬਿਆਨ ਵਿਚ ਪੰਜਾਬੀ ਬਾਰੇ ਵੀ ਇਹ ਕਬੂਲ ਕੀਤਾ ਕਿ ਜਦ ਇਸ ਜ਼ਬਾਨ ਨੂੰ ਵਿਧਾਨ ਵਿਚ ਸਤਿਕਾਰ ਦਿਤਾ ਗਿਆ ਹੈ ਤਾਂ ਇਸ ਨੂੰ ਕਿਸੇ ਵੀ ਹਾਲਤ ਵਿਚ ਨਜ਼ਰਅੰਦਾਜ਼ ਨਹੀ ਕੀਤਾ ਜਾ ਸਕਦਾ । ਇਹ ਗਲ ਉਨ੍ਹਾਂ ਨੇ ਉਚੇਚਾ ਸਮਾਂ ਕਢ ਕੇ ਕਹੀ ਅਤੇ ਉਨ੍ਹਾਂ ਨੇ ਕਿਹਾ ਕਿ ਪੰਜਾਬੀ ਬੋਲੀ ਦੇ ਸਵਾਲ ਨੂੰ ਵੀ ਬੜੀ ਗੌਰ ਨਾਲ ਨਜਿਠਿਆ ਜਾਣਾ ਚਾਹੀਦਾ ਹੈ । ਮੈਂ ਇਹ ਸਮਝਦਾ ਹਾਂ ਕਿ ਇਸ ਵਿਧਾਨਕ ਅਸੂਲ ਨੂੰ ਵੀ ਕਮੀਸ਼ਨ ਦੀ ਰੀਪੋਰਟ ਵਿਚ ਨਜ਼ਰ ਅੰਦਾਜ਼ ਕੀਤਾ ਗਿਆ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜੇ ਸਾਨੂੰ ਪੰਜਾਬੀ ਨਾਲ ਕੋਈ ਪਿਆਰ ਹੈ, ਪੰਜਾਬੀ ਦਾ ਕੋਈ ਮਾਨ ਕਰਦੇ ਹਾਂ, ਪੰਜਾਬੀ ਸਭਿਆਚਾਰ ਦਾ ਸਾਨੂੰ ਮਾਨ ਹੈ ਤਾਂ ਇਸ ਮੰਗ ਦੀ ਕੋਈ ਵਿਰੋਧਤਾ ਨਹੀਂ ਹੋਣੀ ਚਾਹੀਦੀ ।

ਸਪੀਕਰ ਸਾਹਿਬ ! ਕਮੀਸ਼ਨ ਦੀ ਰੀਪੋਰਟ ਦੇ ਸਫ਼ਾ 141 ਦੇ ਪੈਰਾਗਰਾਫ਼ 520 ਵਿਚ ਲਿਖਿਆ ਹੈ :--

> " We first examine the linguistic considerations urged in support of the demand. As has been stated earlier. our approach to the linguistic principle is governed by practical administrative, considerations. Linguistic homogeneity, in our opinion, has to be aimed at as an instrument for facilitating social and political intercourse amongst the people and for ensuring the closer association of the people with the government. If this criterion is applied, it will be found that there is no real language problem in the State of Punjab as at present constituted. This is so because the Punjabi and Hindi languages as spoken in the Punjab are akin to each other and are both well-understood by all sections of the people of the State. "
>
> "The problem of language in the Punjab, is, therefore, primarily of scripts and in this battle of scripts, sentiment is arrayed against sentiment. "

ਉਨ੍ਹਾਂ ਨੇ ਇਹ ਲਿਖਿਆ ਹੈ ਕਿ ਪੰਜਾਬ ਵਿਚ ਬੋਲੀ ਦਾ ਕੋਈ ਝਗੜਾ ਹੀ ਨਹੀਂ ਕਿਉਂ ਜੋ ਪੰਜਾਬ ਵਿਚ ਜਿਹੜੀਆਂ ਦੋ ਪੰਜਾਬੀ ਤੇ ਹਿੰਦੀ ਬੋਲੀਆਂ ਜਾਂਦੀਆਂ ਹਨ ਉਹ ਇਕੋ ਜਹੀਆਂ ਹਨ ਅਤੇ ਸਾਰੇ ਲੋਕੀ ਇਨ੍ਹਾਂ ਦੋਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ । ਇਥੇ ਜਿਹੜਾ ਝਗੜਾ ਹੈ ਉਹ ਇਨ੍ਹਾਂ ਦੇ ਲਿਖਣ ਦੇ ਅਖਰਾਂ ਦਾ ਹੈ ਅਤੇ

ਪੰਜਾਬੀ ਬੋਲੀ ਹਿੰਦੀ ਵਿਚ ਵੀ ਲਿਖੀ ਜਾ ਸਕਦੀ ਹੈ । ਇਸ ਬਾਰੇ ਵਿਚ ਮੈਂ ਅਰਜ਼ ਕਰਦਾ ਹਾਂ ਕਿ ਇਹ ਗਲ ਕੌਣ ਨਹੀਂ ਜਾਣਦਾ ਕਿ ਪੰਜਾਬੀ ਬੋਲੀ ਦੀ ਜਿਨੀ ਵੀ litereture ਹੈ ਉਹ ਸਾਰੀ ਦੀ ਸਾਰੀ ਗੁਰਮਖੀ ਅਖਰਾਂ ਵਿਚ ਲਿਖੀ ਹੋਈ ਹੈ। ਹਾਂ ਇਹ ਮੈਂ ਮਨਦਾ ਹਾਂ ਕਿ ਸਾਂਝੇ ਪੰਜਾਬ ਵਿਚ ਕੁਝ ਮੁਸਲਮਾਨ ਲਿਖਾਰੀਆਂ ਨੇ ਫਾਰਸੀ ਅਖਰਾਂ ਵਿਚ ਪੰਜਾਬੀ ਬੋਲੀ ਨੂੰ ਲਿਖਿਆ ਸੀ ਜਿਹੜਾ ਇਹ ਕਹਿਣਾ ਹੈ ਕਿ ਪੰਜਾਬੀ ਤੇ ਹਿੰਦੀ ਵਿਚ ਉਨੀ ਤੇ ਵੀਹ ਦਾ ਫਰਕ ਹੈ ਅਤੇ ਪੰਜਾਬੀ ਦੀ ਦੇਵਨਾਗਰੀ ਲਿਪੀ ਵਿਚ ਲਿਖੀ ਹੋਈ literature ਮੌਜੂਦ ਹੈ, ਇਹ ਗਲ ਗਲਤ ਹੈ । ਹਾਂ ਇਕ ਦੋ ਕਿਤਾਬਾਂ ਪੰਜਾਬੀ ਦੀਆਂ ਦੇਵਨਾਗਰੀ ਅਖਰਾਂ ਵਿਚ ਲਿਖੀਆਂ ਹੋਈਆ ਹਨ ਪਰ ਉਹ ਵੀ ਇਮਤਿਹਾਨਾਂ ਦੇ ਨਜ਼ਰੀਏ ਵਿਚ ਲਿਖੀਆਂ ਗਈਆਂ ਹਨ। ਬਾਕੀ ਪੰਜਾਬੀ ਦੀ ਸਾਰੀ literature ਗੁਰਮੁਖੀ ਦੇ ਅਖਰਾਂ ਵਿਚ ਲਿਖੀ ਹੋਈ ਹੈ।

ਫੇਰਾ ਸਪੀਕਰ ਸਾਹਿਬ, ਪੈਪਸੂ ਵਿਚ ਬੋਲੀ ਦਾ ਕਦੇ ਵੀ ਸਵਾਲ ਨਹੀਂ ਉਠਾਇਆ ਗਿਆ ਕਿਉਂ ਜੋ ਉਥੇ ਦੀ State Language ਹੀ ਪੰਜਾਬੀ ਹੈ। ਉਥੇ ਹਿੰਦੀ ਪੰਜਾਬੀ ਦਾ ਸਵਾਲ ਕਦੇ ਵੀ raise ਨਹੀਂ ਕੀਤਾ ਗਿਆ। ਆਪ ਪੈਪਸੂ ਵਿਚ ਜਾ ਕੇ ਵੇਖ ਲਵੋ ਉਥੇ ਹਿੰਦੂਆਂ ਦੀ ਦੁਕਾਨਾਂ ਤੇ ਵੀ ਬੋਰਡ ਗੁਰਮੁਖੀ ਅਖਰਾਂ ਵਿਚ ਲਿਖੇ ਹੋਏ ਹਨ। ਇਹ ਝਗੜਾ ਤਾਂ ਕੇਵਲ ਪੰਜਾਬ ਵਿਚ ਹੈ ਉਥੇ ਨਹੀਂ ਹੈ ਅਤੇ ਇਥੇ ਵੀ ਇਹ ਅਸਾਂ ਅਤੇ ਇਨ੍ਹਾਂ ਨੇ ਮਿਲ ਕੇ ਪਾਇਆ ਹੋਇਆ ਹੈ ।

ਦੂਜੀ ਗਲ culture ਦੇ ਬਾਰੇ ਵਿਚ ਕਹੀ ਗਈ ਹੈ ਕਿ ਇਨ੍ਹਾਂ ਤੇ ਸਾਡੀ culture ਵਿਚ ਕੋਈ ਫਰਕ ਨਹੀਂ ਹੈ। ਇਸ ਸਿਲਸਿਲੇ ਵਿਚ ਹੁਣੇ ਹੀ ਹਰਇਆਣੇ ਪ੍ਰਾਂਤ ਵਾਲਿਆਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਅੱਡ culture ਹੈ।

"Likewise, the present arrangements do not stand in the way of the growth of Punjabi language and culture. There are no distinctive cultural zones in the existing State."

ਇਸ report ਵਿਚ ਕਮੀਸ਼ਨ ਨੇ ਇਸ ਗਲ ਤੋਂ deny ਕੀਤਾ ਹੈ ਕਿ ਸਾਡੀ culture ਅੱਡ ਹੈ । ਮੈਂ ਕਹਿੰਦਾ ਹਾਂ ਕਿ ਜੇਕਰ ਹਰਇਆਣੇ ਪ੍ਰਾਂਤ ਦਾ ਕੋਈ ਆਦਮੀ ਜਾ ਰਿਹਾ ਹੋਏ ਤਾਂ ਉਸ ਨੂੰ ਦੂਰ ਤੋਂ ਵੇਖ ਕੇ ਹਰ ਕੋਈ ਕਹਿ ਦੇਵੇਗਾ ਕਿ ਉਹ ਹਰਿਆਣੇ ਦੇ ਇਲਾਕੇ ਦਾ ਵਸਨੀਕ ਹੈ ਇਥੋਂ ਦਾ ਨਹੀਂ ਇਹ ਸਾਫ਼ ਜ਼ਾਹਰ ਹੈ ਕਿ ਸਾਡਾ ਤੇ ਇਨ੍ਹਾਂ ਦਾ ਰਹਿਣ ਬਹਿਣ, ਬੋਲੀ ਅਤੇ ਸਭਿਆਚਾਰ ਅੱਡ ਅੱਡ ਹਨ। ਮੇਰਾ ਇਹ ਕਹਿਣ ਦਾ ਇਹ ਮਤਲਬ ਹਰਗਿਜ਼ ਨਹੀਂ ਲੈਣਾ ਚਾਹੀਦਾ ਕਿ ਮੈਂ ਚਾਹੁੰਦਾ ਹਾਂ ਕਿ ਹਿੰਦੀ ਨੂੰ ਇਥੇ ਦੇ ਲੋਗ ਨਾ ਪੜ੍ਹਨ । ਮੈਂ ਤਾਂ ਕਹਿੰਦਾ ਹਾਂ ਕਿ ਸਾਰੇ ਭਾਰਤ ਦੀ ਜਿਹੜਾ ਕਿ ਇਨਾਂ ਵਿਸ਼ਾਲ ਦੇਸ਼ ਹੈ ਉਸ ਦੀ ਇਕ ਸਾਂਝੀ ਬੋਲੀ ਹੋਏ ਅਤੇ ਉਹ ਹਿੰਦੀ ਹੋ ਸਕਦੀ ਹੈ। ਮੈਂ ਤਾਂ ਚਾਹੁੰਦਾ ਹਾਂ ਕਿ ਹਿੰਦੀ ਹਰ ਹਿੰਦੁਸਤਾਨੀ ਨੂੰ ਲਿਖਣੀ ਤੇ ਪੜ੍ਹਨੀ ਚਾਹੀਦੀ ਹੈ ਅਤੇ ਇਸ ਤੋਂ ਬਗੈਰ ਸਾਡਾ ਦੇਸ਼ ਆਪੋ ਵਿਚੀ ਪ੍ਰਸਪਰ ਮੇਲ ਨਹੀਂ ਵਧ ਸਕਦਾ । ਲੇਕਨ ਨਾਲ ਹੀ ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਲੋਗ ਪੰਜਾਬੀ ਦੀ ਵਿਰੋਧਤਾ ਕਰਦੇ ਹਨ ਉਹ ਹਿੰਦੀ ਦੇ ਮਿਤ੍ਰ ਨਹੀਂ ਉਹ ਵੈਰੀ ਹਨ । ਇਸ ਲਈ, ਸਪੀਕਰ ਸਾਹਿਬ, ਜਿਥੋਂ ਤਕ ਬੋਲੀ ਦੇ ਸਵਾਲ ਦਾ ਤਾਅਲੁਕ ਹੈ ਮੈਂ ਸਮਝਦਾ ਹਾਂ ਕਿ ਇਸ report ਵਿਚ ਇਹ ਮਸਲਾ ਇਨਸਾਫ਼ ਨਾਲ ਨਹੀਂ treat ਕੀਤਾ ਗਿਆ ।

ਸਰਦਾਰ ਹਿਰਕਸ਼ਨ ਸਿੰਘ ਸੁਰਜੀਤ

ਫੇਰ ਸਪੀਕਰ ਸਾਹਿਬ ਜੇ ਕਰ ਇਸ report ਨੂੰ ਮਜਮੂਈ ਤੌਰ ਤੇ ਦੇਖਿਆ ਜਾਏ ਤਾਂ ਇਹ ਪਤਾ ਲਗਦਾ ਹੈ ਕਿ ਇਸ ਵਿਚ ਵਾਕਿਆਤ ਨੂੰ ਮੋੜ ਤੋੜ ਕੇ ਦਸਿਆ ਗਿਆ ਹੈ। ਜੇਕਰ ਅਕਾਲੀ ਪਾਰਟੀ ਦੇ memorandum ਵਿਚ ਦਿਤਾ ਗਿਆ ਵਿਚਾਰ ਕਿਸੇ ਇਹੋ ਜਿਹੇ ਸਿਟੇ ਤੇ ਪਹੁੰਚਾਣਾ ਸੀ ਜਿਹੜਾ ਕਿ ਮਹਾਂ ਪੰਜਾਬ ਦੇ ਹਕ ਵਿਚ ਹੋ ਸਕਦਾ ਹੋਏ ਤਾਂ ਉਸ ਨੂੰ ਕਮਿਸ਼ਨ ਨੇ ਮੰਨ ਲਿਆ ਹੈ ਪਰ ਬਾਕੀ ਲੋਕਾਂ ਵਲੋਂ ਦਿਤੇ ਗਏ ਉਹ ਵਿਚਾਰ ਨਹੀਂ ਮੰਨੇ ਗਏ ਜਿਹੜੇ ਪੰਜਾਬੀ ਸੂਬੇ ਦੇ ਹਕ ਵਿਚ ਕਿਸੇ ਸਿਟੇ ਤੇ ਪਹੁੰਚਾਂਦੇ ਸਨ। ਸਾਡੇ memorandum ਦਾ ਅਤੇ ਹਰਿਆਨੇ ਪ੍ਰਾਂਤ ਦੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਧੀਆਂ ਦੀ ਬਹੁ ਸਮਤੀ ਦੇ memoremdum ਦਾ ਇਸ report ਵਿਚ ਕਿਧਰੇ ਵੀ ਜ਼ਿਕਰ ਤਕ ਨਹੀਂ ਕੀਤਾ ਗਿਆ ਕਿਉਂ ਜੋ ਉਹ ਗਲ ਸਾਡੇ ਹਕ ਵਿਚ ਇਕ ਸਿਟੇ ਤਕ ਪਹੁੰਚਾਂਦੀ ਸੀ।

ਬਾਕੀ ਰਿਹਾ ਇਹ ਸਵਾਲ ਕਿ ਇਹ communal ਸਵਾਲ ਹੈ ਜਾਂ ਫਿਰਕੇਦਾਰੀ ਦਾ ਸਵਾਲ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਫਿਰਕੇਦਾਰੀ ਦਾ ਸਵਾਲ ਬਿਲਕੁਲ ਨਹੀਂ। ਇਹ ਹਿੰਦੂਆਂ ਤੇ ਸਿਖਾਂ ਦੀ ਗਿਣਤੀ ਨੂੰ ਘਟਾਨ ਵਧਾਨ ਦਾ ਵੀ ਸਵਾਲ ਨਹੀਂ ਜਿਸ ਤਰ੍ਹਾਂ ਕਿ ਇਹ ਲੋਕ ਸਮਝਦੇ ਹਨ। ਇਸ ਲਈ, ਇਹ ਸਵਾਲ ਹਿੰਦੂਆਂ ਤੇ ਸਿਖਾਂ ਦੀ ਗਿਣਤੀ ਘਟਾਨ ਵਧਾਨ ਨਾਲ ਹਲ ਨਹੀਂ ਹੋ ਸਕਦਾ ਹੈ ਚਾਹੇ ਇਹ ਸਿਖਾਂ ਦੀ ਆਬਾਦੀ ੫੦ ਫੀ ਸਦੀ ਕਰ ਦੇਣ ਚਾਹੇ ੫੫ ਫੀ ਸਦੀ ਕਰ ਦੇਣ। ਨ ਹੀ ਇਹ ਸਵਾਲ ਵਧੇਰੀਆਂ ਨੌਕਰੀਆਂ ਦੇਣ ਨਾਲ ਵੀ ਹਲ ਹੋ ਸਕਦਾ ਹੈ ਕਿਉਂ ਜੋ ਇਹ ਵਧੇਰੀਆਂ ਨੌਕਰੀਆਂ ਦਾ ਸਵਾਲ ਹੀ ਨਹੀਂ। ਇਹ ਸਵਾਲ ਤਾਂ ਸਮੁਚੇ ਤੌਰ ਤੇ ਸਾਡੀ ਜ਼ਿੰਦਗੀ ਨੂੰ ਉਸਾਰਨ ਦਾ ਸਵਾਲ ਹੈ। ਇਸ ਲਈ, ਜਿਸ ਤਰ੍ਹਾਂ ਕਿ ਦੇਸ਼ ਦੇ ਬਾਕੀ ਦੇ ਸੂਬਿਆਂ ਵਿਚ ਇਹ ਵਿਤਕਰਾ ਖਤਮ ਕੀਤਾ ਗਿਆ ਹੈ ਇਸੇ ਤਰ੍ਹਾਂ ਇਥੇ ਵੀ ਖਤਮ ਕਰ ਦੇਣਾ ਚਾਹੀਦਾ ਹੈ। ਇਸ ਵਿਤਕਰੇ ਨੂੰ ਖਤਮ ਕਰਕੇ ਵਿਸ਼ਾਲ ਆਂਧਰਾ ਬਣਾ ਦਿਤਾ ਗਿਆ ਹੈ ਅਤੇ ਇਸੇ ਤਰ੍ਹਾਂ ਮਹਾਂਰਾਸ਼ਟਰ ਬਣਾ ਦਿਤਾ ਗਿਆ ਹੈ।

ਸਪੀਕਰ ਸਾਹਿਬ ! ਸਾਡੇ ਨਾਲ ਲਗਦੇ ਸੂਬੇ ਪੈਪਸੂ ਵਿਚ ਸਿਖਾਂ ਦੀ majority ਰਹੀ ਹੈ ਅਤੇ ਉਥੇ ਦੀ ਵਜ਼ਾਰਤ ਵਿਚ ਸਿਖ ਬਹੁ ਗਿਣਤੀ ਵਿਚ ਵੀ ਰਹੇ ਹਨ ਮੈਨੂੰ ਇਹ ਦਸਣ ਕਿ ਕੀ ਉਥੇ ਇਕ ਵੀ ਇਹੋ ਜਿਹਾ ਕਾਨੂੰਨ ਬਣਾਇਆ ਗਿਆ ਹੈ ਜਿਹੜਾ ਸਮੁਚੇ ਤੌਰ ਤੇ ਹਿੰਦੂਆਂ ਤੇ ਲਾਗੂ ਕੀਤਾ ਹੋਏ ਤੇ ਸਿਖਾਂ ਤੇ ਨ ਲਾਗੂ ਹੋਏ। ਕੋਈ tax ਇਹੋ ਜਿਹਾ ਹੋਏ ਜਿਹੜਾ ਹਿੰਦੂਆਂ ਤੇ ਲਗਾਇਆ ਗਿਆ ਹੋਏ ਤੇ ਸਿਖਾਂ ਤੇ ਨਾ ਲਗਾਇਆ ਗਿਆ ਹੋਏ ਜਾਂ ਉਥੇ ਸਨਅਤ ਅਤੇ ਜ਼ਰਾਇਤ ਦੀ ਤਰੱਕੀ ਦੇ ਕੰਮਾਂ ਵਿਚ ਕੋਈ ਇਸ ਗਲ ਦਾ ਵਿਤਕਰਾ ਰਖਿਆ ਗਿਆ ਹੋਏ। ਇਸ ਤਰ੍ਹਾਂ ਦੀ ਇਕ ਵੀ ਮਿਸਾਲ ਉਥੇ ਨਹੀਂ ਮਿਲੇਗੀ। ਇਸੇ ਤਰ੍ਹਾਂ ਇਥੇ ਸਾਡੇ ਮੁਖ ਮੰਤ੍ਰੀ ਹਿੰਦੂ ਹਨ ਅਤੇ ਵਜ਼ਾਰਤ ਵਿਚ ਵੀ ਹਿੰਦੂਆਂ ਦੀ ਬਹੁ ਗਿਣਤੀ ਹੈ ਮੈਨੂੰ ਇਹ ਦਸਨ ਕਿ ਇਕ ਵੀ ਇਹੋ ਜਿਹਾ ਕਾਨੂੰਨ ਜਾਂ tax ਜਾਂ ਕੋਈ ਸੁਧਾਰ ਦਾ ਕੰਮ ਜਾਂ ਕੋਈ ਕਾਰਖਾਨਾ ਸਰਕਾਰ ਦੀ ਤਰਫੋਂ ਖੋਲਿਆ ਗਿਆ ਹੋਏ ਜੋ ਕੇਵਲ ਹਿੰਦੂਆਂ ਲਈ ਜਾਂ ਕੇਵਲ ਸਿਖਾਂ ਲਈ ਹੋਏ। ਇਸ ਤਰ੍ਹਾਂ ਦਾ ਵਿਤਕਰਾ ਕਾਇਮ ਨਹੀਂ ਰਹਿ ਸਕਦਾ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਮਸਲਾ ਗਿਨਤੀ ਮਿਨਤੀ ਨੂੰ ਘਟਾ ਵਧਾ ਕੇ ਹਲ ਹੋਣ ਵਾਲਾ ਮਸਲਾ ਨਹੀਂ ਹੈ। ਇਸ ਨੂੰ ਇਸ ਤਰ੍ਹਾਂ ਹਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ। ਇਹ ਸਮੁਚੇ ਤੌਰ ਤੇ ਜ਼ਿੰਦਗੀ ਨੂੰ ਸੁਧਾਰਨ ਵਾਲਾ ਮਸਲਾ ਹੈ ਜਿਸ ਤਰ੍ਹਾਂ ਕਿ ਨਹਿਰੂ report ਵਿਚ ਲਿਖਿਆ ਗਿਆ ਹੈ।

ਸਪੀਕਰ ਸਾਹਿਬ ! ਤੀਜੀ ਦਲੀਲ ਇਸ ਵਿਚ ਇਹ ਦਿਤੀ ਗਈ ਹੈ ਕਿ ਜੇਕਰ ਪੰਜਾਬੀ ਸੂਬੇ ਦੀ ਮੰਗ ਮੰਨ ਲੀਤੀ ਜਾਏ ਤਾਂ ਇਸ ਦਾ ਇਹ ਮਤਲਬ ਹੋਏਗਾ ਕਿ ਇਕ significent mincrity ਦੀ ਰਾਏ majority ਉਤੇ ਠੋਸੀ ਜਾਵੇਗੀ ਇਹ ਕਿੰਨੀ ਥੋਦੀ ਦਲੀਲ ਹੈ। ਸਾਡੇ ਸਾਮਣੇ ਹਰਿਆਣੇ ਪ੍ਰਾਂਤ ਵਾਲੇ ਬੋਲ ਗਏ ਹਨ ਉਹ ਨਹੀਂ ਚਾਹੁੰਦੇ ਕਿ ਪੰਜਾਬ ਨਾਲ ਰਹਿਣ ਕਿਉਂ ਜੋ ਉਨ੍ਹਾਂ ਦਾ ਤੇ ਸਾਡਾ ਸਭਿਆਚਾਰ ਅੱਡ ਅੱਡ ਹੈ । ਇਸੇ ਵਜਾ ਕਰਕੇ ਉਨ੍ਹਾਂ ਸਭ ਦੀ ਇਹ ਰਾਏ ਹੈ ਕਿ ਉਨ੍ਹਾਂ ਨੂੰ ਪੰਜਾਬ ਨਾਲੋਂ ਵਖਰਾ ਕੀਤਾ ਜਾਏ । ਜੇਕਰ ਇਸ ਗਲ ਦੇ ਖਿਲਾਫ ਕੋਈ ਆਵਾਜ਼ ਹੈ ਤਾਂ ਉਹ ਇਸੇ ਤਰ੍ਹਾਂ ਲਗਦੀ ਹੈ ਜਿਸ ਤਰ੍ਹਾਂ ਨਗਾਰੇ ਦੇ ਮੁਕਾਬਲੇ ਇਕ ਤੂਤੀ ਦੀ ਆਵਾਜ਼ ਹੋਏ । ਇਸੇ ਤਰ੍ਹਾਂ ਨਾਲ ਹਿਮਾਚਲ ਦੇ ਸਭ ਲੋਗ ਇਕ ਰਾਏ ਨਾਲ ਕਹਿੰਦੇ ਹਨ ਕਿ ਸਾਨੂੰ ਪੰਜਾਬ ਨਾਲ ਨ ਮਿਲਾਇਆ ਜਾਏ । ਇਹ ਅਲੈਹਦਾ ਗਲ ਹੈ ਕਿ ਭਾਵੇਂ ਕਿੰਨੇ ਵੀ ਆਦਮੀ ਪਕੜ ਪਕੜ ਕੇ ਲੈ ਜਾਕੇ ਕੁਝ ਦਾ ਕੁਝ ਬਿਆਨ ਦਿਲਵਾ ਦੇਣ ਪਰ ਹਿਮਾਚਲ ਵਿਚ ਰਹਿਣ ਵਾਲੇ ਹਰ ਇਕ ਆਦਮੀ ਦੀ ਇਹ ਮਰਜ਼ੀ ਹੈ ਕਿ ਉਨ੍ਹਾਂ ਨੂੰ ਪੰਜਾਬ ਨਾਲ ਨ ਮਿਲਾਇਆ ਜਾਏ । ਇਹ ਭਾਰੀ maiority ਨੂੰ ਦਬਾਣੇ ਵਾਲੀ ਗਲ ਨਹੀਂ ਤਾਂ ਹੋਰ ਕੀ ਹੈ। ਇਸ ਤੋਂ ਵਧ ਹੋਰ ਕੀ ਗਲ ਹੋ ਸਕਦੀ ਹੈ। ਇਸ ਲਈ ਸਪੀਕਰ ਸਾਹਿਬ ! ਜਿਹੜੀ ਉਨ੍ਹਾਂ ਨੇ ਇਹ ਤੀਜੀ ਦਲੀਲ ਦਿਤੀ ਹੈ ਉਹ ਬੜੀ ਥੋਦੀ ਅਤੇ ਬੇਕਾਰ ਹੈ ।

ਬਾਕੀ ਰਿਹਾ ਇਹ ਜੋ ਮਹਾਂਪੰਜਾਬ ਦੇ ਉਪਾਸਕ ਹਨ, ਇਨ੍ਹਾਂ ਦੀ ਗੱਲ ਮੰਨੀ ਗਈ ਹੈ ਅਤੇ

5 P.M.

ਇਹ ਬੜੇ ਉਤਸ਼ਾਹ ਵਿਚ ਹਨ । ਸ਼ਾਇਦ ਇਹ ਕੁਝ ਸਮੇਂ ਲਈ ਖੁਸ਼ ਹੋਣਗੇ ਪਰ ਇਹ ਥੋੜੇ ਸਮੇਂ ਲਈ ਹੈ ਅਤੇ ਉਹ ਦੇਖ ਲੈਣ ਕਿ ਉਨ੍ਹਾਂ ਦੀਆਂ ਪੰਜੇ ਘਿਉ ਵਿਚ ਨਹੀਂ ਰਹਿ ਸਕਦੀਆਂ । ਜਿਸ ਸੂਬੇ ਵਿਚ ਭਾਸ਼ਾ ਦਾ ਮਸਲਾ ਹੋਵੇ ਉਥੇ ਬਹੁਗਿਣਤੀ ਵਾਲੇ ਦੂਸਰੀ ਬੋਲੀ ਵਾਲਿਆਂ ਨੂੰ ਬੰਨ੍ਹ ਕੇ ਆਪਣੇ ਨਾਲ ਨਹੀਂ ਰਖ ਸਕਦੇ । ਉਹ ਸੂਬਾ ਆਰਥਕ ਤੌਰ ਤੇ, ਸਿਆਸੀ ਤੌਰ ਤੇ, ਸਭਿਆਚਾਰਕ ਤੌਰ ਤੇ ਜਾਂ ਜ਼ਬਾਨ ਦੇ ਤੌਰ ਤੇ ਵਧ ਨਹੀਂ ਸਕਦਾ । ਹਿੰਦੀ ਦਾ ਪ੍ਰਚਾਰ ਨਹੀਂ ਹੋਵੇਗਾ ਤਲਖੀ ਪੈਦਾ ਹੋਵੇਗੀ । ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਵੇਗਾ । ਜੋ ਲੋਕ ਇਹ ਸਮਝਦੇ ਹਨ ਕਿ ਪੰਜਾਬੀ ਬੋਲੀ ਖਤਮ ਹੋ ਜਾਵੇਗੀ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਖਤਮ ਨਹੀਂ ਹੋ ਸਕਦੀ ; ਅਸੀਂ ਇਹ ਜਨਮ ਤੋਂ ਸਿਖੀ ਹੈ । ਪਹਿਲਾਂ ਦਾ ਇਹ ਤਜਰਬਾ ਹੈ ਕਿ ਡੇਢ ਸੌ ਵਰ੍ਹੇ ਇਥੇ ਅੰਗਰੇਜ਼ੀ ਰਾਜ ਰਿਹਾ ਉਸ ਤੋਂ ਪਹਿਲਾਂ ਮੁਗਲਾਂ ਦੇ ਰਾਜ ਵਿਚ ਉਰਦੂ ਰਿਹਾ ਮਗਰ ਲੋਕਾਂ ਨੂੰ ਇਹ ਬੋਲੀ ਨਹੀਂ ਭੁਲੀ ਭਾਵੇਂ ਇਸ ਦੀ ਤਰੱਕੀ ਨਹੀਂ ਹੋ ਸਕੀ । ਹੁਣ ਹਿੰਦੁਸਤਾਨ ਆਜ਼ਾਦ ਹੈ ਤਾਂ ਇਹ ਜਿਵੇਂ ਭੁਲ ਜਾਵੇਗੀ । ਇਕ ਬੰਗਾਲ ਦਾ ਮੁਸਲਮਾਨ, ਜਿਸਨੂੰ ਫਿਰਕਾਪ੍ਰਸਤ ਕਿਹਾ ਜਾਂਦਾ ਹੈ, ਮਾਨ ਕਰਦਾ ਹੈ ਕਿ ਉਸ ਦੀ ਬੋਲੀ ਬੰਗਾਲੀ ਹੈ । ਫਿਰ ਮਿਸਾਲਾਂ ਦਿਤੀਆਂ ਹਨ । ਕੋਈ U. P. ਜਾਂ ਬਿਹਾਰ ਜਾਂ ਹੋਰ ਕਿਸੇ ਥਾਂ ਦੀ ਮਿਸਾਲ ਦਿਓ । ਮਿਸਾਲ ਪਾਕਿਸਤਾਨ ਦੀ ਦਿੰਦੇ ਹਨ ਮਗਰ ਭੁਲ ਜਾਂਦਾ ਹੈ ਉਨ੍ਹਾਂ ਨੂੰ ਖਾਂ ਅਬਦੁਲ ਗਫਾਰ ਖਾਂ, ਜਿਸਨੇ ਇਤਨੀਆਂ ਕੁਰਬਾਨੀਆਂ ਦਿਤੀਆਂ ਹਨ। ਜੋ ਇਕ ਯੂਨਿਟ ਦੀ ਵਿਰੋਧਤਾ ਕਰ ਰਿਹਾ ਹੈ ਅਤੇ ਉਹ ਸਮਝਦਾ ਹੈ ਕਿ ਮਗਰਬੀ ਪਾਕਿਸਤਾਨ ਦੀ ਕਾਇਮੀ ਸਾਨੂੰ ਨੁਕਸਾਨ ਦੇ ਰਹੀ ਹੈ । ਇਸ ਕਿਸਮ ਦੀਆਂ ਦਲੀਲਾਂ ਕਿਸੇ ਪਾਸੇ ਨਹੀਂ ਲੈ ਜਾਂਦੀਆਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮਿਸਾਲਾਂ ਉਨ੍ਹਾਂ ਲੋਕਾਂ ਦੀਆਂ ਨਾ ਲਓ ਜਿਨ੍ਹਾਂ ਨੇ ਜਮਹੂਰੀਅਤ ਨੂੰ ਖਤਮ ਕਰ ਦਿਤਾ ਹੈ। ਮਿਸਾਲਾਂ ਉਸ ਦੀਆਂ ਲਓ ਜੋ ਤਰੱਕੀ ਕਰਦਾ ਹੈ।

[ਸਰਦਾਰ ਹਰਕਿਸ਼ਨ ਸਿੰਘ ਸੁਰਜੀਤ]

ਆਪ ਕਹਿੰਦੇ ਹੋ ਪੰਜਾਬ ਨੇ ਆਰਥਕ ਉਨੱਤੀ ਕਰਨੀ ਹੈ, ਪੰਜ-ਸਾਲਾ ਪਲੈਨ ਬਣਾਈ ਹੈ, ਦੂਸਰੀ ਬਣਾ ਰਹੇ ਹੈ। ਮਗਰ ਹਕੀਕਤ ਕੀ ਹੈ ? ਹਿੰਦੂ ਤਾਂ ਇਕ ਪਾਸੇ ਕੋਈ ਸਿਖ ਵੀ industry ਤੇ ਪੈਸਾ ਨਹੀਂ ਲਾਉਂਦਾ। ਹਿੰਦ ਸਰਕਾਰ ਪਾਸ ਜਾਂਦੇ ਹਾਂ ਕਿ ਸੂਬੇ ਦੀ ਤਰੱਕੀ ਲਈ ਕੋਈ ਕੰਮ ਸ਼ੁਰੂ ਕਰਨ ਮਗਰ ਉਥੇ ਐਹਮਦਾਬਾਦ ਤੇ ਬੰਬਈ ਦੀਆਂ ਮਿਲਾਂ ਵਾਲੇ ਬੈਠੇ ਹਨ। ਉਹ ਸੋਚਦੇ ਹਨ ਕਿ ਜੇਕਰ ਇਥੇ ਕੋਈ ਸੂਤੀ ਮਿਲ ਖੁਲ੍ਹ ਗਈ ਤਾਂ ਸਾਡਾ ਕੰਮ ਕਿਵੇਂ ਚਲੇਗਾ। A. C. C. cement ਵਾਲਾ ਸੋਚਦਾ ਹੈ ਮੇਰਾ ਕਾਰਖਾਨਾ ਕਿਵੇਂ ਚਲੇਗਾ। ਇਹ ਜਵਾਬ ਦਿੰਦੇ ਹਨ । Private Capitalist ਇਸ ਲਈ ਪੈਸਾ ਨਹੀਂ ਲਗਾਉਂਦਾ ਕਿ ਉਸ ਨੂੰ ਪਤਾ ਨਹੀਂ ਕਿ ਸੂਬੇ ਦਾ ਕੀ ਹੋਵੇਗਾ। ਹਿੰਦੂਆਂ ਦੀ ਹੀ ਗਲ ਨਹੀਂ ਸਿਖ ਵੀ ਜਾਕੇ U. P. ਵਿਚ ਗੰਨੇ ਦੀ ਮਿਲ ਖੋਲ੍ਹਦੇ ਹਨ। ਜੇਕਰ ਸਮੁੱਚੇ ਤੌਰ ਤੇ ਪੰਜਾਬ ਦੀ ਤਰੱਕੀ ਕਰਨੀ ਹੈ ਉਸ ਲਈ ਪੰਜਾਬ ਵਿਚ ਰਹਿਣ ਵਾਲੇ ਸਾਰੇ ਹਿੰਦੂ ਵੀ ਪਰਚਾਰਕ ਬਣਨ ਕਿ ਪੰਜਾਬੀ ਸਾਡੀ ਮਾਤ੍ਰ ਭਾਸ਼ਾ ਹੈ, ਸਾਡੇ ਬਚੇ ਇਸ ਨੂੰ ਚੰਗੀ ਤਰ੍ਹਾਂ ਜਾਣਨ। (Opposition ਬੈਂਚਾਂ ਵਲੋਂ ਤਾੜੀਆਂ)। ਇਸ ਲਈ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਮਰਜ਼ੀ ਹੋਵੇ ਕਰੋ, ਮਹਾਂ ਪੰਜਾਬ ਬਣਾ ਦਿਓ ਜਾਂ ਕੋਈ ਹੋਰ ਚੀਜ ਬਣਾ ਦਿਓ, ਦਿੱਲੀ ਲੈ ਆਓ, ਆਗਰੇ ਨੂੰ ਘਸੀਟ ਕੇ ਲੈ ਆਓ, ਮਗਰ ਕਿਸੇ ਨੂੰ ਬਨ੍ਹੋ ਨਾਂ। ਕਹਿੰਦੇ ਹਨ border ਤੇ ਵੱਡਾ ਸੂਬਾ ਬਣਾਉਣ ਦੀ ਲੋੜ ਹੈ। ਸਭ ਨੂੰ ਇਲਮ ਹੈ ਕਿ ਜੇ border ਦਾ ਸਵਾਲ ਹੈ ਉਸ ਲਈ ਸਾਰੇ ਹਿੰਦੁਸਤਾਨ ਦੇ ਇਤਹਾਦ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਹਿਫ਼ਾਜ਼ਤ ਹੋਵੇਗੀ। ਗਿਣਤੀ ਘਟਾਉਣ ਵਧਾਉਣ ਨਾਲ ਫ਼ਰਕ ਨਹੀਂ ਪੈਣਾ। Defence ਹਿੰਦ ਸਰਕਾਰ ਦੇ ਹਥ ਵਿਚ ਹੈ। ਜਿੰਨਾ ਸਾਡਾ ਇਤਹਾਦ ਵਧੇਗਾ ਉਨ੍ਹਾਂ ਹੀ defence ਮਜ਼ਬੂਤ ਹੋਵੇਗਾ। ਜੇਕਰ ਇਹ ਚਾਹੁੰਦੇ ਹਨ ਕਿ ਹਿੰਦੁਸਤਾਨ ਦੀਆਂ ਬੋਲਿਆਂ ਤਰੱਕੀ ਕਰਨ, ਸਾਡਾ ਪੰਜਾਬ ਆਰਥਕ ਤੌਰ ਤੇ ਪੰਜ-ਸਾਲਾ ਪਲੈਨ ਰਾਹੀਂ ਤਰੱਕੀ ਕਰੇ ਤਾਂ ਇਸ ਦੇ ਸਿਵਾ ਕੋਈ ਚਾਰਾ ਨਹੀਂ ਕਿ ਪੰਜਾਬ ਨਾਲ ਹਰਿਆਨਾ ਪ੍ਰਾਂਤ, ਹਿਮਾਚਲ ਪਰਦੇਸ਼ ਜਾਂ ਕਿਸੇ ਹੋਰ ਨੂੰ ਬੰਨ੍ਹ ਕੇ ਨਾ ਰਖੋ। ਨਹੀਂ ਤਾਂ ਧਾਰ ਕਮਿਸ਼ਨ ਵਾਂਗੂ ਕਹਿਣਾ ਪਏਗਾ ਅਤੇ ਆਪਣੀਆਂ ਗਲਾਂ ਖਾਣੀਆਂ ਪੈਣਗੀਆਂ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਸੰਬੰਧ ਵਿਚ ਮਜਮੂਈ ਤੌਰ ਤੇ ਇਸ report ਵਿਚ ਤਰਮੀਮ ਕੀਤੀ ਜਾਂਵੇ ਅਤੇ ਇਸ ਸੂਬੇ ਦੇ ਵਖੋ ਵਖ ਲੋਕਾਂ ਨੂੰ ਇਜਾਜ਼ਤ ਦਿਤੀ ਜਾਵੇ ਕਿ ਉਹ ਆਪਣੀ ਤਰੱਕੀ ਕਰ ਸਕਨ।

श्री देवराज सेठी (रोहतक) : अध्यक्ष महोदय, इक्तसादियात का विद्यार्थी होते हुए और इस पंजाब के कामों में पिछले ३० सालों से सरगर्म हिस्सा लेते हुए (एक आवाज़ : हरयाना में रहते हुए) और सोनीपत के मेंबर से ज्यादा हरयानवी होते हुए दावा करता हूं...... (एक आवाज : हम नहीं मानते) तुम न मानों तो क्या हो जाएगा। इस report के बारे में मैं ने काफी गहरा मुतालिया किया है। जो तकारीर इस एवान में हुई हर तबका की, उन को मैं तवज्जुह के साथ सुन रहा हूं। मैं अपनी राए जाहिर करता हूं। वह भूल जाते हैं कि मैं हरयानावासी हूं .... (एक आवाज : वाह २) आप की वाह २ से क्या होता है ?

(एक और आवाज़ : आप पंजाबी नहीं ?) मैं पंजाबी हूं (हंसी)

(*At this stage the Deputy Speaker occupied the Chair*).

Thakore Balwant Singh : On a point of Order, Sir. I want your ruling on one point and that is this. Is the hon. Member Shri Dev Raj Sethi—" Harianvi " like the late Pandit Jagat Ram ? Or is he " Harianvi " like Pandit Shri Ram Sharma and Chaudhri Sri Chand ?

Mr. Deputy Speaker : This is not a point of Order.

श्री देवराज सेठी : मैम्बर साहिबान ने ज्यादा वक्त इस बात पर लगाया कि आया इस कमिशन के सामने सूबाबन्दी के लिये बिना सिर्फ भाषा की होनी चाहिये थी या किन्हीं और बातों की भी । इस के इलावा यह भी बताया गया कि कांग्रेस ने फलां कमेटी और फलां कमेटी बनाई । Government of India ने अपने एक Resolution के मुताबिक यह कमिशन मुकर्रर किया । उस में वाज़े तौर पर बताया गया कि भाषा उन ५, ६ factors में से एक है जिन के मुताबिक दलबन्दी होगी । लेकिन यही वाहद और dominating factor नहीं होगा । देश की एकता unity सब से बड़ी चीज़ है । भाषा को कुर्बान कर सकते हैं, इक्तसादियात को कुर्बान कर सकते हैं लेकिन unity सब के लिये मुतबर्रक चीज़ है । अगर देश में unity नहीं तो भाषा बोलने वाले ही कहां रह सकते हैं । सब से ज्यादा मुकद्दम देश की security रक्षा है । देश का इक्तसादी मुफाद भी बड़ा जरूरी है इस से कोई इनकार नहीं कर सकता । और फिर यह State की re-distribution ही तो है । इस लिये यह दलील देना कि यह भाषा की बिना पर ही क्यों नहीं की गई यह सवाल पैदा ही नहीं होता । कमिशन बनाया गया, Terms of reference मुकर्रर हो गई, उस बिना पर report भी लिखी जा चुकी, अब इस पर गौर के वक्त इबतदाई बातें करना, इन पर बार २ ज़ोर देना या उन को दोहराना इस एवान का वक्त ज़ाया करना है.......

जहां तक इस तजवीज़ का सम्बन्ध है कि हरयाना के इलाके को अलग कर दिया जाये, इस पर दो तीन तरीकों से विचार की जा सकती है । हरयाना वाले भाई अपने आप को अलग रखने की इच्छा रखते हैं परन्तु उन की न कोई अपनी भाषा है न कोई और बात जिस की बिना पर उन्हें अलग किया जाए । मैं ने हरयानवी भाईयों में से एक एक से अलग २ बात की है तो वे कहते हैं कि हम सताए हुए हैं और पीछे हमारे साथ बहुत बेइन्साफी हुई है, इस लिये हम अलग होना चाहते हैं । मैं इस बात को मानता हूं कि उन के साथ बेइन्साफियां हुई हैं । हरयाने वाले भाईयों के साथ बीसियों दफा मेरी बात चीत हुई वह कहे जाते हैं कि हरयाना की शिकायतों को दूर करो तो फिर उन्हें कोई एतराज़ नहीं कि हरयाना का इलाका पंजाब के साथ रहे । (प्रशंसा) मैं यह कहूंगा कि हरयाना वालों की शिकायतें पहले थीं । मेरे एक लायक दोस्त जो बहादुर गढ़ से मेंबर चुने गये हैं चौधरी सिरी चन्द जी ने कहा है कि पुलिस में १२-१३ पुलिस कप्तान हैं और उन में से एक भी हरयाना का नहीं । उन्होंने यह भी शिकायत की कि १२-१३ डिप्टी कमिशनर हैं परन्तु उन में से एक भी हरयाना के इलाके का नहीं है, बात तो उन्होंने ठीक ही कही है परन्तु services में किसी खास इलाके के लोगों की गिनती इस तरह से कम या ज्यादा नहीं हो सकती । जहां तक पुलिस के कप्तानों का सम्बन्ध है उन में से कोई भी ऐसा नहीं जिस की length of service १० साल से कम हो और जो लोग पुलिस कप्तान बने हैं वह service में अपनी seniority के लिहाज़ से बने हैं । फिर इन लोगों को जो आज पुलिस कप्तान हैं, तब service में लिया गया था जब हरयाना के सब से बड़े नेता सर छोटू राम की वजारत थी । अगर आज service में

[श्री देव राज सेठी]

top पर हरयाना के लोग नहीं आते तो इस में वर्तमान मंत्री मंडल का दोष नहीं। इस का बीज तो आज से १५ साल पहले बोया गया था जब पंजाब में Unionist Government थी, जो हकूमत कि चौधरी सिरी चन्द जी के पूवर्जों की थीं और जिन्होंने Unionist Government से मिल कर पंजाब में हकूमत की। आखिर हमें हर बात की तह में जाने की जरूरत है। मगर फिर भी आज पंजाब के २ D.I.G.s Police में से एक रोहतक का है। इस सम्बन्ध में जो शिकायतें मेरे दोस्तों की हैं उन का कारण जानने की भी जरूरत है। बिना कारण के किसी पर दोष नहीं लगाया जा सकता।

इस के साथ ही एक और बात भी है वह यह कि देश से पहले जो शिकायतें हमारे हरयानवी भाईयों को थीं वह Anglo Unionist Alliance और conspiracy की वजह से थी। इस में वर्तमान मंत्री मंडल का या किसी और समय की सरकार का दोष नहीं। West Punjab के इलाके से हट कर जालन्धर Division की ओर ध्यान दिया गया और सब से कम ध्यान अम्बाला वालों की ओर दिया गया यह वही अम्बाला वाले हैं जिन्होंने Unionist हकूमत को बलियां दे दे कर खड़ा किया। उन्होंने अंग्रेज़ों की मदद की और वह हकूमत के फरमाबरदार रहे। आज यह कह देने से या किसी पर यह इलजाम लगा देने से हरयाना की मुशक्लों का मसला हल नहीं हो जाता। पिछले ५-६ सालों से उन की तकलीफें आगे से बहुत कम हो गई हैं। (चौधरी सिरी चन्द: वह किस तरह) वह इस तरह से कि हम न सिर्फ हरयाना की बल्कि सारी जनता की बेहतरी के लिये काम कर रहे हैं। मुलाजमतों में हरयाना वालों को मौका दे रहे हैं। (interruptions) आप हौसला रखें इस तरह से interrupt न करें।

उपाध्यक्ष महोदय मैं अर्ज़ कर रहा था कि जनता की बेहतरी services में किसी इलाके के लोगों का ज़्यादा या कम गिनती से नहीं होती क्योंकि services में तो सब आबादी को मिला कर केवल एक प्रतिशत ही लोग लिये जाते हैं। अवाम की भलाई उन्हें ज़मीनें देने से उन्हें दस्तकारी में लगाने से और उन्हें और सहूलतें मुहिया करने से होती है। और इन बातों से ही किसी इलाके के लोगों की बेहतरी का अंदाजा लगाया जा सकता है।

यह जो चार जिले हैं हरयाना के इन में आगे ही बहुत सी ज़मीन काश्त के अधीन लाई जा चुकी है और कौन इस बात से इन्कार कर सकता है कि भाकड़ा प्राजैक्ट से एक करोड़ एकड़ ज़मीन की आबपाशी होगी। और इस सारे रकबे का २।३ हिस्सा हरयाना का होगा। मुझे तो हैरानी है. . . . . . (interruption)

श्री श्री चन्द: यह बिल्कुल गलत है।

श्री देव राज सेठी: कौन कहता है कि यह गलत बात है। मैं तो अपने दोस्त चौ. सिरी चन्द जी के बाद दादा और पूर्वजों के साथ रहा हूं। सर छाटू राम से मिलता रहा और १९३७ से १९४२ तक जब तक वह स्वर्गवास हुए उन के साथ रहा तो उन्होंने फरमाया था कि १९२७ में साईमन कमिशन आया था और मियां फज़ल हुसैन ने फरमाया था कि अम्बाला डवीजन को काट कर मेरठ से मिला दिया जाए या आगरा से मिला दिया जाए तब इस नए

सूबे को चाहने वाले मियां फज़ल हुसैन थे परन्तु unionist पार्टी के नेता सर छोटू राम ने इस बात का डट कर मुकाबला और विरोध किया और ज़ोर दिया था कि अम्बाला डवीज़न पंजाब का हिस्सा रहेगा और पंजाब की हिफ़ाज़त करेगा, यह पंजाब से अलग न किया जाये। और आज उन के नाम लेवा चौधरी सिरी चन्द जी यह कहते हैं कि इसे अलग कर दो।

मैं तो हैरान हूं कि आज सुतलज नदी का पानी लेने वाले यह कहें कि हमें अलग कर दो हम पंजाब में नहीं रहना चाहते। आखिर पंजाब किसको कहते हैं। पांच दरियाओं के सूबे का कहते हैं। भाकड़ा से चल कर सतलुज का पानी पंजाब में आता है हरयाना में जाता है.. (interruption).

श्री श्री चन्द : सुतलज नहीं सतलुज)।

श्री देव राज सेठी : अगर आप की तसल्ली नहीं होती तो मैं इस लफ्ज़ में दरुस्ती कर लेता हूं।

तो मैं अर्ज़ कर रहा था कि जहां तक हरियाना की शिकायतों का सवाल है वह अब काफी हल हो चुका है। मैं इस बात को मानता हूं कि पहले शिकायतें सरविसों के बारे में थीं। Development के बारे में थी परन्तु पिछले ३-४ सालों से मैं कह सकता हूं कि Community Project के बनने से शिकायतें दूर हो गई हैं। इस बात से कौन इन्कार कर सकता है कि Development Schemes का एक बड़ा हिस्सा हरयाना को दिया गया है। Industrial Development भी इस इलाके की की गई है। हजारों नहीं लाखों एकड़ ज़मीन को पानी दिया गया है। लाखों लोगों को रोजगार पैदा करने का मौका दिया है। दस्तकारी इस इलाके में बढ़ गई है। भाकड़ा से जो एक करोड़ एकड़ रकबा को पानी मिलना है इस से २/३ हिस्सा हरयाना का है। फिर इस इलाके के लोग कहते हैं कि हमारे साथ बेइन्साफी हुई है। ठीक है बेइन्साफी जब तक कहनी चाहिए जब तक कि १०० फीसदी इन्साफ न हो जाए और १०० फीसदी फायदा न हो।

आज से ५-६ साल पहले हिसार के जिला के तीन मनिस्टर थे। पंजाब चीफ मनिस्टर का हिसार का था। फिर दो मनिस्टर तो हाल में ही में थे। अगर यह सब ठीक है तो फिर हरयाना वालों को क्या शिकायत है। हम तो यह समझते हैं कि हरयाना में रहने वाले अम्बाला डवीज़न में रहने वाले हैं। अब चाहे वह अपने आप को किसी और इलाके का रहने वाला कहें तो यह मुनासिब नहीं। हरयाना के मनिस्टर हमारे पास चौधरी लहरी सिंह जी हैं और मुझे चौधरी लहरी सिंह पर मान है, कि उन्होंने सारे पंजाब के लिये और खास कर अम्बाला डवीज़न के लिये अपने साथी मनिस्टरों से लड़ कर बिजली के बारे में, पानी के बारे में और co-operative के बारे में वह काम किये हैं जो और कोई न कर सकता था और इस बात से किसी को इन्कार नहीं होगा (प्रशंसा) अगर चौधरी जी को कामों की हरयाना वाले प्रशंसा नहीं करते तो पंजाब वाले उन्हें apprcciate करते हैं।

श्री श्री चंद : पंजाब वाले करते हैं मगर हरियाना वाले नहीं करते)।

श्री देवराज सेठी : लेकिन इस के बावजूद भी मैं यह ज़रूर समझता हूं कि हरयाना वालों की कुछ शिकायतें हैं तो इस का इलाज यह है कि हम Central Government से कहें। Punjab Government से कहें और ज़ोरदार शब्दों में कहें कि हरयाना वालों की कई शिकायतें आपने दूर कर दी हैं, काफी नहीं की है, बाकी भी दूर कर दी जायें। मगर यदि इन तकलीफों में आप के अलहदा होने के जज़बात हैं तो इस का क्या इलाज। मगर मैं सच कहता हूं कि हरयाना के 89 per cent या 90 per cent लोग Ambala Division से अलग नहीं होना चाहते। आप अगर चाहें....

श्री सिरीचंद : यह बिल्कुल गलत है। I challenge it आप राए करवा लें।

Mr. Deputy Speaker : No interruption please.

श्री देवराज सेठी : स्पीकर साहिब, मैं ने तो जो आवाज़ पहुंचाई वह ३२ मेम्बरों की तरफ से थी। जब कि दूसरे तबके के मेम्बर केवल २७ थे। (Cheers from Treasury Benches)

पंडित श्री राम शर्मा : On a point of order, sir मैं कहना चाहता हूं कि मेम्बर साहिब ने फरमाया है कि उन्होंने ३२ मेम्बरों की आवाज़ पहुंचाई। मैं उन से पूछना चाहता हूं कि उन के साथ कितने मेम्बर गये ? An hon. member only one. Cheers from opposition Benches)

श्री देव राज सेठी : मैं साबत कर सकता हूं कि ३२ मेम्बरों के अपने अस्ली दस्तखत थे जो उन्होंने अपनी मर्ज़ी से किये।

पंडित **श्री** राम शर्मा : मगर क्या वजह है कि कमिशन के सामने केवल श्री देव राज सेठी ही गये और उन के साथ और कोई नहीं गया। मैं Challenge करता हूं कि आप खड़े करायें, आप को मालूम हो जायगा कि आप के साथ कोई मेम्बर नहीं। (interruptions)

Mr. Deputy Speaker : Order, order.

श्री देव राज सेठी : स्पीकर साहिब मैं अर्ज़ करने लगा था कि हरियाने वालों को पंजाब के साथ रहने में कोई भी शिकायत नहीं है। हां कुछ बेइन्साफियां उन से हुई हैं। मगर इस का यह मतलब नहीं कि वह जुदा होना चाहते हैं। Proper safeguards के साथ यह ठीक हो जायेंगी। ऐसी बातों का हकीकी हल बाजू काटने से नहीं। एक अच्छा सिआसतदान अपना परिवार बढ़ाता है, कम नहीं करता। मैं पूछता हूं कि यू. पी. वालों के साथ हरियाने वालों का क्या साथ है।

श्री श्री चन्द : वह हमारे भाई हैं। हमारा culture एक है। (interruptions.)

श्री दव राज सेठी : मगर यू. पी. वाले कहते हैं कि हम हरियाने में मिलना नहीं चाहते।

श्री मूल चन्द जैन : मेंबर साहिब झूठ बोल रहे हैं।

सिंचाई मंत्री : Point of order, sir क्या झूट लफ्ज़ parliamentary है ? अगर नहीं तो मेम्बर साहिब को यह लफ़ज़ withdraw करना चाहिये।

उपाध्यक्ष महोदय : यह लफ्ज़ unparliamentary है।

श्री मूल चन्द जैन : सरदार वरयाम सिंह जी ने यही लफ्ज़ अभी अभी Principal साहिब की तकरीर के बारे में कहा था। उस वक्त कोई एतराज़ नहीं किया गया। लेकिन फिर भी अगर आप इस को बुरा समझते हैं तो मैं with draw करता हूं और कहता हूं कि मेम्बर साहिब ने गलत बियानी की है।

श्री देवराज सेठी : मैं अर्ज़ कर रहा था कि प्रान्त के जज़बात इस मामले में क्या हैं। इस सिलसिले में मैं एक बात मानता हूं कि जहां तक देश भक्ति का सवाल है अकाली पार्टी का यह दावा पंजाब के सिख देश भक्ति में कम नहीं ठीक है। इस मामले में मैं मस्तिष्क झुकाता हूं, उस कुरबानी के सामने जो गुरु साहिबान ने की और जिस का अहसान सारे देश पर है।। उन्होंने देश में कुरबानी का जज़बा पैदा किया। सिखों ने देश की आज़ादी में बढ़ चढ़ कर हिस्सा लिया। इस बात से काई इनकार नहीं कर सकता।

पंडित श्री राम शर्मा : फिर उन को पंजाबी सूबा दे दो।

श्री देव राज सेठी : मगर एक चीज जो ठीक नहीं वह यह है उन का सोचने का तरीका गलत है। यह कहा जाता है कि सिख Services से इन्साफ नहीं हाता। अगर Secular State के असूल को मानते हैं तो इस तरह की बातें क्यों ? यह हिंदू सिख की बातें क्यों की जाती हैं ? हरिजनों की तो अलग बात है क्योंकि उन को Backward होने के नाते constitution में रियायतें मिली हुई हैं। मगर सिखों और हिंदुओं का स्वाल खड़ा करना ठीक नहीं।

श्री श्री चन्द : On a point of Information, Sir. मैं पूछना चाहता हूं कि जो हिंदू कांग्रेसियों की convention चंडीगढ़ में हुई थी क्या उस में श्री देव राज सेठी भी शामिल थे, और क्या उस में कोई सिख कांग्रेसी भी आया था।

श्री देव राज सेठी : मैं चौधरी श्री श्री चन्द जी को बताना चाहता हूं कि १६ तारीख को जो convention हुई थी उस में सब जातियों के उन लोगों को दावत दी गई थी जो S. R. C. की रिपोर्ट के हक में थे। (Interruptions.) मैं अर्ज़ कर रहा था कि सब लोगों को दावत दी गई थी। हकूमत ने इतफाक राय से रिपोर्ट को विचारा है और सूबा कांग्रेस कमेटी ने उस की ताईद की है।

Minister for Development : What was the necessity of doing it when the matter was in the hands of Pandit Jawahar Lal Nehru ?

श्री देव राज सेठी : हम कांग्रेस पार्टी वाले हाई कमांड के decisions के पाबन्द हैं। उन्होंने S.R.C. की रिपोर्ट पर राय की खुली खुली छुट्टी दी हुई है। यहां भी आप देख रहे हैं (*Interuptions*)

Mr. Deputy Speaker : Order, order.

Shri Dharamvir Vasisht : यह individual capacity में कहा जा रहा है कि सरकार का इस में कोई फैसला नहीं।

Mr. Deputy Speaker: The hon. Member should discuss the Report of the States Reorganisation Commission.

Shri Dev Raj Sethi: Sir, I am discussing it. I am prefectly relevant....

पंजाब के बारें में केंद्रीय सरकार के पास जो ख्यालात रखे गये वह इनफरादी तौर पर नहीं, cabinet की राय थी।

श्री श्री चन्द : इस convention में कांग्रेसी सिख कितने थे ? (Interruptions)

Mr. Deputy Speaker: Order, order.

श्री देव राज सेठी : आप इन बातों की तरफ न आएं। मैं ने प्रभात अखबार में पढ़ा है कि हमारे मोहतरम नेता मास्टर तारा सिंह जी ने अपने दस्तखतों से ब्यान जारी किया कि हम पंजाबी सूबा वह चाहते हैं जहां कि सिखों की अबादी कम से कम ५० फी सदी हो। ऐसा देख कर तो जरुर दिमाग में परेशानी होती है कि वे ऐसा पंजाबी सूबा चाहते हैं जहां कि एक खास community की आबादी की अकसरियत का ख्याल रखा जाए। तो सवाल पैदा होता है कि क्या कहने, सोचने और करने में कोई फरक नहीं है इस बात का उपाध्यक्ष महोदय हल नहीं मिलता है।

पंडित श्री राम शर्मा : जरुर मिल जावेगा।

श्री देव राज सेठी : आप तो वहां के चीफ मिनिस्टर बने बनाए हैं।

पंडित राम शर्मा : On a point of order, sir, मैं यह कहना चाहता हूं कि अगर यह इस तरह personal attack करेंगे तो मुझे भी इखतियार होगा कि मैं उन चीज़ों का जवाब दूं। मैं यह कहूंगा कि ये लोग किस तरह बजीर साहिबान क्या २ रियासे लेते रहते हैं। permits वगैरा लेते रहते हैं और नाजाइज़ फाइदा उठाते हैं।

श्री देव राज सेठी : उपाध्यक्ष महोदय ! भाषा के बारे मे communist party के जो मैम्बर हैं उनकी पालीसी समझ नहीं आई कि वह बेकारी के मसलों को छोड़ कर इधर आ गए हैं। कमीशन ने भी यह कहा है कि इस पंजाबी खित्ता में बोली या भाषा का इतना मसला नहीं जितना कि battle of scripts का है। भाषा इस बात के लिए नहीं होती कि एक दूसरे को challenge करें भाषा आपस में तबादला ख्यालात के लिए होती है। मैं दावा से कह सकता हूं कि पंजाब में २५ लाख refugees अम्बाला division के अन्दर गए हैं। वहां अनपढ़ लोग बच्चे बूढ़े, मरद औरत चले गए हैं उन्हें बातचीत करने और तबादला ख्यालात करने में कोई भी तकलीफ नहीं हाती है।

श्री मूल चन्द जैन : यह बात भी गलत है।

श्री देव राज सेठी : उपाध्यक्ष महोदय ! आप सब ने कुछ देर पहले सरदार हरकिशन सिंह सुरजीत को सुना है। वह ठेठ पंजाबी में बोलते रहे थे क्या उनका एक लफज भी समझने में कोई तकलीफ हुई है। जब मैं कमीशन के सामने पेश हुआ मैंने कहा कि हिन्दी और पंजाबी में फर्क .... (Interruptions)

Mr. Deputy Speaker: Please wind up your speech.
Sardar Ajmer Singh: Sir, he is taking too much time of the House.

श्री देव राज सठी : हां तो मैं ने कमीशन को बताया कि हिन्दी और पंजाबी में बिल्कुल बराय नाम फरक है। मैं पूछता हूं कि "जाता है और जांदा है" में क्या फरक है। मैं ता यह जानता हूं कि इन दोनों में इतना ही फरक है। फिर मेरी समझ में नहीं आता कि यह ज़बान बन्दी की पक्की दीवारें हमारे दरमयान क्यों बनाई गई और पैदा की जा रही हैं। किस की बहादुरी है, किस की उदारता है कि यह कहे कि हम भाई २ नहीं।

फिर यहां पर १९५१ की मरदम शुमारी के बारे में कहा गया है। वह सब गलत है। लेकिन इस हकीकत से कौन इन्कार कर सकता है कि पंजाब में पंजाबी बोली spoken dialect के तौर पर तो है, यह ठीक है, मगर जब लिखने की बात आती है तो या अंग्रज़ी में लिखते हैं या उर्दू में लिखते है। बाकी अगर हिन्दी लिखते हैं ता देव-नागरी में हाती है और भाषा हिन्दुस्तानी या हिन्दी हाती है।
(interruptions)

यह कोई बनावटी बातें नहीं हैं हकीकत है। यह आपस में भाषा के भेद भाव बहुत खराब हैं। हमें हैरानी होती है जब चौधरी श्री चन्द जी अकाली दोस्तों के हम निवाला बनते हैं और एक तरफ तो कहते फिरते है कि पंजाबी हमारी मात्री भाषा नहीं है दूसरी तरफ कहते हैं कि अकाली पंजाबी सूबा बनना ही चाहिए। ये दोस्त नुमा दुश्मन हैं। ऐसे दोस्त नुमा दुश्मनों की क्या कमी है। मुझे सब से ज्यादा मायूसी तो communist party वालों से होती है। हम इनकी बाबत पिछले ३० सालों से सुनते रहे हैं, इनका सारा ज़ोर economics पर होता था उनकी सारी बातें इक्तसादियात पर होती थीं। वे अपना सारा ज़ोर imperialism और materialism के खिलाफ लगाते थे मगर हम हैरान हैं कि क्या उन्हों ने अब वे इक्तसादी और economic freedom वाले मसले छोड़ दिये है? क्या उन ने अब अपना वह इक्तसादीयात वाला नज़रीया बदल दिया है जो ये अब इन भाषाई मसलों में उलझ पड़े हैं।

आखिर में मैं यह अर्ज़ कर देना चाहता हूं कि आज नहीं ता परसों काश्मीर के बारे में पाकिस्तान में कुछ फैसले हाने हैं, वहां हमारे ये जज़बात काम नहीं आएंगे। मैं हाऊस के मैंबर साहिबान को यकीन दिलाना चाहता हूं कि आप देश भक्ति तबके केलिए इकट्ठे हों यह छोटी २ जज़बाती बातें छोड़ कर इस भूमी को जिसमें कि आप बसते हैं ऊंचा उठाएं। यह जो बे इनसाफी वाली बातें हैं यह घरेलू मामले हैं। इन को सब मिल जुल कर ठीक करेंगे। States Reorganisation Commission की जो report है वह बिल्कुल ठीक है उस पर पूरी तरह अमल दरामन्द होना चाहिए। हिमाचल प्रदेश और लोहारू को पंजाब में जरुर शामल करना चाहिए।

ਸਰਦਾਰ ਅਜਮੇਰ ਸਿੰਘ (ਸਮਰਾਲਾ) : ਮਾਨਯੋਗ ਪ੍ਰਧਾਨ ਜੀ ਅਜ ਅਸੀਂ ਇਕ ਬੜੇ ਨਾਜ਼ਕ ਮਸਲੇ ਉਤੇ ਬਹਿਸ ਕਰ ਰਹੇ ਹਾਂ। ਮੈਂ ਇਹ ਕਹਿ ਸਕਦਾ ਹਾਂ ਕਿ ਇਸ ਰਿਪੋਰਟ ਦਾ ਫ਼ੈਸਲਾ ਪਹਿਲਾਂ Government ਨੇ ਕਰਨਾ ਹੈ ਉਸ ਤੋਂ ਬਾਅਦ Parliament.

[ਸਰਦਾਰ ਅਜਮੇਰ ਸਿੰਘ]

ਨੇ ਇਸ ਦਾ ਫ਼ੈਸਲਾ ਕਰਨਾ ਹੈ । ਹੋ ਸਕਦਾ ਹੈ ਕਿ ਜੋ ਕੁਝ ਅਸੀਂ ਇਥੇ ਕਹਾਂਗੇ ਉਸ ਤੋਂ ਬਾਅਦ ਪੰਜਾਬ ਦੀ ਕਿਸਮਤ ਬਣੇ ਅਤੇ ਬਿਗੜੇ । ਜੇਕਰ ਅਸੀਂ ਇਸ ਮੌਕੇ ਉਤੇ ਆਪਣੇ ਸਹੀ ਜਜ਼ਬਾਤ ਉਨ੍ਹਾਂ ਸਜਨਾਂ ਅਗੇ ਨ ਰਖ ਸਕੇ ਜਿਨਾਂ ਦੇ ਹਥ ਦੇ ਵਿਚ ਕਿ ਅਜ ਰਾਜ ਭਾਗ ਹੈ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਫ਼ਰਜ਼ ਨੂੰ ਪੂਰਾ ਨਹੀਂ ਕਰਾਂਗੇ । ਇਸ ਲਈ ਸਾਨੂੰ ਬੜੇ ਠੰਡੇ ਦਿਲ ਦੇ ਨਾਲ ਇਸ ਕਮੀਸ਼ਨ ਦੀ ਰਿਪੋਰਟ ਉਤੇ ਵਿਚਾਰ ਕਰਨਾ ਚਾਹੀਦਾ ਹੈ । ਸਾਨੂੰ ਇਸ ਗਲ ਦੇ ਵਿਚ ਬਿਲਕੁਲ ਨਹੀਂ ਬਹਿ ਜਾਣਾ ਚਾਹੀਦਾ ਹੈ ਕਿ ਮੇਰਾ ਧੜਾ ਇਹ ਹੈ । ਅਤੇ ਮੈਨੂੰ ਉਸ ਦੇ ਮੁਤਾਬਿਕ ਗਲ ਕਰਨੀ ਚਾਹੀਦੀ ਹੈ । ਮੈਂ ਇਹ ਕਹਿੰਦਾ ਹਾਂ ਕਿ ਸਾਨੂੰ ਇਸਦੇ ਸਾਰੇ Pros and Cons ਨੂੰ ਠੀਕ ਤਰ੍ਹਾਂ ਦੇ ਨਾਲ ਦੇਖਣਾ ਚਾਹੀਦਾ ਹੈ ਅਤੇ ਹਰ ਗਲ ਨੂੰ ਚੰਗੀ ਤਰਾਂ ਸਮਝਣਾ ਸੋਚਣਾ ਚਾਹੀਦਾ ਹੈ ਅਤੇ ਉਸਤੋਂ ਬਾਅਦ ਅਪਣੀ ਰਾਏ ਦੇਣੀ ਚਾਹੀਦੀ ਹੈ ।

ਮੈਂ ਤਾਂ ਕਮੀਸ਼ਨ ਨੂੰ ਇਸ ਰਿਪੋਰਟ ਉਤੇ ਵਧਾਈ ਦੇਣ ਲਈ ਤਿਆਰ ਨਹੀਂ । ਹੋ ਸਕਦਾ ਹੈ ਕਿ ਕਮੀਸ਼ਨ ਦੇ ਮੈਂਬਰ ਬੜੇ ਕਾਬਿਲ ਹਨ, ਹੋ ਸਕਦਾ ਹੈ ਉਨਾਂ ਦਾ ਤਜਰਬਾ ਬੜਾ ਵਸੀਹ ਹੈ ਪਰ ਮੈਂ ਇਹ ਜਰੂਰ ਕਹਾਂਗਾ ਕਿ ਉਨਾਂ ਨੇ ਜਿਥੋਂ ਤਕ ਹਿੰਦੁਸਤਾਨ ਦੇ ਬੜੇ ਜ਼ਰੂਰੀ ਮਸਲੇ ਸਨ ਜਿਹੜੇ ਕਿ ਨਵੇਂ ਪ੍ਰਾਂਤ ਬਨਾਉਣ ਦੇ ਸਿਲਸਲੇ ਵਿਚ ਸਨ ਅਤੇ ਜਿਹੜੇ ਬੜੇ conflicting ਮਸਲੇ ਸਨ ਉਨ੍ਹਾਂ ਉਤੇ ਅਪਣਾ ਫ਼ੈਸਲਾ ਦੇਣ ਦੇ ਵਿਚ ਬੜੀ ਗਲਤੀ ਕੀਤੀ ਹੈ । ਮੇਰਾ ਖਿਆਲ ਹੈ ਕਿ ਸਭ ਸਜਨਾਂ ਨੂੰ ਪਤਾ ਹੈ ਪੰਡਿਤ ਨਹਿਰੂ ਜੀ ਨੇ ਬੀ, ਜਿਸ ਵੇਲੇ ਉਨਾਂ ਇਹ report ਮਿਲੀ ਤਾਂ ਉਨਾਂ ਵੀ ਹੈਰਾਨੀ ਜ਼ਾਹਿਰ ਕੀਤੀ । ਕਾਂਗਰੇਸ ਪਾਰਟੀ ਬਲਿਕ ਹਿੰਦੁਸਤਾਨ ਦੇ ਕਈ ਸੂਬਿਆਂ ਦੀਆਂ ਕਾਂਗਰੇਸ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਇਹ ਜੋ ਫੈਸਲੇ ਕਮੀਸ਼ਨ ਨੇ ਕੀਤੇ ਹਨ ਗਲਤ ਕੀਤੇ ਹਨ । ਮਰਹਟਿਆਂ ਨੇ, ਗੁਜਰਾਤੀਆਂ ਨੇ ਅਤੇ ਆਂਧਰਾ ਵਾਲਿਆਂ ਨੇ ਇਸ ਦਾ ਵਿਰੋਧ ਕੀਤਾ ਹੈ । ਮੈਂ ਸਮਝਦਾ ਹਾਂ ਅਤੇ ਮੇਰਾ ਖਿਆਲ ਹੈ ਕਿ ਸਾਡੀ ਹਕੂਮਤ ਉਸਨੂੰ ਦੁਰੁਸਤ ਕਰਨ ਦਾ ਯਤਨ ਕਰ ਰਹੀ ਹੈ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਬਿਲਕੁਲ ਠੀਕ ਹੈ ਕਿ ਜਿਹੜੀ report ਪੇਸ਼ ਹੋਈ ਹੈ ਇਹ ਕਮੀਸ਼ਨ ਦੇ ਮੈਂਬਰਾਂ ਦੀ ਕਮ-ਫੈਹਿਮੀ ਅਤੇ ਮਾਮਲੇ ਨੂੰ ਚੰਗੀ ਤਰ੍ਹਾਂ ਨਾਂ ਸਮਝਨ ਦਾ ਨਤੀਜਾ ਹੈ । ਜਿਥੋਂ ਤਕ ਪੰਜਾਬ ਦੇ ਬਾਰੇ report ਦਾ ਤਾਲੁਕ ਹੈ ਕਿਹਾ ਗਿਆ ਹੈ ਕਿ ਇਸ ਦੇ ਨਾਲ discontentment ਅਤੇ dissatisfaction ਘਟੇਗੀ ਪਰ ਮੈਂ ਇਹ ਦਾਵੇ ਦੇ ਨਾਲ ਕਹਿ ਸਕਦਾ ਹਾਂ ਕਿ ਘਟੇਗੀ ਨਹੀਂ ਪ੍ਰੰਤੂ ਵਧੇਗੀ । ਅਤੇ ਇਹ ਇਸ ਦਾ ਸਹੀ ਹਲ ਨਹੀਂ ਹੈ । ਇਸਦਾ ਨਤੀਜ਼ਾ ਬਹਤ ਬੁਰਾ ਹੋਵੇਗਾ । ਪਰ ਮੈਂ ਸਮਝਦਾ ਹਾਂ ਕਿ ਸਾਡੇ ਨੇਤਾ ਜਿਨ੍ਹਾਂ ਦਾ ਕਿ Central Government ਉਤੇ ਕਬਜ਼ਾ ਹੈ ਓਹ ਇਸ ਚੀਜ਼ ਨੂੰ ਸਮਝਦੇ ਹਨ ਅਤੇ ਉਹ ਜਿਸ ਤਰਾਂ ਕਮੀਸ਼ਨ ਨੇ report ਕੀਤੀ ਹੈ ਉਸੀ ਤਰ੍ਹਾਂ ਸਵੀਕਾਰ ਨਹੀਂ ਕਰਨਗੇ । ਇਸ ਦੇ ਵਿਚ ਤਬਦੀਲੀਆਂ ਦਾ ਹੋਣਾ ਲਾਜ਼ਮੀ ਹੈ । ਪੰਜਾਬ ਦੀ ਸ਼ਹਿਰੀ ਬਹੁਗਿਣਤੀ ਬੜੀ ਫਿਰਕਾ-ਪਰਸਤ ਹੈ । ਇਸਦਾ ਪੰਜਾਬ ਦੇ ਉਤੇ, press ਦੇ ਉਤੇ ਅਤੇ ਹਕੂਮਤ ਦੇ ਉਤੇ ਕਬਜ਼ਾ ਹੈ । ਇਹ ਲੋਗ ਬੜੇ ਚਾਲਾਕ, ਹੁਸ਼ਿਆਰ ਅਤੇ ਬਡੇ ੨ ਸਰਮਾਇਆਦਾਰ ਹਨ । ਪਤਾ ਨਹੀਂ ਕਮੀਸ਼ਨ ਨੇ ਇਸ ਗਲ ਨੂੰ ਜਾਣਦੇ ਹੋਇਆਂ ਜਾਂ ਨਾਂ ਜਾਣਦੇ ਹੋਇਆਂ ਇਹ report ਪੇਸ਼ ਕੀਤੀ ਹੈ । ਮੈਂ ਇਹ ਕਹਿ ਸਕਦਾ ਹਾਂ ਕਿ ਹਰਿਆਣਾ ਪ੍ਰਾਂਤ ਹਿਮਾਚਲ ਪ੍ਰਦੇਸ਼ ਅਤੇ ਪੈਪਸੂ ਨੂੰ ਇਕੱਠਾ ਕਰ ਦੇਣ ਦੇ ਨਾਲ ਇਹ ਮਸਲਾ ਹਲ ਨਹੀਂ ਹੋ ਸਕਦਾ । ਮੈਂ ਕਹਿਣਾ ਚਾਹੁੰਦਾ ਹਾਂ ਅਤੇ

ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤਕ ਹਰਿਆਣਾ ਪ੍ਰਾਂਤ ਦੇ ਲੋਗ dissatisfied ਹਨ, ਹਿਮਾਚਲ ਪ੍ਰਦੇਸ਼ ਦੇ ਲੋਗ discontented ਹਨ ਅਤੇ ਨਹੀਂ ਮਿਲਨਾ ਚਾਹੁੰਦੇ ਤਾਂ ਕਿਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਜਿਸ ਤਰ੍ਹਾਂ ਕਿ report ਵਿਚ ਕਿਹਾ ਗਿਆ ਹੈ ਕਿ homogenity ਹੋਵੇਗੀ, ਲੋਗ contented ਹੋਣਗੇ, Administration ਚੰਗਾ ਹੋਵੇਗਾ ਅਤੇ ਵਡੀਆਂ ੨ industries ਚਲਣ ਗੀਆਂ, ਵਗੈਰਾ ਵਗੈਰਾ। ਮੈਂ ਕਹਿੰਦਾ ਹਾਂ ਕਿ ਇਹ ਕਿਨੀ ਵਡੀ ਗਲਤ ਫਹਿਮੀ ਹੈ। ਇਸ ਲਈ, ਇਸ ਦੇ ਬਾਰੇ ਸਿਧੀ ਅਤੇ ਸਪਸ਼ਟ ਗਲ ਇਹ ਹੈ ਕਿ ਅਸੀਂ ਫੈਸਲਾ ਕਰਨਾ ਹੈ ਕਿ ਜਿਥੋਂ ਤਕ ਪੰਜਾਬੀ ਸੂਬੇ ਦਾ ਤਾਅਲੁਕ ਹੈ ਪੰਜਾਬੀ ਸੂਬਾ ਹੋਵੇ ਜਾਂ ਮਹਾਂ ਪੰਜਾਬ ਹੋਵੇ। ਪਰ ਮਹਾਂ ਪੰਜਾਬ ਕੋਈ ਅਜਿਹੀ ਚੀਜ਼ ਨਹੀਂ ਕਿ ਜਿਸਦਾ ਨਾਂ ਲੈਣ ਤੋਂ ਬਾਅਦ ਕੋਈ ਸਹੀ ਤਸਵੀਰ ਉਸਦੀ ਨਜ਼ਰ ਆਉਂਦੀ ਹੋਵੇ। ਉਹ culturally homogeneous ਹੋਵੇਗਾ, military ਅਤੇ defence ਦੇ ਲਿਹਾਜ਼ ਨਾਲ ਮਜ਼ਬੂਤ ਹੋਵੇਗਾ, administratively ਇਕ ਚੰਗਾ unit ਹੋਵੇਗਾ ਵਗੈਰਾ ਵਗੈਰਾ। ਇਸ ਤਰਾਂ ਦੀ ਮੈਨੂੰ ਕੋਈ ਵੀ ਸਹੀ ਤਸਵੀਰ ਨਜ਼ਰ ਨਹੀਂ ਆਉਂਦੀ।

ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਮੁਤਲੱਕ ਕੋਈ ਭੁਲੇਖਾ ਨਹੀਂ ਕਿ ਜ਼ਬਾਨ ਸਾਰੀ ਚੀਜ਼ ਹੋਵੇਗੀ। ਜਿਹੜਾ ਲੋਕ ਮਹਾਂ ਪੰਜਾਬ ਦੇ ਹਾਮੀ ਹਨ ਉਹਨਾਂ ਨੇ ਇਹ ਚੀਜ਼ ਮੁਖ ਰਖੀ ਹੋਈ ਹੈ ਕਿ ਜੇ ਪੰਜਾਬੀ ਸੂਬਾ ਬਨ ਗਿਆ ਤਾਂ ਉਥੇ ਸਿਖਾਂ ਦੀ ਗਿਣਤੀ ਵਧ ਜਾਏਗੀ ਤੇ ਹਿੰਦੂਆਂ ਦੀ ਗਿਣਤੀ ਘਟ ਜਾਏਗੀ। ਦਰ ਅਸਲ ਇਹ ਖਤਰਾ vested interest ਵਾਲੇ ਲੋਕ ਮਹਿਸੂਸ ਕਰ ਰਹੇ ਹਨ। ਇਹ ਮਹਾਂ ਪੰਜਾਬ ਬਣਾਉਣ ਲਈ ਕੋਈ ਚੰਗੀ ਦਲੀਲ ਨਹੀਂ ਨ ਹੀ ਮਹਾਂ ਪੰਜਾਬ ਬਨਾਉਣ ਲਈ ਇਹ ਦਲੀਲ ਹੈ ਕਿ ਪੰਜਾਬੀ ਸੂਬੇ ਦੀ ਮੁਖਾਲਫਤ ਕੀਤੀ ਜਾਏ। ਕਿਉਂਕਿ ਉਥੇ ਸਿਖਾਂ ਦੀ ਗਿਣਤੀ ਵਧ ਜਾਏਗੀ। ਮੈਂ ਪੁਛਦਾ ਹਾਂ ਕਿ ਜੇ ਉਥੇ ਸਿਖਾਂ ਦੀ ਅਬਾਦੀ ਵਧ ਵੀ ਜਾਏ ਤਾਂ ਕੀ ਆਫਤ ਆ ਜਾਏਗੀ। ਸਿਖਾਂ ਦੇ ਮੁਤਲੱਕ ਇਹ ਕਹਿੰਦੇ ਹਨ ਕਿ 1947 ਤੋਂ ਪਹਿਲਾਂ ਇਨ੍ਹਾਂ ਦੀਆਂ ਕੁਰਬਾਨੀਆਂ ਦੇ ਮੁਤਲੱਕ ਤੇ ਹੁਬਲ-ਵਤਨੀ ਦੇ ਮੁਤਲੱਕ ਕਿਸੇ ਕਿਸਮ ਦਾ ਸ਼ਕ ਨਹੀਂ। ਮੈਂ ਕਹਿੰਦਾ ਹਾਂ ਕਿ 1947 ਦੇ ਬਾਅਦ ਮੈਨੂੰ ਸਾਬਤ ਕਰ ਕੇ ਦਸਿਆ ਜਾਏ ਕਿ ਕੀ ਸਿਖਾਂ ਨੇ ਦੇਸ਼ ਦਿਆਂ ਹਿਤਾਂ ਨਾਲ ਕੋਈ ਗਦਾਰੀ ਕੀਤੀ ਹੈ। ਮੈਨੂੰ ਬੜਾ ਦੁਖ ਹੁੰਦਾ ਹੈ ਜਦੋਂ ਮੈਂ ਸੁਨਦਾ ਹਾਂ ਕਿ ਸਿਖ ਫਿਰਕਾ ਪਰਸਤ ਹਨ ਜਾਂ ਅਕਾਲੀ ਫਿਰਕਾ ਪ੍ਰਸਤ ਹਨ ਜਿਹੜੇ ਸਿਖ community ਦਾ ਨੁਕਤਾ ਪੇਸ਼ ਕਰਦੇ ਹਨ। ਹਰਯਾਨਾ ਪ੍ਰਾਂਤ ਦੇ ਮੇਰੇ ਇਕ ਵੀਰ ਨੇ ਇਹ ਕਹਿ ਦਿਤਾ ਕਿ ਸਿਖ ਫਿਰਕਾ ਪ੍ਰਸਤ ਹਨ। ਮੈਂ ਪੁਛਦਾ ਹਾਂ ਕਿ ਸਿਖਾਂ ਨੇ ਕੀ ਫਿਰਕਾ ਪਸਤੀ ਵਖਾਈ ਹੈ। ਫਿਰਕਾ ਪ੍ਰਸਤੀ ਤੇ ਫੇਰ ਹੀ ਵਖਾਈ ਜਾ ਸਕਦੀ ਹੈ ਜੇ ਉਨ੍ਹਾਂ ਦੇ ਹੱਥ ਵਿਚ ਹਕੂਮਤ ਦੀ ਬਾਗ ਡੋਰ ਹੋਵੇ। ਮੈਨੂੰ ਦਸਿਆ ਜਾਏ ਕਿ 1947 ਦੇ ਬਾਅਦ ਦੀ ਕੋਈ ਇਹੋ ਜਿਹਾ ਵਾਕਿਆ ਹੋਇਆ ਹੈ ਜਦੋਂ ਕਿਸੇ ਸਿਖ ਨੇ ਕਿਸੇ ਹਿੰਦੂ ਨਾਲ ਕੋਈ ਧੋਕਾ ਕੀਤਾ ਹੋਵੇ। ਸਾਡੇ ਸਾਹਮਣੇ ਕੋਈ field ਨਹੀਂ ਸੀ ਕਿ ਅਸੀਂ ਕਿਸੇ ਨਾਲ ਫਿਰਕਾਦਾਰੀ ਦੇ ਭਾਵ ਨਾਲ ਵਰਤ ਸਕਦੇ। ਜੇ ਕਦੇ ਕੋਈ movement ਚਲਾਉਣ ਦਾ ਮੌਕਾ ਆਇਆ ਹੈ ਤਾਂ ਅਮਨ ਨਾਲ ਆਪਣੇ ਸਿਰ ਤੇ ਮੁਸੀਬਤਾਂ ਝੇਲ ਕੇ ਜੇਲਾਂ ਭਰੀਆਂ। ਇਨ੍ਹਾਂ ਮੌਕਿਆਂ ਤੇ ਅਸਾਂ ਜ਼ਬਤ ਤੇ ਅਮਨ ਦਾ ਸਬੂਤ ਦਿਤਾ ਹੈ। ਮੇਰੇ ਵੀਰ ਕੋਈ ਇਹੋ ਜਿਹੇ ਮੌਕੇ ਦੀ ਮਿਸਾਲ ਨਹੀਂ ਦੇ ਸਕਦੇ ਕਿ ਮੋਰਚੇ ਦੇ ਬਾਅਦ ਸਿਖਾਂ ਨੇ ਕਿਸੇ ਨਾਲ ਵਧੀਕੀ ਕੀਤੀ ਹੋਵੇ। ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਾਂਗਰਸ ਜਿਹੜੀ nationalism ਦਾ ਨਾਰਾ ਲਉਂਗਾਂਦੀ ਹੈ ਉਹ ਸਾਨੂੰ

ਸਰਦਾਰ ਅਜਮੇਰ ਸਿੰਘ]

ਆਪਣੇ ਨਾਲ carry ਨਹੀਂ ਕਰ ਸਕੀ। ਜਦੋਂ ਗਵਰਨਮੈਂਟ ਟ੍ਰਾਂਸਪੋਰਟ ਜਾਂ ਜ਼ਮੀਨ ਸੰਬੰਧੀ ਕੋਈ ਕਾਨੂਨ ਬਨਾ ਕੇ ਸਿਖਾਂ ਨਾਲ ਫਿਰਕਾ ਪ੍ਰਸਤੀ ਕਰਦੀ ਸੀ ਤਾਂ ਕੀ ਫਿਰਕਾ ਪ੍ਰਸਤ ਨੂੰ ਫਿਰਕਾ ਪ੍ਰਸਤ ਕਹਿਣਾ ਕੋਈ ਫਿਰਕਾ ਪ੍ਰਸਤੀ ਹੁੰਦੀ ਹੈ। ਫਿਰਕਾ ਪ੍ਰਸਤੀ ਉਹ ਹੁੰਦੀ ਹੈ ਜਦੋਂ ਕਿਸੇ ਦੇ ਹੱਥ ਵਿਚ ਤਾਕਤ ਹੋਵੇ ਤੇ ਉਹ ਦੂਜਿਆਂ ਨਾਲ ਫਿਰਕਾਦਾਰੀ ਦੇ ਭਾਵ ਨਾਲ ਵਰਤੇ। ਮੈਂਨੂੰ ਸਮਝ ਨਹੀਂ ਆਉਂਦੀ ਕਿ ਪੰਜਾਬ ਵਿਚ ਕਾਂਗਰਸੀ ਨੇਤਾਵਾਂ ਨੂੰ ਕੀ ਹੋ ਗਿਆ ਹੈ ਜਿਨ੍ਹਾਂਦੇ ਹੱਥ ਵਿਚ ਇਸ ਵੇਲੇ ਹਕੂਮਤ ਦੀ ਬਾਗ ਡੋਰ ਹੈ, ਜਿਹੜੇ ਕਹਿੰਦੇ ਹਨ ਕਿ ਜੇ ਪੰਜਾਬੀ ਸੂਬਾ ਬਣ ਗਿਆ ਤਾਂ ਹਿੰਦੂ ਉਥੇ ਨਹੀਂ ਰਹਿ ਸਕਨਗੇ, ਉਨ੍ਹਾਂ ਦੀ ਇਸ ਸਿਆਣਪ ਨੂੰ ਮੈਂ ਸਮਝ ਨਹੀਂ ਸਕਿਆ। ਮੈਂ ਕਹਿੰਦਾ ਹਾਂ ਕਿ ਹਿੰਦੁਸਤਾਨ ਵਿਚ ਚਾਰ ਕਰੋੜ ਮੁਸਲਮਾਨ ਵਸਦੇ ਹਨ ਜੇ ਉਹ ਕਹਿਣ ਕਿ ਅਸਾਂ ਹਿੰਦੂਆਂ ਦੇ ਸੂਬੇ ਵਿਚ ਨਹੀਂ ਵਸਣਾ ਤਾਂ ਤੁਹਾਡੇ ਕੋਲ ਕੀ ਦਲੀਲ ਰਹਿ ਜਾਂਦੀ ਹੈ। ਇਹ ਗਲਾਂ ਕਹਿਣ ਦੀਆਂ ਹਨ ਕਿ ਪੰਜਾਬੀ ਸੂਬੇ ਵਿਚ ਸਿਖਾਂ ਦੀ ਬਹੁ ਗਿੰਣਤੀ ਹੋ ਜਾਏਗੀ ਤੇ ਹਿੰਦੂਆਂ ਦੇ ਖਿਲਾਫ ਮਾਰਧਾੜ ਸ਼ੁਰੂ ਹੋ ਜਾਏਗੀ। ਮੈਂ ਕਹਿੰਦਾ ਹਾਂ ਫੌਜਾਂ ਤੁਹਾਡੇ ਕੋਲ ਹੋਣ ਗੀਆਂ, ਸੈਂਟਰ ਦਾ ਉਸ ਤੇ ਪੂਰਾ ਪੂਰਾ control ਹੋਵੇਗਾ ਤਾਂ ਹਿੰਦੁਸਤਾਨ militarily ਕਮਜ਼ੋਰ ਕਿਸ ਤਰ੍ਹਾਂ ਹੋ ਸਕਦਾ ਹੈ। ਮੈਂਨੂੰ ਆਪਣੇ ਮਾਨਯੋਗ ਮਿਤ੍ਰ ਪ੍ਰਿੰਸੀਪਲ ਰਲਾ ਰਾਮ ਤੇ ਬੜਾ ਅਫਸੋਸ ਆਉਂਦਾ ਹੈ ਕਿ ਉਨ੍ਹਾਂ ਨੂੰ ਇਸ ਸੰਬੰਧ ਵਿਚ ਦੀਦਾ ਦਾਨਿਸਤਾ ਗਲਤ ਗਲਾਂ ਕੀਤੀਆਂ ਹਨ। ਕੀ ਮਹਾਂ ਪੰਜਾਬ ਬਨਣ ਨਾਲ ਸੂਬਾ ਤਕੜਾ ਹੋ ਜਾਏਗਾ। ਮੈਂ ਪੁਛਦਾ ਹਾਂ ਕਿ ਕੀ ਮਹਾਂ ਪੰਜਾਬ ਵਿਚ ਮਹਾਂ ਪੰਜਾਬ ਦੀਆਂ ਫੌਜਾਂ ਹੋਣ ਗੀਆਂ। ਕੀ ਜਦੋਂ ਮਹਾਂ ਪੰਜਾਬ ਬਨ ਜਾਏਗਾ ਤਾਂ ਉਨ੍ਹਾਂ ਨੂੰ ਇਸ ਗਲ ਦੀ ਅਜਾਜ਼ਤ ਹੋਵੇਗੀ ਕਿ ਉਹ ਆਪਣੀਆਂ ਫੌਜਾਂ ਆਪ ਭਰਤੀ ਕਰ ਲੈਣ। ਕੀ ਉਨ੍ਹਾ ਦਾ ਇਹ ਖਿਆਲ ਹੈ ਕਿ ਪੰਜਾਬ ਨਾਲ ਪਹਾੜੀ ਅਲਾਕਾ ਮਿਲਾ ਕੇ ਸਰਕਾਰ ਹਰਯਾਨਾ ਪ੍ਰਾਂਤ ਦਿਆਂ ਲੋਕਾਂ ਨੂੰ ਖੁਸ਼ ਕਰਨਾ ਚਾਹੁੰਦੀ ਹੈ। ਕੀ ਹਰਯਾਨਾ ਪ੍ਰਾਂਤ ਦੇ ਲੋਕ ਇਸ ਤਰ੍ਹਾਂ ਸਰਹਦ ਤੇ ਲੜਦੇ ਰਹਿਣਗੇ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਸੈਂਕੜੇ ਸਾਲਾਂ ਦੀ ਹਿਸਟਰੀ ਹੈ ਕਿ ਸਿਖ ਜੰਗਜੂ ਕੌਮ ਹਨ। ਸਾਨੂੰ ਹਾਲੇ ਤਕ ਮੌਕਾ ਨਹੀਂ ਆਇਆ ਕਿ ਅਸੀਂ ਆਜ਼ਾਦ ਦੇਸ਼ ਲਈ ਕੋਈ ਕੁਰਬਾਨੀਆਂ ਕਰ ਸਕੀਏ।

ਅਸੀਂ ਨਹੀਂ ਚਾਹੁੰਦੇ ਕਿ ਦੇਸ਼ ਵਿਚ ਲੜਾਈ ਹੋਵੇ। ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਜੇ ਕੋਈ ਅਜਿਹਾ ਮੌਕਾ ਆਇਆ ਤਾਂ ਜਿਹੜੀ ਕੁਰਬਾਨੀ ਸਿਖ ਕਰ ਸਕੇਗਾ ਹੋਰ ਕੋਈ ਨਹੀਂ ਕਰ ਸਕੇਗਾ। ਇਸ ਸਰਹੱਦ ਤੇ ਬੈਠਿਆਂ ਕੁਰਬਾਨੀ ਸਿਖ ਹੀ ਕਰ ਸਕਦਾ ਹੈ। ਉਸ ਨੂੰ ਸੰਤੁਸ਼ਟ ਕਰਨ ਲਈ ਕੋਈ ਆਫਤ ਨਹੀਂ ਆ ਜਾਵੇਗੀ।

ਮੈਨੂੰ ਪ੍ਰਿੰਸੀਪਲ ਸਾਹਿਬ ਤੇ ਅਫਸੋਸ ਹੈ ਜਿਨ੍ਹਾਂ ਨੇ ਕਿਹਾ ਹੈ ਕਿ "ਪੰਜਾਬੀ ਸੂਬਾ ਨਾ ਬਣਾਇਆ ਜਾਵੇ ਅਤੇ ਇਸ ਲਾਨਤ ਤੋਂ ਸਾਨੂੰ ਬਚਾਇਆ ਜਾਵੇ।" ਮੈਂ ਕਹਿੰਦਾ ਹਾਂ ਕਿ ਲਾਨਤ ਤਾਂ ਪੰਜਾਬ ਦੀ ਮੌਜੂਦਾ state ਹੈ ਅਤੇ ਮਹਾਨ ਪੰਜਾਬ ਦੀ state ਹੋਵੇਗੀ। ਧੱਕੇ ਨਾਲ ਹਿਮਾਚਲ ਨੂੰ ਵੀ ਸ਼ਾਮਲ ਕਰਨਾ ਚਾਹੁੰਦੇ ਹਨ ਕਿਉਂ ਜੋ ਉਥੇ permits countersign ਨਹੀਂ ਕੀਤੇ ਜਾਂਦੇ। ਉਥੋਂ ਦੇ ਜੰਗਲਾਂ ਦੇ ਠੇਕੇ ਸਾਡੇ ਦੋਸਤਾਂ ਨੇ ਲੈ ਰਖੇ ਹਨ ਤੇ ਚਾਹੁੰਦੇ ਹਨ ਕਿ ਉਥੋਂ ਦੇ ਲੋਕਾਂ ਨੂੰ ਜੰਗਲਾਂ ਤੋਂ ਫਾਇਦਾ ਨਾ ਹੋਵੇ। ਇਨ੍ਹਾਂ ਦਲੀਲਾਂ ਦੀ ਬਿਨਾਂ ਤੇ ਉਹ ਮਹਾਂ ਪੰਜਾਬ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੀਆਂ ਸਬ ਚੀਜ਼ਾਂ ਤੋਂ ਇਹ ਆਪ ਫਾਇਦਾ ਉਠਾਉਣਾ ਚਾਹੁੰਦੇ ਹਨ, ਉਥੇ ਜਾ ਕੇ industries ਸ਼ੁਰੂ ਕਰਨਾ ਚਾਹੁੰਦੇ ਹਨ।

ਹਰਿਆਨੇ ਵਾਲਿਆਂ ਨੂੰ ਕਹਿੰਦੇ ਹਨ 'ਆਓ ਮਿਲ ਕੇ ਫੈਸਲਾ ਕਰ ਲਈਏ।' ਅਜ ਉਨ੍ਹਾਂ ਨੂੰ ਇਹ ਖਿਆਲ ਆਇਆ ਹੈ। ਕਹਿੰਦੇ ਨੇ ਕਿ ਉੱਜੜ ਪੁੱਜੜ ਕੇ ਉਧਰੋਂ ਲੋਕ ਆਏ ਹਨ, ਇਸ ਕਰ ਕੇ ਹਰਿਆਣਾ ਵਖਰਾ ਨਹੀਂ ਹੋਣਾ ਚਾਹੀਦਾ। ਉਧਰ ਦੀਆਂ ਕੁਰਬਾਨੀਆਂ ਦੇ ਇਨਾਮ ਦੇ ਤੌਰ ਤੇ ਉਸ ਨੂੰ ਵੀ ਲੈਣਾ ਚਾਹੁੰਦੇ ਹਨ। ਇਸ report ਵਿਚ ਆਖਿਆ ਗਿਆ ਹੈ ਕਿ ਕਿਸੇ ਦੀ ਮਰਜ਼ੀ ਦੇ ਖਿਲਾਫ ਕਿਸੇ ਨੂੰ ਕਿਸੇ ਨਾਲ ਸ਼ਾਮਲ ਨਹੀਂ ਕੀਤਾ ਜਾਵੇਗਾ।

ਫੇਰ ਕਿਹਾ ਹੈ ਕਿ ਪੰਜਾਬੀ ਸੂਬੇ ਦੇ ਬਣਨ ਨਾਲ ਦੇਸ਼ ਦੀ unity ਨੂੰ ਧੱਕਾ ਲਗੇਗਾ। ਇਸ ਦਲੀਲ ਦੇ ਦੇਣ ਵਾਲੇ ਸੋਚ ਕੇ ਗੱਲ ਨਹੀਂ ਕਰਦੇ। ਧੱਕਾ ਤਾਂ ਉਸ ਸੂਰਤ ਵਿਚ ਲੱਗਾ ਗਾ ਜੇ ਪੰਜਾਬ ਹਿੰਦੁਸਤਾਨ ਤੋਂ ਬਾਹਰ ਚਲਾ ਜਾਵੇ।

श्री रला राम ; On a point of personal explanation. मैं ने फिरका दारी की लानत का ज़िकर किया था।

ਸਰਦਾਰ ਅਜਮੇਰ ਸਿੰਘ : ਜੇ ਪੰਜਾਬੀ ਸੂਬਾ ਵਿਚ ਸਿੱਖਾਂ ਦੀ ਫਿਰਕਾਦਾਰੀ ਦੀ ਲਾਨਤ ਹੋਵੇਗੀ, ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੌਜੂਦਾ ਪੰਜਾਬ ਵਿਚ ਹਿੰਦੂਆਂ ਦੀ ਫਿਰਕਾਦਾਰੀ ਦੀ ਲਾਨਤ ਹੈ ਤੇ ਮਹਾਂ ਪੰਜਾਬ ਵਿਚ ਵੀ ਹੋਵੇਗੀ।

ਦੇਸ਼ ਦੀ unity ਨੂੰ ਧੱਕਾ ਤਾਂ ਲਗੇਗਾ ਜੇ discontented elements ਨੂੰ ਇਕਠਿਆਂ ਕਰ ਦਿੱਤਾ ਜਾਵੇਗਾ, contented elements ਨਾਲ unity ਨੂੰ ਧੱਕਾ ਕਦੇ ਨਹੀਂ ਲਗ ਸਕਦਾ। ਮਹਾਰਾਸ਼ਟਰ ਤੇ ਬੰਬਈ ਵਿਚ ਹਾਲਾਤ ਜੋ ਸ਼ਕਲ ਅਖਤਿਆਰ ਕਰ ਗਏ ਹਨ ਉਹ ਸਭ ਦੇ ਸਾਹਮਣੇ ਹੈ। ਪਹਿਲੇ ਜ਼ਮਾਨੇ ਵਿਚ ਛੋਟੀਆਂ ੨ ਰਿਆਸਤਾਂ ਹੋਇਆ ਕਰਦੀਆਂ ਸਨ ਜਿਨ੍ਹਾਂ ਕਰ ਕੇ foreign invaders ਨੇ ਦੇਸ਼ ਨੂੰ ਗੁਲਾਮ ਬਣਾਈ ਰਖਿਆ। ਅੱਜ ਦੀਆਂ states ਤਾਂ ਦੇਸ਼ ਦੇ ਸੂਬੇ ਹਨ, ਕੋਈ sovereign independent states ਨਹੀਂ ਜੋ ਇਕ ਦੀ ਲੜਾਈ ਹੋਵੇ ਤੇ ਦੂਜੀਆਂ ਉਸ ਦੀ ਮਦਦ ਨਾ ਕਰਨ। ਲਾਨਤ ਤਾਂ ਉਹ ਸੀ ਜਿਹੜੀ ਮਜ਼ਹਬ ਦੀ ਬਿਨਾ ਤੇ ਵੰਡ ਕੀਤੀ ਗਈ ਸੀ।

ਜੇ military strength ਦੇ point of view ਤੋਂ ਮਹਾਂ ਪੰਜਾਬ recommend ਕੀਤਾ ਗਿਆ ਹੈ ਤਾਂ S. R. C. ਨੇ 30 ਲੱਖ ਤੋਂ ਲੈ ਕੇ 6 ਕਰੋੜ ਦੀ ਆਬਾਦੀ ਤਕ ਦੀਆਂ states ਕਿਉਂ recommend ਕੀਤੀਆਂ ਗਈਆਂ ਹਨ।

(*At this State the hon. speaker occupied the Chair*).

ਜੰਮੂ ਕਸ਼ਮੀਰ ਦੀ ਅਬਾਦੀ ੫੦ ਲਖ, viderbha ਦੀ ੭੩ ਲਖ ਪਰ ਪੰਜਾਬੀ ਸੂਬੇ ਦੀ ਅਬਾਦੀ ੯੩ ਲਖ ਹੋਵੇਗੀ। ਕਈ ਸੂਬੇ ਪੰਜਾਬੀ ਸੂਬੇ ਤੋਂ ਛੋਟੇ ਹੋਣਗੇ ਤਾਂ ਕੀ ਹਿੰਦੁਸਤਾਨ Militarily ਕਮਜ਼ੋਰ ਨਾ ਹੋ ਜਾਵੇਗਾ। ਸਾਡੀ Central Government ਬੜੀ strong ਹੈ। system unitary ਜਿਆਦਾ ਹੈ federal ਬਹੁਤ ਘੱਟ। ਸਾਰੇ ਦੇਸ਼ ਵਿਚ ਹਿਫਾਜ਼ਤ ਦੀ ਜ਼ਿੰਮੇਵਾਰੀ Cenrtal Government ਪਰ ਹੈ। ਪੰਜਾਬ ਵਿਚ ਸਿੱਖਾਂ ਦੀ ਗਿਣਤੀ ਕੁਝ ਵਧ ਜਾਣ ਨਾਲ ਮੁਲਕ ਨੂੰ ਕੋਈ ਖਤਰਾ ਪੈਦਾ ਨਹੀਂ ਹੋ ਜਾਣਾ। ਸਾਡੇ demand ਨੂੰ oppose ਕਰਨ ਦਾ ਮਤਲਬ ਇਹੋ ਹੈ ਕਿ ਸਿਖਾਂ ਤੇ ਇਤਬਾਰ ਨਹੀਂ ਕੀਤਾ ਜਾਂਦਾ ਜੇ ਇਸ ਨੂੰ ਨਾ ਮੰਨਿਆ ਗਿਆ ਤਾਂ ਇਸ ਦੇ ਨਤੀਜੇ ਬੁਰੇ ਨਿਕਲ ਸਕਦੇ ਹਨ।

[ਸਰਦਾਰ ਅਜਮੇਰ ਸਿੰਘ]

ਫਿਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਚੂੰਕਿ ਭਾਖੜਾ ਤੋਂ ਨਹਿਰਾਂ ਨਿਕਲਦੀਆਂ ਹਨ ਤੇ ਹਰਿਆਨੇ ਵਿਚ ਜਾਂਦੀਆਂ ਹਨ, ਇਸ ਕਰ ਕੇ ਹਿਮਾਚਲ, Pepsu ਤੇ ਪੰਜਾਬ ਨੂੰ ਕੱਠਾ ਹੋ ਜਾਣਾ ਚਾਹੀਦਾ ਹੈ । ਇਹ ਵੀ ਕੋਈ ਦਲੀਲ ਹੈ । ਦੇਸ਼ ਵਿਚ ਕਈ ਥਾਵਾਂ ਤੋਂ ਨਹਿਰਾਂ ਨਿਕਲਦੀਆਂ ਹਨ ਤੇ ਬਿਜਲੀ ਪੈਦਾ ਕੀਤੀ ਜਾਂਦੀ ਹੈ ਤੇ ਪਤਾ ਨਹੀਂ ਕਿਥੇ ਕਿਥੇ ਉਹ ਪਾਣੀ ਤੇ ਬਿਜਲੀ supply ਕੀਤੇ ਜਾਂਦੇ ਹਨ । ਕੀ ਸਭ ਥਾਵਾਂ ਨੂੰ ਮਿਲਾ ਕੇ ਇਕ ਸੂਬਾ ਬਣਾ ਦਿੱਤਾ ਜਾਵੇ । ਇਸ ਤਰ੍ਹਾਂ ਤਾਂ ਸਾਰਾ ਮੁਲਕ ਇਕੋ ਸੂਬਾ ਹੋ ਜਾਏਗਾ । ਪਾਕਿਸਤਾਨ ਨੂੰ ਵੀ ਏਥੋਂ ਪਾਣੀ ਤੇ ਬਿਜਲੀ ਦਿੱਤੀ ਜਾਂਦੀ ਹੈ । ਫਿਰ ਤਾਂ ਉਸਨੂੰ ਵੀ ਪੰਜਾਬ ਵਿਚ ਸ਼ਾਮਲ ਕਰ ਲੈਣਾ ਚਾਹੀਦਾ । U.P. ਨੂੰ ਵੀ ਸ਼ਾਮਲ ਕਰ ਦਿੱਤਾ ਜਾਵੇ । ਸਾਰਾ ਹਿੰਦੁਸਤਾਨ ਇਕ State ਹੋ ਜਾਂਵੇ ਤਾਂ Militarily ਬਹੁਤ Strong ਹੋ ਜਾਵੇਗਾ ।

ਕਾਂਗਰਸ ਦੇ ਆਪਣੇ ਅਸੂਲਾਂ ਤੇ ਪੰਜਾਬੀ ਸੂਬਾ ਪੂਰਾ ਉਤਰਦਾ ਹੈ । ਇਹ ਚੀਜ਼ ਨਹੀਂ ਦੇਖਣੀ ਚਾਹੀਦੀ ਕਿ ਏਥੇ ਵਸਣ ਵਾਲੇ ਕੌਣ ਹੋਣਗੇ । ਆਖਰ ਹੋਣਗੇ ਤਾਂ ਉਹ ਵੀ ਹਿੰਦੁਸਤਾਨੀ ਸਿਖ ਇਕ ਬਹਾਦੁਰ ਅਕਲੀਅਤ ਹਨ, ਉਨ੍ਹਾਂ ਨੂੰ ਸੰਤੁਸ਼ਟ ਕਰਨਾ ਇਕ ਬੜਾ ਅਹਿਮ ਮਸਲਾ ਹੈ । ਮਹਾ ਪੰਜਾਬ ਨਾਲ ਉਹ ਸੰਤੁਸ਼ਟ ਨਹੀਂ ਹੋ ਸਕਦੇ । ਮਹਾਂ ਪੰਜਾਬ ਬਣਾਉਣ ਦਾ ਇਕ ਹੀ ਤਰੀਕਾ ਹੈ ਕਿ ਅਕਲੀਅਤ ਦਾ ਗਲਾ ਘੁਟ ਦਿਤਾ ਜਾਵੇ । ਮਹਾਂ ਪੰਜਾਬ ਬਣਨ ਨਾਲ ਤਾਂ Pepsu ਵੀ ਉਨ੍ਹਾਂ ਤੋਂ ਖੁਸ ਜਾਵੇਗਾ ।

6 p. m.

